


The Punjabi Newspaper
ਪੰਜਾਬੀ ਅਖ਼ਬਾਰ
ਪੰਜਾਬੀਅਤ ਦਾ ਪਰਚਮ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 239 Website : www.punjabiakhbaar.ca Emaiĺ: editor@punjabiakhbaar.ca Friday, 8 March 2024

# ਕੈਲਗਰੀ ਵਿਖੇ ਨਵੀਂ ਐਮਬਲੈਟਨ ਕਮਿਊਨਿਟੀ ਦੇ ਸ਼ੋਅ ਹੋਮਜ਼ 9 ਮਾਰਚ ਨੂੰ ਖੁੱਲਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸ਼ਹਿਰ ਦੀ ਦਿਨੋ ਦਿਨ ਵਧਦੀ ਆਬਾਦੀ ਲਈ ਰਿਹਾਇਸ਼ੀ ਮਕਾਨ ਬਣਾਉਣ ਵਾਲਿਆਂ ਵਿੱਚ ਕੁਆਲਿਕੋ ਕਮਿਊਨਿਟੀ ਦੀ ਰਹਿਨੁਮਾਈ ਹੇਠ ਨਵੀਆਂ ਕਮਿਊਨਿਟੀਆਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਸਟੋਨੀ ਟਰੇਲ ਉੱਪਰ ਸਥਿੱਤ 14 ਸਟਰੀਟ ਨਾਰਥ ਵੈਸਟ ਅਤੇ 144 ਐਵਨਿਊ ਨਾਰਥ ਵੈਸਟ ਕੈਲਗਰੀ ਦਾ ਏਰੀਆ ਹੈ ਜਿੱਥੋਂ ਤੁਸੀਂ ਡਾਊਨਟਾਊਨ ਜਾਣ ਲਈ ਆਸਾਨੀ ਮਹਿਸੂਸ ਕਰਦੇ ਹੋ ਅਤੇ ਜੇਕਰ ਕੈਲਗਰੀ ਤੋਂ ਬਾਹਰ ਜਾਣਾ ਹੈ ਤਾਂ ਹਾਈਵੇਅ ਨੰਬਰ 1 ਅਤੇ 2 ਤੁਹਾਡੇ




ਮੱਦਦਗਾਰ ਸਾਬਿਤ ਹੁੰਦੇ ਹਨ। ਇਸ ਕਮਿਊਨਿਟੀ ਵਿੱਚ ਘਰ ਬਣਾਕੇ ਤੁਸੀਂ ਇਸ ਤਰਾਂ ਮਹਿਸੂਸ ਕਰੋਗੇ ਕਿ ਸਭ ਕੁੱਝ ਹੀ ਤੁਹਾਡੇ ਨੇੜੇ-ਤੇੜੇ ਹੀ ਹੈ। 9 ਮਾਰਚ 2024 ਵਾਲੇ ਦਿਨ ਦੁਪਹਿਰ 1 ਵਜੇ ਤੋਂ ਲੈਕੇ ਸਾਮ 4 ਵਜੇ ਤੱਕ ਨਵੇਂ ਖੁੱਲ ਰਹੇ ਸ਼ੋਅ ਹੋਮਜ਼ ਵੇਖਣ ਲਈ ਤੁਹਾਨੂੰ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ। ਉਸ ਦਿਨ ਜਦੋਂ ਤੁਸੀਂ ਆਵੋਗੇ ਤਾਂ ਚਾਹ-ਕਾਫੀ ਦੀਆਂ ਚੁਸਕੀਆਂ ਦੇ ਨਾਲ ਨਾਲ ਜਿਥੇ ਨਵੀਂ ਜਾਣਕਾਰੀ ਮਿਲੇਗੀ, ਉੱਥੇ ਲੱਕੀ ਇਨਾਮਾਂ ਵਾਲਾ ਚੱਕਰ ਵੀ ਘੁੰਮੇਗਾ ਹੋ ਸਕਦੈ ਤੁਸੀਂ ਵੀ ਕਿਸੇ ਵੱਡੇ ਇਨਾਮ ਦੇ ਹੱਕਦਾਰ ਬਣ ਜਾਵੋ। ਵਧੇਰੇ ਜਾਣਕਾਰੀ ਲਈ ਪੇਜ ਨੰਬਰ 5 ਦੇਖ ਸਕਦੇ ਹੋ।

# ਪੰਜਾਬ ਸਰਕਾਰ ਨੇ 2024-25 ਲਈ 2 ਲੱਖ ਕਰੋੜ ਰੁਪਏ ਤੋਂ ਵੱਧ ਦਾ ਬਜਟ ਪੇਸ਼ ਕੀਤਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿੱਤੀ ਸਾਲ 2024-25 ਲਈ ਸੂਬੇ ਦਾ 2,04,918 ਕਰੋੜ ਰੁਪਏ ਤੋਂ ਵੱਧ ਦਾ ਬਜਟ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਬਜਟ ਮੁੱਖ ਤੌਰ 'ਤੇ ਸਿਹਤ ਅਤੇ ਸਿੱਖਿਆ ਖੇਤਰਾਂ 'ਤੇ ਕੇਂਦਰਿਤ ਹੈ। ਸੂਬਾ ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਦਿਆਂ ਸ੍ਰੀ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੋਈ ਨਵਾਂ ਟੈਕਸ ਨਹੀਂ ਲਗਾਇਆ, ਜਿਸ ਨਾਲ 2024-25 ਵਿੱਚ ਕੁੱਲ



1,03,936 ਕਰੋੜ ਰੁਪਏ ਦੀ ਮਾਲੀਆ ਪ੍ਰਾਪਤੀਆਂ ਹੋਣ ਦੀ ਉਮੀਦ ਹੈ, ਜਿਸ ਵਿੱਚੋਂ ਆਪਣਾ ਟੈਕਸ ਮਾਲੀਆ 58,900 ਕਰੋੜ ਰੁਪਏ ਹੋਵੇਗਾ। ਉਨ੍ਹਾਂ ਕਿਹਾ ਕਿ ਰਾਜ ਨੂੰ ਕੇਂਦਰੀ ਟੈਕਸਾਂ ਤੋਂ ਆਪਣੇ ਹਿੱਸੇ ਵਜੋਂ 22,041 ਕਰੋੜ ਰੁਪਏ ਅਤੇ ਕੇਂਦਰ ਤੋਂ ਸਹਾਇਤਾ ਵਜੋਂ 11,748 ਕਰੋੜ ਰੁਪਏ ਮਿਲਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਦੋ ਸਾਲਾਂ ਵਿੱਚ 40000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਕੁੱਲ ਸਾਲਾਨਾ ਖਰਚੇ ਵਿੱਚੋਂ 13,784 ਕਰੋੜ ਰੁਪਏ ਖੇਤੀਬਾੜੀ ਲਈ ਅਤੇ 16,987 ਕਰੋੜ ਰੁਪਏ ਸਿੱਖਿਆ ਲਈ ਰੱਖੇ ਹਨ।

# ਸ਼ਾਹਬਾਜ਼ ਸ਼ਰੀ.ਫ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਜੋਂ ਹਲ.ਫ ਲਿਆ

ਇਸਲਾਮਾਬਾਦ (ਪੰਜਾਬੀ ਅਖਬਾਰ ਬਿਊਰੋ) ਪੀਐੱਮਐੱਲ-ਐੱਨ ਆਗੂ ਸ਼ਾਹਬਾਜ਼ ਸ਼ਰੀ.ਫ (72) ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਜੋਂ ਹਲ.ਫ ਲੈ ਲਿਆ ਹੈ। ਦੇਸ਼ ਨੂੰ ਦਰਪੇਸ਼ ਆਰਥਿਕ ਅਤੇ ਸੁਰੱਖਿਆ ਚੁਣੌਤੀਆਂ ਦਰਮਿਆਨ ਉਨ੍ਹਾਂ ਲਗਾਤਾਰ ਦੂਜੀ ਵਾਰ ਦੇਸ਼ ਦੀ ਵਾਗਡੋਰ ਸੰਭਾਲੀ ਹੈ। ਰਾਸ਼ਟਰਪਤੀ ਆਰਿ.ਫ ਅਲਵੀ ਨੇ



'ਐਵਾਨ-ਏ-ਸਦਰ' ਵਿੱਚ ਹੋਏ ਸਮਾਗਮ ਦੌਰਾਨ ਸ਼ਾਹਬਾਜ਼ ਨੂੰ ਹਲ.ਫ ਦਿਵਾਇਆ। ਹਲ.ਫਦਾਰੀ ਸਮਾਗਮ ਦੌਰਾਨ ਤਿੰਨੋਂ ਸੈਨਾਵਾਂ ਦੇ ਮੁਖੀ, ਸੀਨੀਅਰ ਅਧਿਕਾਰੀ, ਡਿਪਲੋਮੈਟ, ਉੱਘੇ ਕਾਰੋਬਾਰੀ ਅਤੇ ਹੋਰ ਪਤਵੰਤੇ ਹਾਜ਼ਰ ਸਨ। ਇਸ ਮੌਕੇ ਕਾਰਜਕਾਰੀ ਪ੍ਰਧਾਨ ਮੰਤਰੀ ਅਨਵਰਉੱਲ ਹੱਕ ਕਾਕਰ ਦੇ ਨਾਲ ਸਾਬਕਾ ਪ੍ਰਧਾਨ ਮੰਤਰੀ ਤੇ ਸ਼ਾਹਬਾਜ਼ ਦੇ ਭਰਾ ਨਵਾਜ਼ ਸ਼ਰੀ.ਫ, ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਅਤੇ ਸਿੰਧ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਸ਼ਾਹਬਾਜ਼ ਅਪਰੈਲ 2022 ਤੋਂ ਅਗਸਤ 2023 ਤੱਕ ਗੱਠਜੋੜ ਸਰਕਾਰ ਦੇ ਪ੍ਰਧਾਨ ਮੰਤਰੀ ਰਹੇ ਸਨ। ਬੇਭਰੋਸਗੀ ਦੇ ਮਤੇ ਰਾਹੀਂ ਇਮਰਾਨ ਨੂੰ ਸੱਤਾ ਤੋਂ ਲਾਂਭੇ ਕਰਨ ਮਗਰੋਂ ਜਦੋਂ ਸ਼ਾਹਬਾਜ਼ ਪ੍ਰਧਾਨ ਮੰਤਰੀ ਅਹੁਦੇ ਲਈ ਚੁਣੇ ਗਏ ਸਨ ਤਾਂ ਅਲਵੀ ਨੇ ਸਿਹਤ ਨਾਸਾਜ਼ ਹੋਣ ਦਾ ਬਹਾਨਾ ਬਣਾ ਕੇ ਉਨ੍ਹਾਂ ਨੂੰ ਹਲ.ਫ ਦਿਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਸੈਨੇਟ ਚੇਅਰਮੈਨ ਸਾਦਿਕ ਸੰਜਰਾਨੀ ਨੇ ਸ਼ਾਹਬਾਜ਼ ਨੂੰ ਹਲ.ਫ ਦਿਵਾਇਆ ਸੀ। ਹੁਣ ਵੀ ਮੰਨਿਆ ਜਾ ਰਿਹਾ ਸੀ ਕਿ ਅਲਵੀ ਸਮਾਗਮ ਤੋਂ ਦੂਰ ਰਹਿ ਸਕਦੇ ਹਨ ਪਰ ਉਹ ਹਲ.ਫ ਦਿਵਾਉਣ ਲਈ ਰਾਜ਼ੀ ਹੋ ਗਏ ਸਨ। ਸ਼ਾਹਬਾਜ਼ ਨੇ ਨਵੀਂ ਚੁਣੀ ਗਈ ਸੰਸਦ 'ਚ ਬੀਤੇ ਦਿਨੀ ਨੂੰ ਵਿਰੋਧੀ ਧਿਰ ਦੀ ਨਾਅਰੇਬਾਜ਼ੀ ਦਰਮਿਆਨ ਬਹੁਮਤ ਸਾਬਿਤ ਕੀਤਾ ਸੀ। ਪੀਐੱਮਐੱਲ-ਐੱਨ ਅਤੇ ਪੀਪੀਪੀ ਦੇ ਸਾਂਝੇ ਉਮੀਦਵਾਰ ਸ਼ਾਹਬਾਜ਼ ਨੂੰ 336 ਮੈਂਬਰੀ ਸੰਸਦ 'ਚ 201 ਵੋਟਾਂ ਮਿਲੀਆਂ ਸਨ ਜਦਕਿ ਵਿਰੋਧੀ ਉਮਰ ਅਯੂਬ ਖ਼ਾਨ ਨੇ 92 ਵੋਟਾਂ ਹਾਸਲ ਕੀਤੀਆਂ।

## ਕੈਨੇਡਾ ਦਾ ਬਜਟ 16 ਅਪ੍ਰੈਲ ਨੂੰ ਪੇਸ਼ ਹੋਵੇਗਾ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) - ਇਸ ਵਕ਼ਤ ਜਦੋਂ ਰਹਿਣ-ਸਹਿਣ ਦੇ ਖਰਚੇ ਜਾਂ ਮਹਿੰਗਾਈ ਵਰਗੇ ਮੁੱਦੇ ਕੈਨੇਡਾ ਦੀ ਰਾਜਨੀਤੀ 'ਤੇ ਹਾਵੀ ਹਨ, ਅਜਿਹੇ ਹਾਲਾਤਾਂ ਦੇ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ 16 ਅਪ੍ਰੈਲ ਨੂੰ ਫੈਡਰਲ ਬਜਟ ਪੇਸ਼ ਕਰਣਗੇ । ਫ੍ਰੀਲੈਂਡ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ, "ਸਾਡੀ ਆਰਥਿਕ ਯੋਜਨਾ ਤੇਜ਼ੀ ਨਾਲ ਵਧੇਰੇ ਘਰ ਬਣਾਉਣ, ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਅਤੇ ਹੋਰ ਵਧੀਆ ਨੌਕਰੀਆਂ ਪੈਦਾ ਕਰਨਾ ਹੈ।" ਇੱਥੇ ਇਹ ਵੀ ਜ਼ਿਕਰ ਬਣਦਾ ਹੈ ਕਿ ਬਜਟ ਦੀ ਇਹ ਯੋਜਨਾ ਅਜਿਹੇ ਸਮੇਂ 'ਤੇ ਆ ਰਹੀ ਹੈ ਜਦੋਂ ਉੱਚ ਵਿਆਜ ਦਰਾਂ ਆਰਥਿਕਤਾ 'ਤੇ ਰੁਕਾਵਟ ਪਾ ਰਹੀਆਂ ਹਨ ਅਤੇ ਲਿਬਰਲ ਸਰਕਾਰ 'ਤੇ ਵਿੱਤੀ ਦਬਾਅ ਵਧਾ ਰਹੀਆਂ ਹਨ।
































SOUTH POINT

A MASTER PLANNED COMMUNITY

# 70 ਏਕੜ ਵਿੱਚ ਰਿਹਾਇਸੀ ਕਮਿਊਨਿਟੀ

## ਛੇਤੀ ਵਿਕ ਰਿਹਾ ਹੈ













# NO CONDO OR HOA FEES!

403.980.1979 | VESTASOUTHPOINT.COM

VESTA PROPERTIES

Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਕੈਲਗਰੀ ਦੀ ਬਰ.ਫਾਨੀ ਸ਼ਾਮ ਨੂੰ ਵੂਮੇਨ ਐਂਮਪਾਵਰਮੈਂਟ ਦੀ ਦਸ਼ਾ ਤੇ ਦਿਸ਼ਾ ਉੱਪਰ ਭਰਵੀਂ ਵਿਚਾਰ-ਚਰਚਾ ਹੋਈ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਾਰਚ ਮਹੀਨੇ ਦੀ ਇਕੱਤਰਤਾ 2 ਮਾਰਚ, 2024 ਨੂੰ ਕੋਸੋ ਹਾਲ ਵਿੱਚ ਹੋਈ।ਸਦਾ ਲਈ ਵਿੱਛੜ ਚੁੱਕੀਆਂ ਸਖ਼ਸ਼ੀਅਤਾਂ, ਸ੍ਰ: ਸੁਰਜੀਤ ਸਿੰਘ ਪਨੂੰ, ਇਕਬਾਲ ਖਾਨ ਅਤੇ ਬਰਾਇਨ ਮਲਰੌਨੇ ਨੂੰ ਸਰਧਾਂਜ਼ਲੀ ਭੇਟ ਕੀਤੀ ਗਈ। ਪ੍ਰਧਾਨ ਜਸਵੀਰ ਸਹੋਤਾ ਜੀ ਨੇ ਸੁਰਜੀਤ ਸਿੰਘ ਪਨੂੰ ਨਾਲ ਆਪਣੀ ਸਾਂਝ ਦਾ ਵਰਨਣ ਕੀਤਾ ਅਤੇ ਉਨ੍ਹਾਂ ਨੂੰ ਮਸ਼ਹੂਰ ਢਾਡੀ ਅਤੇ ਲੇਖਕ ਸੋਹਣ ਸਿੰਘ ਸੀਤਲ ਦੀ ਸਾਹਿਤਕ ਵਿਰਾਸਤ ਦਾ ਵਾਰਿਸ ਆਖ ਸ਼ਰਧਾ ਦੇ ਫੁੱਲ ਭੇਟ ਕੀਤੇ। ਬਲਵਿੰਦਰ ਬਰਾੜ ਜੀ ਨੇ ਅਗਾਂਹਵਧੂ ਇਨਕਲਾਬੀ ਸ਼ਾਇਰ ਇਕਬਾਲ ਖਾਨ ਬਾਰੇ ਕਿਹਾ ਕਿ ਉਹ ਹਮੇਸ਼ਾਂ ਨਾਬਰੀ ਵਾਲੀ ਤੇ ਬਾ.ਗੀ ਸੁਰ ਵਾਲੀ ਗੱਲ ਕਰਦਾ ਸੀ। ਸਾਡੇ ਨਾਲੋਂ ਅੱਖਰਾਂ ਦੇ ਪ੍ਰਵਾਰ ਦਾ ਮੈਂਬਰ ਵਿੱਛੜ ਗਿਆ ਹੈ। ਗੁਰਚਰਨ ਥਿੰਦ ਨੇ ਦੱਸਿਆ ਕਿ 84 ਸਾਲ ਦੀ ਉਮਰ ਭੋਗ ਕੇ 29 ਫਰਵਰੀ ਨੂੰ ਚਲਾਣਾ ਕਰ ਗਏ ਕਨੇਡਾ ਦੇ 18ਵੇਂ ਪ੍ਰਾਈਮ ਮਨਿਸਟਰ, ਮਿਸਟਰ ਬਰਾਇਨ ਮਲਰੌਨੇ ਨੇ 1984-1993 ਦੇ ਆਪਣੇ ਨੌਂ ਸਾਲ ਦੇ ਸਾਸ਼ਨ-ਕਾਲ ਵਿੱਚ ਜੀਐਸਟੀ ਅਤੇ ਕਨੇਡਾ ਦੇ ਅਮਰੀਕਾ ਤੇ ਮੈਕਸੀਕੋ ਨਾਲ ਫਰੀ ਟ੍ਰੇਡ ਕਰਨ ਦੇ ਮਹੱਤਵਪੂਰਨ ਫੈਸਲਿਆਂ ਨੂੰ ਅੰਜ਼ਾਮ ਦਿੱਤਾ।

8 ਮਾਰਚ ਵਾਲੇ ਦਿਨ ਮਨਾਏ ਜਾ ਰਹੇ 'ਇੰਟਰਨੈਸ਼ਨਲ ਵੂਮੇਨ ਡੇ' ਤੇ ਅਧਾਰਿਤ 'ਵੂਮੇਨ ਐਂਮਪਾਵਰਮੈਂਟ ਦੀ ਦਸ਼ਾ ਤੇ ਦਿਸ਼ਾ' ਵਿਸ਼ੇ ਤੇ ਵਿਚਾਰ-ਚਰਚਾ ਸ਼ੁਰੂ ਹੋਈ। ਸਕੱਤਰ ਗੁਰਚਰਨ ਥਿੰਦ ਨੇ ਇਸ ਦਿਹਾੜੇ ਦੇ ਪਿਛੋਕੜ ਬਾਰੇ ਵਰਨਣ ਕੀਤਾ ਤੇ ਯੂ.ਐਨ.ਓ. ਵਲੋਂ ਇਹ ਦਿਨ ਜੈਂਡਰ ਇਕਵੈਲੇਟੀ (ਲਿੰਗਕ ਸਮਾਨਤਾ), ਰਿਪ੍ਰੋਡਕਟਿਵ ਰਾਈਟਸ (ਜਣਨ-ਅਧਿਕਾਰ), ਔਰਤਾਂ ਨਾਲ ਹਿੰਸਾ ਤੇ ਦੁਰਵਿਹਾਰ ਅਤੇ ਔਰਤਾਂ ਨੂੰ ਵੋਟ ਦੇਣ ਦੇ ਅਧਿਕਾਰ ਤੇ ਕੇਂਦਰਤ ਕੀਤਾ ਗਿਆ ਆਖ, ਵਿਚਾਰ-ਚਰਚਾ ਸ਼ੁਰੂ ਕੀਤੀ ਅਤੇ ਕੈਲਗਰੀ ਦੀ ਜਾਣੀ-ਪਛਾਣੀ ਸਖ਼ਸ਼ੀਅਤ ਲਲਿਤਾ ਜੀ ਨੂੰ ਸੱਦਾ ਦਿੱਤਾ। ਉਨ੍ਹਾਂ ਨੇ ਵੂਮੇਨ ਐਂਮਪਾਵਰਮੈਂਟ ਨੂੰ ਔਰਤ ਦੇ ਆਪਣੇ ਅੰਦਰ ਫੈਸਲਾ ਲੈਣ ਦੀ ਤਾਕਤ ਹੋਣਾ, ਫੈਸਲਾ ਲੈਣਾ, ਪ੍ਰਵਾਨ ਕਰਨਾ ਅਤੇ ਆਪਣਾ ਫੈਸਲਾ ਪ੍ਰਵਾਨ ਕਰਵਾਉਣ ਦੀ ਹਿੰਮਤ ਹੋਣਾ ਦੱਸਿਆ ਅਤੇ ਕਿਹਾ ਕਿ ਇਸ ਲਈ ਔਰਤ ਦਾ ਐਜੂਕੇਟ ਹੋਣਾ ਅਤੇ ਕਮਿਊਨਿਟੀ ਨੂੰ ਇਸ ਸਭ ਕਾਸੇ ਬਾਰੇ ਐਜੂਕੇਟ ਕਰਨ ਦੀ ਲੋੜ ਹੈ। ਖਾਸ ਤੌਰ ਤੇ ਲੇਖਕਾਂ ਦੁਆਰਾ ਆਪਣੀਆਂ ਲਿਖਤਾਂ ਰਾਹੀਂ ਇਸ ਕਾਰਜ ਦੀ ਜ਼ਿੰਮੇਵਾਰੀ ਨਿਭਾਉਣੀ ਬਣਦੀ ਹੈ। ਸਰਬਜੀਤ ਜਵੰਦਾ ਨੇ ਇਸ ਵਿਸ਼ੇ ਤੇ ਡਾਇਲੌਗ ਸ਼ੁਰੂ ਕੀਤੇ ਜਾਣ ਨੂੰ ਸਭ ਤੋਂ ਵੱਡੀ ਪ੍ਰਾਪਤੀ ਦੱਸਿਆ। ਸਿਰਫ਼ ਪੜ੍ਹਾਈ ਦੀਆਂ ਜਮਾਤਾਂ ਪਾਸ ਕਰਕੇ ਹੀ ਕੋਈ ਵਿਅਕਤੀ ਐਜੂਕੇਟ ਹੋਇਆ ਨਹੀਂ ਸਮਝਿਆ ਜਾ ਸਕਦਾ। ਇਹ ਇੱਕ ਸਮਾਜਿਕ ਵਰਤਾਰਾ ਹੈ ਜਿਸ ਰਾਹੀਂ ਦੋਵਾਂ ਧਿਰਾਂ ਨੂੰ ਫੈਸਲੇ ਲੈਣੇ ਤੇ ਮੰਨਣੇ ਸਿਖਾਉਣੇ ਚਾਹੀਦੇ ਹਨ। ਬਲਵਿੰਦਰ ਬਰਾੜ ਨੇ ਕਿਹਾ ਕਿ ਪੰਜਾਬ ਵਿੱਚ ਮਰਦਾਂ ਨੇ ਨਾਰੀਵਾਦ ਨੂੰ ਸ਼ੁਰੂ ਕੀਤਾ। ਗੁਰੂ ਨਾਨਕ ਦੇ ਔਰਤ ਲਈ ਉਚਾਰੇ ਬੋਲ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਅਤੇ ਅਗਲੇਰੇ ਗੁਰੂ ਸਾਹਿਬ ਵਲੋਂ ਸਤੀ ਪ੍ਰਥਾ ਦਾ ਖੰਡਨ ਕਰਨਾ ਤੋਂ ਲੈ ਕੇ ਕਵੀ ਸ਼ਿਵ ਬਟਾਲਵੀ ਵਲੋਂ 'ਲੂਣਾ' ਕਾਵਿ-ਸੰਗ੍ਰਿਹ ਵਿੱਚ ਲੂਣਾ ਦੇ ਦਰਦ ਨੂੰ ਪੇਸ਼ ਕਰ ਨਾਰੀਵਾਦ ਨੂੰ ਹੁਲਾਰਾ ਦਿੱਤਾ ਗਿਆ। ਉਨ੍ਹਾਂ ਨੇ ਮਰਦ ਨੂੰ ਔਰਤ ਨਾਲ ਸਿਰਫ਼ ਸੌਣਾ ਹੀ ਨਹੀਂ ਜਾਗਣਾ ਸਿੱਖਣ ਤੇ ਸਿਖਾਉਣ ਦੀ ਗੱਲ ਵੀ ਆਖੀ ਅਤੇ ਕਿਹਾ ਕਿ 'ਕੇਅਰਿੰਗ, ਸ਼ੇਅਰਿੰਗ, ਹੀਅਰਿੰਗ ਤੇ ਬੇਅਰਿੰਗ' ਸ਼ਾਦੀ-ਸ਼ੁਦਾ ਜ਼ਿੰਦਗੀ ਦੇ ਚਾਰ ਥੰਮ ਹਨ।

ਅਮਨਪ੍ਰੀਤ ਸਿੰਘ ਨੇ ਕਿਹਾ ਕਿ ਸਦੀਆਂ ਤੋਂ ਮਰਦ ਨੇ ਔਰਤ ਨੂੰ ਫਿਜ਼ੀਕਲੀ ਕੈਪਚਰ ਕਰੀ ਰੱਖਿਆ ਹੈ। ਮਨਮੋਹਨ ਸਿੰਘ ਬਾਠ ਨੇ ਔਰਤ ਸਸ਼ਕਤੀਕਰਨ ਬਾਰੇ ਸੰਖੇਪ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਆਪਣੀ ਸੋਜ਼ਮਈ ਅਵਾਜ਼ ਵਿੱਚ 'ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਪਾ ਗਏ' ਪੰਜਾਬੀ ਗੀਤ ਸੁਣਾਇਆ। ਕਵੀ ਪਰਮਿੰਦਰ ਰਮਨ ਨੇ 'ਰੱਬ ਦੀ ਭਾਲ ਲਈ ਸਦੀਆਂ ਤੋਂ ਹੋ ਰਹੇ ਦੰਗਲ' ਆਪਣੀ ਰਚਨਾ ਸੁਣਾਈ। ਬ੍ਰੈਂਮਪਟਨ ਤੋਂ ਕੈਲਗਰੀ ਆਏ, 'ਵਿਸ਼ਵ ਪੰਜਾਬੀ ਸਭਾ, ਕਨੇਡਾ ਦੇ ਚੇਅਰਮੈਨ ਡਾ: ਦਲਬੀਰ ਸਿੰਘ ਕਥੂਰੀਆ ਅਤੇ ਸਭਾ ਦੇ ਪ੍ਰਧਾਨ ਹਰਜੀ ਬਾਜਵਾ ਉਚੇਚੇ ਤੌਰ ਤੇ ਮੀਟਿੰਗ ਵਿੱਚ ਸ਼ਾਮਲ ਹੋਏ। ਡਾ:ਦਲਬੀਰ ਸਿੰਘ ਕਥੂਰੀਆ ਨੇ ਦੋ ਸਾਲ ਪਹਿਲਾਂ ਸ਼ੁਰੂ ਕੀਤੀ ਆਪਣੀ ਸਭਾ ਬਾਰੇ ਜਾਣਕਾਰੀ ਦਿੱਤੀ ਅਤੇ ਸਭਾ ਵਲੋਂ 28-29 ਜੂਨ ਨੂੰ ਕਰਵਾਈ ਜਾਣ ਵਾਲੀ ਪੰਜਾਬੀ ਕਾਨਫਰੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸੁਖਵਿੰਦਰ ਤੂਰ ਨੇ ਜਸਵਿੰਦਰ ਸਿੰਘ ਰੁਪਾਲ ਦਾ ਲਿਖਿਆ ਪੰਜਾਬੀ ਮਾਂ-ਬੋਲੀ ਦਾ ਗੀਤ 'ਬੋਲੀ ਸਿੱਖੀ ਮਾਂ ਦੀਆਂ ਧਾਰਾਂ 'ਚੋਂ'' ਗਾ ਕੇ ਸੁਣਾਇਆ। ਜਗਦੀਸ਼ ਕੌਰ ਸਰੋਆ ਨੇ 2016 ਵਿੱਚ ਬ੍ਰਾਜ਼ੀਲ ਵਿੱਚ ਹੋਈਆਂ ਖੇਡਾਂ ਵਿੱਚ ਭਾਰਤ ਵਲੋਂ ਸੌ ਤੋਂ ਵੱਧ ਖਿਡਾਰੀਆਂ ਦੇ ਸ਼ਾਮਲ ਹੋਣ ਅਤੇ ਕੇਵਲ ਦੋ ਕੁੜੀਆਂ ਖਿਡਾਰਨਾਂ ਵਲੋਂ ਮੈਡਲ ਪ੍ਰਾਪਤ ਕਰਨ ਨੂੰ ਔਰਤਾਂ ਦੀ ਵੱਡੀ ਪ੍ਰਾਪਤੀ ਤੇ ਸ਼ਕਤੀ ਦੱਸਿਆ। ਉਨ੍ਹਾਂ 'ਹੋਇਆ ਕੀ ਜੇ ਧੀ ਜੰਮ ਪਈ, ਪਰ ਕੁੱਖ ਤਾਂ ਸੁਲੱਖਣੀ ਹੋਈ ?' ਪੇਸ਼ ਕੀਤੀ। ਅਮਰੀਕ ਸਿੰਘ ਸਰੋਆ ਜੀ ਨੇ ਚੁੱਟਕਲਾ ਸੁਣਾ ਕੇ ਹਾਜ਼ਰੀ ਲੁਆਈ। ਸਨੀ ਸਵੈਚ ਨੇ ਆਪਣੀ ਰਚਨਾ 'ਆਪਣੇ ਔਗੁਣ ਰੋਜ਼ ਛੁਪਾਈਏ ਪਾ ਪਰਦੇ, ਦੂਜਿਆਂ ਬਾਰੇ ਦਰ ਦਰ ਜਾ ਕੇ ਬੋਲਿਆ ਜਾਂਦਾ ਏ' ਅੱਜ ਦੇ ਦਿਹਾੜੇ ਨੂੰ ਸਮਰਪਤ ਕੀਤੀ। ਇਨਾਇਤ ਜਵੰਦਾ ਅਤੇ ਹਰਜੋਤ ਸਿੰਘ ਜਵੰਦਾ ਦੀ ਹਾਜ਼ਰੀ ਵਿਸ਼ੇਸ਼ ਜ਼ਿਕਰਯੋਗ ਰਹੀ।

ਅੰਤ ਵਿੱਚ ਗੁਰਚਰਨ ਥਿੰਦ ਨੇ ਬਾਹਰ ਬਰਫ਼ਾਨੀ ਤੂਫ਼ਾਨ ਦੇ ਬਾਵਜੂਦ ਮੀਟਿੰਗ ਵਿੱਚ 20 ਕੁ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਅਤੇ ਉਨ੍ਹਾਂ ਦੁਆਰਾ ਭਰਵੀਂ ਸਾਰਥਿਕ ਵਿਚਾਰ-ਚਰਚਾ ਲਈ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਬਦਲਦੀਆਂ ਸਮਾਜਿਕ ਕਦਰਾਂ ਕੀਮਤਾਂ ਅਤੇ ਬਦਲਦੇ ਸਮਾਜਿਕ ਤਾਣੇ-ਬਾਣੇ ਵਿੱਚ ਬਦਲਦੇ ਮਾਪਦੰਡ ਇਸ ਵਿਸ਼ੇ ਤੇ ਲਗਾਤਾਰ ਵਿਚਾਰ-ਵਟਾਂਦਰੇ ਦੀ ਮੰਗ ਕਰਦੇ ਹਨ।



















# “ਵਾਜਾਂ ਮਾਰੀਆਂ ਬੁਲਾਇਆਂ ਕਈ ਵਾਰ ਮੈਂ ਕਿਸੇ ਨੇ ਮੇਰੀ ਗੱਲ ਨਾ ਸੁਣੀ”

## ਕਹਿਕੇ ਆਪਣੇ ਦਿਲ ਦੀ ਗੱਲ ਸਰਬਜੀਤ ਰੰਧਾਵਾ ਸੁਣਾ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸੁਰਿੰਦਰਜੀਤ ਪਲਾਹਾ ਪ੍ਰਸ਼ੋਤਮ ਦਾਸ ਭਾਰਦੁਵਾਜ, ਪਰਮਿੰਦਰ ਗਰੇਵਾਲ, ਅਤੇ ਮਿਸਜ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਦੀਆਂ ਸੇਵਾਵਾਂ ਗੁਰਦਿਆਲ ਸਿੰਘ ਖਹਿਰਾ ਨੇ ਨਿਭਾਉਂਦਿਆਂ ਐਸੋਸੀਏਸ਼ਨ ਵੱਲੋਂ ਫਰਵਰੀ ਮਹੀਨੇ ਆਏ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਮੁਬਾਰਕਬਾਦ ਕਹਿੰਦਿਆਂ ਐਨ ਸੀ ਸੀ ਏ ਦੇ ਚਿੰਨ੍ਹਾਂ ਨਾਲ ਸ਼ੁਭ ਕਾਮਨਾਵਾਂ ਦੇ ਸ਼ਬਦ ਕਹੇ,। ਨਵੇਂ ਆਏ ਮੈਬਰਾਂ ਦੀ ਜਾਣ ਪਹਿਚਾਣ ਕਰਵਾਈ ।ਅਮੀਨ ਸਿਆਨੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਵੱਜੋਂ, ਦਿਲਾਂ ਨੂੰ ਟੁੰਭਣ ਵਾਲੇ, ਬਨਾਕਾ ਗੀਤ ਮਾਲਾ ਸਲੋਨ ਰੇਡੀ– ਤੋਂ ਪ੍ਰਸਾਰਨ ਹੋਇਆ ਕਰਨ ਵਾਲੇ ਹਰਮਨ ਪਿਆਰੇ ਪ੍ਰੋਗਰਮਾਂ ਨੂੰ ਯਾਦ ਕੀਤਾ। ਕੈਲਗਰੀ ਦੀ ਜਾਣੀ ਪਹਿਚਾਣੀ ਸ਼ਖਸ਼ੀਅਤ ਸੁਰਜੀਤ ਸਿੰਘ ਸੀਤਲ ਪੰਨੂ ਸਪੁੱਤਰ ਸੋਹਣ ਸਿੰਘ ਸੀਤਲ ਜੀ ਦੇ ਬੇਟੇ ਜੋ ਕੈਲਗਰੀ ਵਿੱਚ 2005 ਤੋਂ ਰਹਿ ਰਹੇ ਸਨ ਕੁਝ ਦਿਨ ਬੀਮਾਰ ਰਹਿਣ ਉਪ੍ਰੰਤ ਅਕਾਲ ਚਲਾਣਾ ਕਰ ਗਏ ਹਨ ਉਹਨਾਂ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਚੇਤੇ ਕੀਤਾ ਗਿਆ। ਉਨ੍ਹਾਂ ਪੰਜ ਪੁਸਤਕਾਂ ਦਿਲ ਦੇ ਵਹਿਣ, ਦਿਲ ਦੀ ਮੌਜ, ਦਿਲ ਦੀ ਬਹਾਰ, ਦਿਲ ਦੀ ਧੜਕਣ, ਅਤੇ ਇੱਕ ਨਾਵਲ ਕਾਤਿਲ ਕੌਣ ਪੰਜਾਬੀ ਪਾਠਕਾਂ ਦੀ ਝੋਲ਼ੀ ਪਾਈਆਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਅਤੇ ਡਾ: ਭਗਤ ਸਿੰਘ ਅਟਵਾਲ ਨੇ ਵਿਗਿਆਨਕ ਖੋਜਾਂ ਸਬੰਧੀ ਵਿਚਾਰ ਸਾਂਝੇ ਕੀਤੇ।

ਰੰਗਾ-ਰੰਗ ਪ੍ਰੋਗਰਾਮ ਦੀ ਅਰੰਭਤਾ ਸ਼ਮਿੰਦਰ ਕਮੋਹ ਤੇ ਮਿਸਜ ਕਮੋਹ ਨੇ ਖੂਬਸੂਰਤ ਦੋ ਗਾਣੇ ਦੇ ਬੋਲਾਂ ਨਾਲ ਹੋਈ।

**“ ਦਿਲਾ ਠਹਿਰ ਜਾਹ ਯਾਰ ਦਾ ਨਜਾਰਾ ਲੈਣ ਦੇ, ਕੋਈ ਪਿਆਰ ਵਾਂਲੀ ਸੱਜਣਾਂ ਨੂੰ ਗੱਲ ਕਹਿਣ ਦੇਹ ”**

ਮੰਜੂ ਅਗਰਵਾਲਜੀ ਨੇ ਇੱਕ ਫਿਲਮੀ ਗੀਤ “ਚਾਂਦ ਕਹਿ ਰਹਾ ਹੈ ਕਿ ਪਿਆਰ ਕਰ ਦੇ ਬੋਲਾਂ ਨਾਲ ਹਾਜਿਰੀ ਲਗਵਾਈ। ਪਰਮਿੰਦਰ ਗਰੇਵਾਲ ਨੇ ਕੁੱਝ ਸ਼ਿਅਰ ਬੋਲੇ। ਭਜਨ ਸਿੰਘ ਸੱਗੂ ਹੋਰਾਂ ਬੜੇ ਭਾਵਪੂਰਤ ਚੁੱਟਕਲਿਆਂ ਨਾਲ ਹਾਸੇ ਖੇੜੇ ਵਰਤਾਏ। ਲਖਵਿੰਦਰ ਜੌਹਲ਼ ਨੇ ਬਾਬਿਆ ਦੇ ਬੇਹਤਰੀਨ ਲਾਹੇਬੰਦ ਨੁਸਖੇ ਕਵਿਤਾ ਵਿੱਚ ਦਰਸਾਏ। ਤਾਰਿਕ ਮਲਿਕ ਨੇ ਕਿਹਾ ਕਿ ਮੈਂ ਅੱਜ ਬਹੁਤ ਖੁਸ਼ ਹੂੰ ਵਜਹ ਯੇਹੀ ਕਿ ਮੈਂ ਤਾਰਿਕ ਮਲਿਕ ਹੂੰ। ਜਸਵਿੰਦਰ ਮਨਿਹਾਸ, ਮਨਦੀਪ ਹੁੰਦਲ, ਅਤੇ ਸਰਬਜੀਥ ਮਘੇਰਾ ਤਿੰਨ ਬੀਬੀਆਂ ਨੇ ਮਿਲ ਕੇ ਸੁਹਾਗ ਦੀ ਤਰਜ ਤੇ ਉੱਚੀ ਹੇਕ ਵਿੱਚ ਲੋਕ ਗੀਤ ਸੁਣਾਇਆ

ਮੈਂ ਤੇ ਸੱਸੀ ਬੈਠੀਆਂ ਵਿਹੜੇ ਆ ਵੜਿਆ ਫਕੀਰ,
ਕਿਉ ਹੋਈ– ਦਲਗੀਰ, ਹੱਥਾਂ ਦਾ ਦਿੱਤਾ ਖਾਵਣਾ ਆਪੋ ਆਪਣਾ ਨਸੀਬ।

ਸੁਖਵਿੰਦਰ ਤੂਰ ਜੀ ਨੇ “ ਯੇਹ ਦੁਨੀਆਂ ਯੇਹ ਮਫਿਲ ਮੇਰੇ ਕਾਮ ਕੀ ਨਹੀਂ-ਕਿਹਾ।

ਸਰਬਜੀਤ ਰੰਧਾਵਾ ਹੋਰਾਂ “ਵਾਜਾਂ ਮਾਰੀਆਂ ਬੁਲਾਇਆਂ ਕਈ ਵਾਰ ਮੈਂ ਕਿਸੇ ਨੇ ਮੇਰੀ ਗੱਲ ਨਾ ਸੁਣੀ ” ਸੁਣਾਕੇ ਵਾਹ ਵਾਹ ਖੱਟੀ। ਵਿਜੇ ਸੱਚਵੇਵਾ ਜੀ ਜੋ ਇੱਕ ਬਹੁਤ ਹੀ ਹੰਢੇ ਹੋਏ ਕਲਾਕਾਰ ਨੇ ਖੂਬਸੂਰਤ ਅਵਾਜ ਵਿਚ ਪੇਸ਼ਕਾਰੀ ਕੀਤੀ “ਪਹਿਲੀ ਵਾਰ ਅੱਜ ਇਨ੍ਹਾ ਅੱਖੀਆਂ ਨੇ ਤੱਕਿਆ ਹਾਏ – ਮਾਰ ਸੁੱਟਿਆ ” ਹਰਕੰਵਲ ਕੌਰ ਧਾਲੀਵਾਲ ਨੇ ਪੰਜਾਬੀ ਗੀਤ ਮਿਸਜ ਕਮੋਹ ਨਾਲ ਮਿਲਕੇ ਗਾਇਆ ਬੋਲ ਹਨ

“ ਚੰਨ ਵੇ ਕਿ ਸ਼ੌਕਣ ਮੇਲੇ ਦੀ, ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਹਲ ਦੀ ਆਉਂਦੀ ਕਿ ਸ਼ੌਕਣ ਮੇਲੇ ਦੀ ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਵਸੂਲੀ। ਅੰਤ ਵਿਚ ਸਕੱਤਰ ਸਾਹਿਬ ਨੇ ਧੰਨਵਾਦੀ ਸ਼ਬਦਾਂ ਨਾਲ ਮੀਟਿੰਗ ਸਮਾਪਤ ਕੀਤੀ। ਹਰ ਵਾਰ ਦੀ ਤਰ੍ਹਾ ਚਾਹ ਸਨੈਕ ਤੇ ਪੀਜਾ ਵਰਤਾਇਆ ਗਿਆ।

# ਰੂਸ ਵਿੱਚ ਸਰਕਾਰ ਵਿਰੋਧੀ ਆਗੂ ਨੂੰ ਅੰਤਿਮ ਵਿਦਾਇਗੀ ਮੌਕੇ ਪੂਤਿਨ ਖ਼ਿਲਾਫ ਨਾਹਰੇਬਾਜੀ ਹੋਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੂਤਿਨ ਦੇ ਸਭ ਤੋਂ ਵੱਡੇ ਵਿਰੋਧੀ ਅਲੈਕਸੀ ਨਾਵਲਨੀ ਦਾ ਅੰਤਿਮ ਸੰਸਕਾਰ ਰੂਸ ਦੀ ਰਾਜਧਾਨੀ ਮਾਸਕੋ ਵਿੱਚ ਕਰ ਦਿੱਤਾ ਗਿਆ। ਗ੍ਰਿਫਤਾਰੀ ਦੇ ਡਰ ਦੇ ਵਿਚਕਾਰ ਵੀ ਹਜ਼ਾਰਾਂ ਦੀ ਭੀੜ ਸਮਾਰੋਹ ਵਿੱਚ ਸ਼ਾਮਲ ਹੋਈ। ਇਸ ਦੌਰਾਨ ਅਮਰੀਕਾ, ਫਰਾਂਸ, ਜਰਮਨੀ ਆਦਿ ਦੇਸ਼ਾਂ ਦੇ ਰਾਜਦੂਤਾਂ ਨੇ ਵੀ ਨਾਵਲਨੀ ਨੂੰ ਸ਼ਰਧਾਂਜਲੀ ਦਿੱਤੀ। ਨਾਵਲਨੀ ਦੇ ਮਾਤਾ-ਪਿਤਾ ਮਾਸਕੋ ਦੇ ਇੱਕ ਚਰਚ ਵਿੱਚ ਅੰਤਿਮ ਸੰਸਕਾਰ ਦੀ ਰਸਮ ਵਿੱਚ ਸ਼ਾਮਿਲ ਹੋਏ। ਇਸ ਦੌਰਾਨ ਸਮਰਥਕਾਂ ਨੇ ‘ਥੈਂਕ ਯੂ ਨਵਲਨੀ’, ‘ਰੂਸ ਬਿਨ੍ਹਾਂ ਪੂਤਿਨ’ ਅਤੇ ‘ਰੂਸ ਜਲਦ ਹੀ ਆਜ਼ਾਦ ਹੋਵੇਗਾ’ ਵਰਗੇ ਨਾਅਰੇ ਲਾਏ। ਇਸ ਦੌਰਾਨ ਸੈਂਕੜੇ ਪੁਲੀਸ ਮੁਲਾਜ਼ਮ ਵੀ ਤਾਇਨਾਤ ਕੀਤੇ ਗਏ ਸਨ। ਚਰਚ ਦੇ ਬਾਹਰ ਮੌਜੂਦ ਲੋਕ ਰੋਂਦੇ ਹੋਏ ਅਤੇ ਗੁਲਾਬ ਅਤੇ ਹੋਰ ਫੁੱਲ ਅੰਦਰ ਸੁੱਟਦੇ ਹੋਏ ਨਜ਼ਰ ਆਏ। ਇਸ ਦੌਰਾਨ ਮਾਸਕੋ ‘ਚ ਕਈ ਥਾਵਾਂ ‘ਤੇ ਮੋਬਾਈਲ ਅਤੇ ਇੰਟਰਨੈੱਟ ਸੇਵਾਵਾਂ ਵੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀਆਂ ਸਨ। ਨਵਲਨੀ ਨੂੰ ਸ਼ਰਧਾਂਜਲੀ ਦੇਣ ਆਏ ਨੇਤਾਵਾਂ ਨੇ ਉਸਦੀ ਮਾਂ ਨੂੰ ਕਿਹਾ ਕਿ ਅਸੀਂ ਉਨ੍ਹਾਂ ਨੂੰ ਕਦੇ ਨਹੀਂ ਭੁੱਲ ਸਕਦੇ। ਨਿਊਯਾਰਕ ਟਾਈਮਜ਼ ਨੇ ਸਮਾਰੋਹ ਨੂੰ ਲਾਈਵ ਦਿਖਾਉਣ ਵਾਲੀ ਵੈੱਬਸਾਈਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅੰਤਿਮ ਵਿਦਾਈ ਦੌਰਾਨ ਲਗਭਗ 2150 ਲੱਖ ਲੋਕਾਂ ਨੇ ਇਸ ਨੂੰ ਆਨਲਾਈਨ ਦੇਖਿਆ। ਜਦੋਂ ਕਿ ਕਰੀਬ ਡੇਢ ਲੱਖ ਲੋਕਾਂ ਨੇ ਯੂ-ਟਿਊਬ ‘ਤੇ ਅੰਤਿਮ ਸੰਸਕਾਰ ਦੀ ਪੂਰੀ ਰਸਮ ਨੂੰ ਦੇਖਿਆ।









# ਕਿਸਾਨਾਂ ਨੇ ਉਹ ਥਾਂ ਘੇਰ ਲਈ ਜਿੱਥੇ ਜਿੱਥੇ 27 ਦੇਸ਼ਾਂ ਦੇ ਖੇਤੀਬਾੜੀ ਮੰਤਰੀ ਇਕੱਠੇ ਹੋਏ ਸਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਰਪੀਅਨ ਯੂਨੀਅਨ ਦੇ ਨਿਯਮਾਂ ਅਤੇ ਯੂਕਰੇਨ ਤੋਂ ਸਸਤੇ ਭੋਜਨ ਦੀ ਦਰਾਮਦ ਦਾ ਵਿਰੋਧ ਕਰ ਰਹੇ ਪੋਲੈਂਡ ਦੇ ਕਿਸਾਨਾਂ ਨੇ ਜਰਮਨੀ ਦੇ ਨਾਲ ਲੱਗਦੀ ਸਰਹੱਦ 'ਤੇ ਏ 2 ਹਾਈਵੇਅ ਨੂੰ ਜਾਮ ਕਰ ਦਿਤਾ। ਯੂਰਪ ਭਰ ਦੇ ਕਿਸਾਨ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਯੂਰਪੀਅਨ ਯੂਨੀਅਨ ਦੇ ਉਪਾਵਾਂ ਦੁਆਰਾ ਉਨ੍ਹਾਂ 'ਤੇ ਲਗਾਈਆਂ ਗਈਆਂ ਪਾਬੰਦੀਆਂ ਦੇ ਨਾਲ-ਨਾਲ ਵਧਦੀਆਂ ਲਾਗਤਾਂ ਵਿਰੁਧ ਪ੍ਰਦਰਸ਼ਨ ਕਰ ਰਹੇ ਹਨ। ਇਸ ਵਿਚਾਲੇ ਪ੍ਰਧਾਨ ਮੰਤਰੀ ਡੋਨਾਲਡ ਟਸਕ ਅਤੇ ਰਾਸ਼ਟਰਪਤੀ ਆਂਡਰੇਜ਼ ਡੂਡਾ ਨੇ ਕਿਹਾ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਯੂਰਪੀ ਸੰਘ ਪੱਧਰ 'ਤੇ ਹੱਲ ਕਰਨ ਦੀ ਲੋੜ ਹੈ। ਉਧਰ ਬੈਲਜੀਅਮ ਵਿਚ ਕਿਸਾਨਾਂ ਦੀ ਪੁਲਿਸ ਨਾਲ ਝੜਪ ਹੋਣ ਦੀਆਂ ਖ਼ਬਰਾਂ ਵੀ ਆਈਆਂ। ਮੀਡੀਆ ਰੀਪੋਰਟਾਂ ਮੁਤਾਬਕ ਸਥਾਨਕ ਕਿਸਾਨਾਂ ਵਲੋਂ ਅਧਿਕਾਰੀਆਂ 'ਤੇ ਤਰਲ ਖਾਦ ਦਾ ਛਿੜਕਾਅ ਕੀਤਾ ਗਿਆ ਅਤੇ ਟਾਇਰਾਂ ਦੇ ਢੇਰਾਂ ਨੂੰ ਅੱਗ ਲਾ ਦਿਤੀ ਗਈ।



ਬ੍ਰਸੇਲਜ਼ ਪੁਲਿਸ ਨੇ ਕਿਹਾ ਕਿ 900 ਟਰੈਕਟਰ ਸ਼ਹਿਰ ਵਿੱਚ ਦਾਖਲ ਹੋਏ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਯੂਰਪੀਅਨ ਕੌਂਸਲ ਦੀ ਇਮਾਰਤ ਦੇ ਨੇੜੇ ਸਨ, ਜਿਥੇ ਮੰਤਰੀ ਮੀਟਿੰਗ ਕਰ ਰਹੇ ਸਨ। ਹੈੱਡਕੁਆਰਟਰ ਦੇ ਮੁੱਖ ਪ੍ਰਵੇਸ਼ ਪੁਆਇੰਟਾਂ 'ਤੇ ਲਗਾਏ ਗਏ ਬੈਰੀਕੇਡਾਂ ਦੇ ਨੇੜੇ ਪੁਲਿਸ ਗਸ਼ਤ ਕਰ ਰਹੀ ਸੀ, ਜਿਥੇ 27 ਦੇਸ਼ਾਂ ਦੇ ਖੇਤੀਬਾੜੀ ਮੰਤਰੀ ਇਕੱਠੇ ਹੋਏ ਸਨ। ਕਿਸਾਨਾਂ ਦੇ ਧਰਨੇ ਦੇ ਮੱਦੇਨਜ਼ਰ ਈਯੂ ਮੁੱਖ ਦਫ਼ਤਰ ਨੂੰ ਕੰਕਰੀਟ ਦੇ ਬੈਰੀਕੇਡਸ ਅਤੇ ਕੰਡਿਆਲੀ ਤਾਰ ਨਾਲ ਘੇਰ ਲਿਆ ਗਿਆ। ਇਸ ਦੌਰਾਨ ਕਿਸਾਨਾਂ ਉਤੇ ਪਾਣੀ ਦੀਆਂ ਬੌਛਾੜਾਂ ਵੀ ਕੀਤੀਆਂ ਗਈਆਂ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਵਿੱਚ ਗੋਲੀਬਾਰੀ ਦੀਆਂ ਵੱਖ ਵੱਖ ਵਾਰਦਾਤਾਂ 'ਚ 2 ਜਣਿਆਂ ਦੇ ਮਾਰੇ ਜਾਣ ਅਤੇ ਤਿੰਨ ਦੇ ਜ਼ਖਮੀਂ ਹੋਣ ਦੀ ਸੂਚਨਾ ਹੈ। ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੋਰਾਂਟੋ ਦੇ ਵੈਸਟਨ ਖੇਤਰ ਵਿੱਚ ਸਵੇਰੇ ਪੌਣੇ ਪੰਜ ਵਜੇ ਦੇ ਕਰੀਬ ਗੋਲੀਬਾਰੀ ਦੀ ਸੂਚਨਾ ਮਿਲੀ ਸੀ ਮੌਕੇ ਤੇ ਪਹੁੰਚੀ ਪੁਲਿਸ ਨੂੰ ਦੋ ਵਿਅਕਤੀ ਜ਼ਖਮੀ ਹਾਲਤ ਵਿੱਚ ਮਿਲੇ ਸਨ ਜਿਨਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਹਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਟਰਾਂਟੋ ਪੁਲਿਸ ਦੇ ਡਿਪਟੀ ਸਾਰਜੰਟ ਐਰਨ ਏਕਸਨ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਇੱਕ ਅਪਾਰਟਮੈਂਟ ਬਿਲਡਿੰਗ ਦੇ ਬਾਹਰ ਇਹ ਗੋਲੀਬਾਰੀ ਹੋਈ ਪਰ ਕਿੰਨੀਆਂ ਗੋਲੀਆਂ ਚਲਾਈਆਂ ਗਈਆਂ ਇਸ ਬਾਰੇ ਉਹਨਾਂ ਕੁਝ ਨਹੀਂ ਦੱਸਿਆ ਇਸ ਇਲਾਕੇ ਵਿੱਚ ਰਹਿਣ ਵਾਲੇ ਕਈ ਲੋਕਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹਨਾਂ ਨੇ ਘੱਟੋ ਘੱਟ ਇੱਕ ਦਰਜਨ ਦੇ ਕਰੀਬ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਘਟਨਾ ਤੋਂ ਬਾਅਦ ਸੜਕ ਉੱਪਰ ਕਈ ਗੋਲੀਆਂ ਦੇ ਖੋਲ ਵੀ ਨਜ਼ਰ ਆਏ। ਗੋਲੀਬਾਰੀ ਕਰਨ ਵਾਲੇ ਵਿਅਕਤੀਆਂ ਬਾਰੇ ਕਿਸੇ ਤਰ੍ਹਾਂ ਦੀ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਵੱਲੋਂ ਇਲਾਕੇ ਦੇ ਵੱਖ ਵੱਖ ਨਿਗਰਾਨੀ ਕੈਮਰਿਆਂ ਦੀ ਮਦਦ ਨਾਲ ਹਮਲਾਵਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧੀ ਕਿਸੇ ਕੋਲ ਵੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨੇ ਉਹ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਟੋਰਾਂਟੋ ਡਾਊਨ ਟਾਊਨ ਵਿੱਚ ਗੋਲੀਬਾਰੀ ਦੀਆਂ ਤਿੰਨ ਵਾਰਦਾਤਾਂ ਵਿੱਚ ਦੋ ਵਿਅਕਤੀ ਅਤੇ ਇੱਕ ਮਹਿਲਾ ਜਖਮੀ ਹੋਏ ਹਨ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੋਲੀਬਾਰੀ ਵਿਸ਼ਾ ਹੋਟਲ ਦੇ ਬਾਹਰ ਵਾਰ ਹੋਈ ਪੁਲਿਸ ਅਧਿਕਾਰੀਆਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਗੋਲੀਬਾਰੀ ਨੂੰ ਮਿਥ ਕੇ ਕੀਤੀ ਗਈ ਗੋਲੀਬਾਰੀ ਮੰਨਿਆ ਜਾ ਰਿਹਾ ਹੈ ਮੌਕੇ ਤੇ ਇੱਕ ਨੀਲੇ ਰੰਗ ਦੀ ਕਾਰ ਵਿੱਚ ਗੋਲੀਆਂ ਲੱਗਣ ਦੇ ਕਈ ਨਿਸ਼ਾਨ ਵੀ ਮਿਲੇ ਅਤੇ ਸੜਕ ਉੱਪਰ ਇੱਕ ਦਰਜਨ ਤੋਂ ਜਿਆਦਾ ਗੋਲੀਆਂ ਦੇ ਖੋਲ ਖਿਲਰੇ ਹੋਏ ਨਜ਼ਰ ਆਏ

# ਇੰਸ਼ੋਰੈਂਸ ਕੰਪਨੀਆਂ ਕਾਰਾਂ ਚੋਰੀ ਕਰਨ ਦੇ ਮਾਮਲਿਆਂ ਨੂੰ ਘਟਾਉਣ ਲਈ ਟਰੈਕਿੰਗ ਡਿਵਾਈਸ ਲਗਵਾਉਣਾ ਚਾਹੁੰਦੀਆਂ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਹੁਤੀਆਂ ਕੈਨੇਡੀਅਨ ਆਟੋ ਇੰਸ਼ੋਰੈਂਸ ਕੰਪਨੀਆਂ ਵੱਲੋਂ ਆਪਣੇ ਗਾਹਕਾਂ ਨੂੰ ਚੋਰੀ ਤੋਂ ਬਚਣ ਲਈ ਆਪਣੀਆਂ ਗੱਡੀਆਂ ਵਿੱਚ ਟਰੈਕਿੰਗ ਡਿਵਾਈਸਿਜ਼ ਲਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਪਰ ਕੁੱਝ ਇੰਸ਼ੋਰੈਂਸ ਕੰਪਨੀਆਂ ਇਸ ਲਈ ਪੈਸੇ ਦੇਣ ਵਾਸਤੇ ਤਿਆਰ ਹਨ ਜਦਕਿ ਬਾਕੀ ਅਜਿਹਾ ਨਹੀਂ ਕਰਨਾ ਚਾਹੁੰਦੀਆਂ। ਨਿਊਮਾਰਕਿਟ ਦੀ ਈਲੇਨ ਗੋਲਡਸਮਿੱਥ ਨੇ ਦੱਸਿਆ ਕਿ ਬਹੁਗਿਣਤੀ ਇੰਸ਼ੋਰੈਂਸ ਕੰਪਨੀਆਂ ਵੱਲੋਂ ਇਹੋ ਸਿਸਟਮ ਅਪਣਾਇਆ ਜਾਂਦਾ ਹੈ। ਉਸ ਨੇ ਆਖਿਆ ਕਿ ਜੇ ਉਹ ਉਸ ਦੀ ਗੱਡੀ ਵਿੱਚ ਟਰੈਕਿੰਗ ਡਿਵਾਈਸ ਲਵਾਉਣੀ ਚਾਹੁੰਦੇ ਹਨ ਤਾਂ ਉਹ ਵੀ ਪੈਸੇ ਦੇਣ ਲਈ ਤਿਆਰ ਹੈ। ਉਸ ਨੇ ਆਖਿਆ ਕਿ 90 ਫੀ ਸਦੀ ਸਮਾਂ ਉਸ ਦੀ ਗੱਡੀ ਉਸ ਦੇ ਲਾਕ ਲੱਗੇ ਗੈਰਾਜ ਵਿੱਚ ਖੜ੍ਹੀ ਰਹਿੰਦੀ ਹੈ। ਗੋਲਡਸਮਿੱਥ ਨੂੰ ਪਿੱਛੇ ਜਿਹੇ ਇੰਸ਼ੋਰੈਂਸ ਕੰਪਨੀ ਤੋਂ ਇੱਕ ਲੈਟਰ ਮਿਲਿਆ ਸੀ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ 2021 ਮਾਡਲ ਦੀ ਹੌਂਡਾ ਐਕੌਰਡ ਦੇ ਚੋਰੀ ਹੋਣ ਦਾ ਕਾਫੀ ਡਰ ਹੈ। ਇਸੇ ਤਰ੍ਹਾਂ ਅਰਵਿੰਦਰ ਕਲਸੀ ਨੂੰ ਪਿਛਲੇ ਸਾਲ ਦੱਸਿਆ ਗਿਆ ਕਿ ਆਪਣੇ ਟਰੱਕ ਵਿੱਚ ਉਹ ਟਰੈਕਿੰਗ ਡਿਵਾਈਸ ਲਵਾਏ ਪਰ ਉਨ੍ਹਾਂ ਦੀ ਇੰਸ਼ੋਰੈਂਸ ਕੰਪਨੀ ਇਸ ਲਈ ਪੈਸੇ ਦੇਣ ਵਾਸਤੇ ਤਿਆਰ ਸੀ। ਇੰਸ਼ੋਰੈਂਸ ਬਿਊਰੋ ਆਫ ਕੈਨੇਡਾ (ਆਈਬੀਸੀ) ਅਨੁਸਾਰ ਕੈਨੇਡੀਅਨ ਆਟੋ ਇੰਸ਼ੋਰੈਂਸ ਕੰਪਨੀਆਂ ਨੇ ਪਿਛਲੇ ਪੰਜ ਸਾਲਾਂ ਵਿੱਚ ਆਟੋ ਚੋਰੀਆਂ ਵਿੱਚ 329 ਫੀ ਸਦੀ ਵਾਧਾ ਵੇਖਿਆ ਹੈ। 2022 ਵਿੱਚ ਹੀ ਕਾਰ ਚੋਰਾਂ ਦੀਆਂ ਵਧੀਆਂ ਸਰਗਰਮੀਆਂ ਕਾਰਨ ਇੱਕ ਬਿਲੀਅਨ ਡਾਲਰ ਦਾ ਨੁਕਸਾਨ ਹੋਇਆ। ਆਈਬੀਸੀ ਨੇ ਆਖਿਆ ਕਿ ਇੰਸ਼ੋਰੈਂਸ ਕੰਪਨੀਆਂ ਕਾਰਾਂ ਚੋਰੀ ਕਰਨ ਦੇ ਮਾਮਲਿਆਂ ਨੂੰ ਘਟਾਉਣਾ ਚਾਹੁੰਦੀਆਂ ਹਨ ਤੇ ਟਰੈਕਿੰਗ ਡਿਵਾਈਸ ਲੱਗੇ ਹੋਣ ਨਾਲ ਗੱਡੀ ਦੇ ਚੋਰੀ ਹੋਣ ਦੀ ਸੂਰਤ ਵਿੱਚ ਜਲਦੀ ਮਿਲਣ ਦੀ ਵੀ ਸੰਭਾਵਨਾ ਹੈ।

## ਕੋਲੋਰਾਡੋ ਦੇ ਪ੍ਰਾਇਮਰੀ ਬੈਲਟ ਪੇਪਰ ਤੋਂ ਟਰੰਪ ਦਾ ਨਾਂ ਨਹੀਂ ਹਟੇਗਾ - ਸੁਪਰੀਮ ਕੋਰਟ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਸੁਪਰੀਮ ਕੋਰਟ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਸਬੰਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੀ ਰਾਹਤ ਦਿੱਤੀ ਹੈ। 'ਨਿਊਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਸੁਪਰੀਮ ਕੋਰਟ ਦੇ 9 ਜੱਜਾਂ ਦੇ ਬੈਂਚ ਨੇ ਕੋਲੋਰਾਡੋ ਸਟੇਟ ਦੀ ਅਦਾਲਤ ਦੇ ਇੱਕ ਫੈਸਲੇ ਨੂੰ ਪਲਟ ਦਿੱਤਾ। ਸੁਪਰੀਮ ਕੋਰਟ ਨੇ ਕਿਹਾ- ਕੋਲੋਰਾਡੋ ਦੇ ਪ੍ਰਾਇਮਰੀ ਬੈਲਟ ਪੇਪਰ ਤੋਂ ਟਰੰਪ ਦਾ ਨਾਂ ਨਹੀਂ ਹਟਾਇਆ ਜਾ ਸਕਦਾ। ਇਸ ਫੈਸਲੇ ਦਾ ਮਤਲਬ ਇਹ ਹੈ ਕਿ ਅਮਰੀਕਾ ਦੇ ਸਾਰੇ 50 ਰਾਜਾਂ ਦੇ ਬੈਲਟ ਪੇਪਰ 'ਤੇ ਟਰੰਪ ਦਾ ਨਾਂ ਮੌਜੂਦ ਰਹੇਗਾ। ਵਰਨਣਯੋਗ ਹੈ ਕਿ ਕੋਲੋਰਾਡੋ ਦੇ 6 ਵੋਟਰਾਂ ਨੇ ਕੈਪੀਟੋਲ ਹਿੰਸਾ ਦੇ ਆਧਾਰ 'ਤੇ ਸੁਪਰੀਮ ਕੋਰਟ 'ਚ ਦਾਇਰ ਪਟੀਸ਼ਨ 'ਚ ਕਿਹਾ ਸੀ- ਅਮਰੀਕੀ ਸੰਵਿਧਾਨ ਦੀ ਧਾਰਾ 14 ਦਾ ਸੈਕਸ਼ਨ 3 ਉਨ੍ਹਾਂ ਲੋਕਾਂ ਨੂੰ ਚੋਣਾਂ 'ਚ ਹਿੱਸਾ ਲੈਣ ਤੋਂ ਰੋਕਦਾ ਹੈ, ਜਿਨ੍ਹਾਂ 'ਤੇ ਸੰਵਿਧਾਨ ਜਾਂ ਸੰਸਦ ਜਾਂ ਕਿਸੇ ਵੀ ਤਰ੍ਹਾਂ ਦੇ ਕੰਮ 'ਚ ਰੁਕਾਵਟ ਪਾਉਣ ਦਾ ਦੋਸ਼ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਕੋਲੋਰਾਡੋ ਜ਼ਿਲਾ ਜੱਜ ਟਰੇਸੀ ਪੋਰਟਰ ਨੇ ਬੀਤੇ ਦਿਨੀ ਪ੍ਰਾਇਮਰੀ ਬੈਲਟ ਤੋਂ ਟਰੰਪ ਦਾ ਨਾਂ ਹਟਾਉਣ ਦਾ ਹੁਕਮ ਦਿੱਤਾ ਸੀ।

## ਕਨੇਡਾ ਨੇ ਮੈਕਸਿਕਣ ਲੋਕਾਂ ਲਈ ਵੀਜ਼ਾ ਸ਼ਰਤਾਂ ਵਿੱਚ ਸਖਤਾਈ ਵਾਲਾ ਰੁੱਖ ਅਪਣਾਇਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਆਉਣ ਵਾਲੇ ਮੈਕਸਿਕੋ ਦੇ ਨਾਗਰਿਕਾਂ ਉੱਤੇ ਵੀਜ਼ਾ ਸਬੰਧੀ ਸ਼ਰਤਾਂ ਮੁੜ ਲਾਈਆਂ ਜਾਣਗੀਆਂ। ਇਹ ਜਾਣਕਾਰੀ ਦਿੰਦਿਆਂ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਫੈਡਰਲ ਸਰਕਾਰ ਦਾ ਇਹ ਨਵਾਂ ਨਿਯਮ 29 ਫਰਵਰੀ 2024 ਨੂੰ ਰਾਤੀਂ ਈਸਟਰਨ ਟਾਈਮ ਅਨੁਸਾਰ 11:30 ਵਜੇ ਤੋਂ ਲਾਗੂ ਹੋ ਗਿਆ ਹੈ। ਪਿਛਲੇ ਮਹੀਨੇ ਕੰਜ਼ਰਵਟਿਵ ਪਾਰਟੀ ਨੇ ਸਰਕਾਰ ਤੋਂ ਇਨ੍ਹਾਂ ਵੀਜ਼ਾ ਨਿਯਮਾਂ ਨੂੰ ਮੁੜ ਲਾਗੂ ਕਰਨ ਦੀ ਮੰਗ ਕੀਤੀ ਸੀ। ਕੰਜ਼ਰਵਟਿਵ ਪਾਰਟੀ ਵੱਲੋਂ ਰਫਿਊਜੀ ਕੇਸਾਂ ਸਬੰਧੀ ਦਾਅਵੇ ਠੁਕਰਾਏ ਜਾਣ ਦੇ ਮੁੱਦੇ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਸੀ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕੁੱਝ ਸਾਲਾਂ ਵਿੱਚ ਮੈਕਸਿਕੋ ਤੋਂ ਪਨਾਹ ਲੈਣ ਲਈ ਕੈਨੇਡਾ ਨੂੰ ਮਿਲ ਰਹੀਆਂ ਅਰਜ਼ੀਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਪਰ ਮੈਕਸਿਕੋ ਦੇ ਬਿਨੈਕਾਰਾਂ ਨੂੰ ਹੋਰਨਾਂ ਦੇਸ਼ਾਂ ਦੇ ਬਿਨੈਕਾਰਾਂ ਨਾਲੋਂ ਘੱਟ ਰਫਿਊਜੀ ਦਰਜਾ ਹਾਸਲ ਹੋ ਰਿਹਾ ਹੈ। ਅਜਿਹਾ ਅੰਸ਼ਕ ਤੌਰ ਉੱਤੇ 2016 ਵਿੱਚ ਸਰਕਾਰ ਵੱਲੋਂ ਮੈਕਸਿਕੋ ਦੇ ਲੋਕਾਂ ਤੋਂ ਵੀਜ਼ਾ ਦੀ ਸ਼ਰਤ ਹਟਾ ਲਏ ਜਾਣ ਦੇ ਫੈਸਲੇ ਕਾਰਨ ਹੋ ਰਿਹਾ ਹੈ। ਇਸ ਫੈਸਲੇ ਕਾਰਨ ਮੈਕਸਿਕੋ ਦੇ ਲੋਕਾਂ ਲਈ ਕੈਨੇਡਾ ਵਿੱਚ ਪਨਾਹ ਲੈਣਾ ਸੁਖਾਲਾ ਹੋ ਗਿਆ ਸੀ। ਟੋਰੀਜ਼ ਦਾ ਕਹਿਣਾ ਹੈ ਕਿ ਇਸ ਤਬਦੀਲੀ ਕਾਰਨ ਹੀ ਧੋਖਾਧੜੀ ਵਧ ਗਈ ਹੈ ਤੇ ਅਸਾਇਲਮ ਸਿਸਟਮ ਦੀ ਦੁਰਵਰਤੋਂ ਦੇ ਨਾਲ ਨਾਲ ਇਸ ਉੱਤੇ ਬੋਝ ਵੀ ਵਧਿਆ ਹੈ। ਇਸ ਦੇ ਨਾਲ ਹੀ ਜਾਇਜ਼ ਦਾਅਵੇ ਕਰਨ ਵਾਲਿਆਂ ਦੀਆਂ ਅਰਜ਼ੀਆਂ ਸਵੀਕਾਰਨ ਵਿੱਚ ਵੀ ਦੇਰ ਹੋਣ ਲੱਗੀ ਹੈ।

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Sidhu Accounting & Financial Services
Accounting Services: Personal Tax Returns • Corporate Tax Returns • Computerized Bookkeeping • T4's • Record of Employment
Financial Services: • RRSP • Life Insurance – Term Life, Universal Life • Critical Illness Insurance • Segregated Funds
IQBAL SIDHU (403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Westwinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon, Regulated Immigration Consultant of Canada, Member ICCRC #R 409807, Member CAPIC, Commissioner for Oaths (Alberta), Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

PEEL FINANCIAL – LEASING & FINANCE
Experts in Commercial & Industrial Finance, Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill, Jay@peelfinancial.ca, 306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill, Lease Account Manager, dave@peelfinancial.ca, 306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP, 4205-17 Ave SE Calgary (AB)
Fax: 403 313 9993 Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP, CRITICAL ILLNESS INSURANCE, LIFE INSURANCE, MORTGAGE INSURANCE, TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL, Financial Advisor, 403 909 4141

INDIA PALACE RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਜਿੱਥੇ ਇੱਛਾ, ਉੱਥੇ ਤਬਦੀਲੀ

-ਐਸ਼ਲੇ ਬਰੀਲੀਐਂਟ

## ਪੰਜਾਬ ਵਿੱਚ ਬਦ-ਅਮਨੀ ਦੇ ਮਾੜੇ ਸੰਕੇਤ

ਮੁੱਖ ਮੰਤਰੀ ਭਗਵੰਤ ਮਾਨ ਭਾਵੇਂ ਪੰਜਾਬ ਨੂੰ ਰੰਗਲਾ ਬਣਾਉਣ ਦੇ ਦਾਅਵੇ ਕਰਦੇ ਥੱਕਦੇ ਨਹੀਂ ਹਨ ਪਰ ਇੱਥੋਂ ਦੀ ਜਿਸ ਤਰ੍ਹਾਂ ਦੀ ਸਥਿੱਤੀ ਬਣੀ ਹੋਈ ਹੈ ਉਸ ਕਾਰਨ ਪੰਜਾਬ ਦੇ ਲੋਕ ਖੌਫ਼ਜ਼ਦਾ ਹਨ। ਪਿਛਲੇ ਦਿਨ ਜਿੱਥੇ ਮੁਹਾਲੀ ਵਿਖੇ ਇੱਕ ਨਾਮੀ ਗੈਂਗਸਟਰ ਨੂੰ ਦੂਜੀ ਧਿਰ ਦੇ ਗੈਂਗਸਟਰਾਂ ਨੇ ਗੋਲੀਆਂ ਨਾਲ ਭੁੰਨ ਦਿੱਤਾ ਉੱਥੇ ਹੀ ਗੁਰਦਾਸਪੁਰ ਜ਼ਿਲ੍ਹੇ ਵਿੱਚ ਇੱਕ ਐਨ ਆਰ ਆਈ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਤੋਂ ਪਹਿਲਾਂ ਮੋਗੇ ਵਿਖੇ ਵੀ ਇਸੇ ਤਰ੍ਹਾਂ ਪ੍ਰਵਾਸੀ ਭਾਰਤੀ ਦੀ ਹੱਤਿਆ ਕਰ ਦਿੱਤੀ ਗਈ। ਹੁਣ ਤਾਂ ਸੱਤਾਧਾਰੀ ਦੇ ਲੀਡਰ ਵੀ ਮਹਿਫ਼ੂਜ਼ ਨਹੀਂ ਹਨ। ਆਮ ਆਦਮੀ ਪਾਰਟੀ ਦੇ ਆਗੂ ਦਾ ਦਿਨ-ਦਿਹਾੜੇ ਕਤਲ ਪੰਜਾਬ ਸਰਕਾਰ ਨੂੰ ਸਿੱਧੀ ਚੁਣੌਤੀ ਹੈ। ਹੁਣ ਜਦੋਂ ਆਮ ਸੰਸਦੀ ਚੋਣਾਂ ਸਿਰ ’ਤੇ ਹਨ, ਅਜਿਹੇ ਵੇਲੇ ਹਿੰਸਕ ਵਾਰਦਾਤਾਂ ਦਾ ਵਾਪਰਨਾ ਠੀਕ ਸੰਕੇਤ ਨਹੀਂ ਹੈ। ਸੂਬੇ ’ਚ ਬਦਅਮਨੀ ਅਤੇ ਬੇਚੈਨੀ ਫੈਲਾਉਣ ਵਾਲੇ ਅਨਸਰਾਂ ਦੀ ਸ਼ਨਾਖ਼ਤ ਜ਼ਰੂਰ ਕਰਨੀ ਹੋਵੇਗੀ। ਜਦੋਂ ਚੋਣ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ, ਤਦ ਅਜਿਹੇ ਸਮਾਜ-ਵਿਰੋਧੀ ਤੱਤ ਹੋਰ ਵੀ ਸਰਗਰਮ ਹੋ ਜਾਣਗੇ। ਸਾਲ 2022 ’ਚ ਜਦ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੀ ਸੱਤਾ ਸੰਭਾਲੀ ਹੈ, ਤਦ ਤੋਂ ਹੀ ਕਾਨੂੰਨ ਅਤੇ ਵਿਵਸਥਾ ਦੀ ‘ਮਾੜੀ’ ਹਾਲਤ ਸਰਕਾਰ ਸਾਹਵੇਂ ਵੱਡੀ ਚੁਣੌਤੀ ਬਣੀ ਰਹੀ ਹੈ। ਉਸੇ ਵਰ੍ਹੇ ਪੰਜਾਬ ’ਚ ਅਪਰਾਧ ਵਾਪਰਨ ਦੀ ਦਰ ਪ੍ਰਤੀ ਲੱਖ ਆਬਾਦੀ ਪਿੱਛੇ 240।6 ਫ਼ੀਸਦੀ ਸੀ। ਇਹ ਦਰ ਭਾਵੇਂ ਉਸ ਤੋਂ ਪਿਛਲੇ ਵਰ੍ਹੇ ਭਾਵ 2021 ਦੀ 242 ਫ਼ੀਸਦੀ ਤੋਂ ਘੱਟ ਸੀ ਪਰ ਉਸ ਸਾਲ ਅਪਰਾਧਾਂ ਦੀ ਗਿਣਤੀ ਵਧ ਕੇ 73,625 ਹੋ ਗਈ ਸੀ ਜੋ ਉਸ ਤੋਂ ਪਿਛਲੇ ਵਰ੍ਹੇ ਦੇ 73,581 ਦੇ ਮੁਕਾਬਲੇ ਵੱਧ ਸੀ। ਇਹ ਅੰਕੜੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਸੀਆਰਬੀ) ਦੇ ਹਨ। ਸਾਲ 2022 ਦੌਰਾਨ ਹੀ ਸ਼ਰਾਬ ਦੀ ਸਮੱਗਲਿੰਗ ਦੀਆਂ 21,670 ਵਾਰਦਾਤਾਂ ਵਾਪਰੀਆਂ ਸਨ। ਲੁਧਿਆਣਾ ਨੂੰ ਤਦ ਬੱਚਿਆਂ ਲਈ ਸਭ ਤੋਂ ਵੱਧ ਅਸੁਰੱਖਿਅਤ ਸ਼ਹਿਰ ਐਲਾਨਿਆ ਗਿਆ ਸੀ ਕਿਉਂਕਿ ਉਸ ਵਰ੍ਹੇ ਬੱਚਿਆਂ ਖ਼ਿਲਾਫ਼ 275 ਅਪਰਾਧਕ ਵਾਰਦਾਤਾਂ ਦਰਜ ਹੋਈਆਂ ਸਨ। ਇਹ ਗਿਣਤੀ ਲੁਧਿਆਣਾ ਦੀਆਂ ਕੁੱਲ ਅਪਰਾਧਕ ਘਟਨਾਵਾਂ ਦਾ 11 ਫ਼ੀਸਦੀ ਸੀ। ਪੰਜਾਬ ’ਚ ਹਾਲੇ ਵੀ ਕਈ ਅਪਰਾਧਕ ਗਿਰੋਹ ਸਰਗਰਮ ਹਨ ਜਿਹੜੇ ਅਗ਼ਵਾ, ਕਤਲ ਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਲੁਧਿਆਣਾ ਤੋਂ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਨਗਰ-ਮੋਹਾਲੀ ਦਾ ਨੰਬਰ ਆਉਂਦਾ ਹੈ ਜਿੱਥੇ 172 ਘਟਨਾਵਾਂ ਵਾਪਰੀਆਂ ਸਨ ਤੇ 167 ਵਾਰਦਾਤਾਂ ਨਾਲ ਪਟਿਆਲਾ ਤੀਜੇ ਸਥਾਨ ’ਤੇ ਸੀ। ਇਕੱਲੇ ਲੁਧਿਆਣਾ ਸ਼ਹਿਰ ’ਚ ਇਸੇ ਇੱਕ ਵਰ੍ਹੇ ਦੌਰਾਨ ਅੱਠ ਬੱਚਿਆਂ ਦੇ ਕਤਲ ਹੋ ਗਏ ਸਨ। ਇਹ ਗਿਣਤੀ 2021 ਦੇ ਕਤਲਾਂ ਤੋਂ ਕਿਤੇ ਜ਼ਿਆਦਾ ਸੀ। ਇਸ ਤੋਂ ਇਲਾਵਾ ਇਕ ਹੋਰ ਖ਼ਤਰਨਾਕ ਪੱਖ ਇਹ ਵੀ ਹੈ ਕਿ ਸਾਲ 2022 ਦੌਰਾਨ ਪੰਜਾਬ ਦੇ ਮਾਨਚੈਸਟਰ ਸਮਝੇ ਜਾਂਦੇ ਲੁਧਿਆਣਾ ’ਚ 126 ਬੱਚਿਆਂ ਨੂੰ ਅਗ਼ਵਾ ਕੀਤਾ ਗਿਆ ਭਾਵੇਂ ਇਹ ਗਿਣਤੀ 2021 ’ਚ 139 ਦੇ ਮੁਕਾਬਲੇ ਘੱਟ ਸੀ। ਉਸ ਤੋਂ ਪਹਿਲਾਂ ਕੋਵਿਡ ਵਰ੍ਹੇ 2020 ’ਚ ਇਹ ਗਿਣਤੀ 117 ਰਹੀ ਸੀ। ਇਸ ਤਾਜ਼ਾ ਹਿੰਸਕ ਵਾਰਦਾਤ ਦਾ ਇਕ ਚਿੰਤਾਜਨਕ ਪੱਖ ਇਹ ਹੈ ਕਿ ਗੈਂਗਸਟਰਾਂ ਤੇ ਸੁਪਾਰੀ ਲੈ ਕੇ ਕਤਲ ਕਰਨ ਵਾਲਿਆਂ ਦੇ ਜਿਗਰੇ ਇੰਨੇ ਖੁੱਲ੍ਹ ਚੁੱਕੇ ਹਨ ਕਿ ਉਨ੍ਹਾਂ ਨੂੰ ਇਹ ਵੀ ਪਰਵਾਹ ਨਹੀਂ ਹੈ ਕਿ ਕਿਹੜਾ ਆਗੂ ਰਾਜ ’ਚ ਸੱਤਾਧਾਰੀ ਪਾਰਟੀ ਨਾਲ ਸਬੰਧਤ ਹੈ ਜਾਂ ਵਿਰੋਧੀ ਧਿਰ ਨਾਲ। ਪੁਲਿਸ ਦੇ ਜਵਾਨਾਂ ਨੂੰ ਆਮ ਤੌਰ ’ਤੇ ਵੀਆਈਪੀਜ਼ ਦੀ ਸੁਰੱਖਿਆ ’ਚ ਤਾਇਨਾਤ ਕੀਤਾ ਜਾਂਦਾ ਹੈ ਜਦਕਿ ਉਹ ਆਮ ਲੋਕਾਂ ਦੀ ਸੁਰੱਖਿਆ ਲਈ ਰਾਖਵੇਂ ਹੋਣੇ ਚਾਹੀਦੇ ਹਨ। ਕਿਸੇ ਇੱਕ ਸ਼ਖ਼ਸੀਅਤ ਲਈ ਦਰਜਨਾਂ ਸੁਰੱਖਿਆ ਗਾਰਡਾਂ ਦੀ ਭਲਾ ਕੀ ਲੋੜ ਹੈ! ਇਸ ਲਈ ਸਰਕਾਰ ਨੂੰ ਪੁਲਿਸ ਦੀ ਨਫ਼ਰੀ ਵਧਾਉਣੀ ਹੋਵੇਗੀ ਤਾਂ ਜੋ ਪ੍ਰਤੀ ਇੱਕ ਹਜ਼ਾਰ ਵਿਅਕਤੀਆਂ ਪਿੱਛੇ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਵਧ ਸਕੇ।

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਲਿੰਗਕ ਨਾ-ਬਰਾਬਰੀ ਦਾ ਸ਼ਿਕਾਰ ਭਾਰਤੀ ਨਾਰੀ



ਗੁਰਮੀਤ ਸਿੰਘ ਪਲਾਹੀ

ਵਿਸ਼ਵ ਲਿੰਗਕ ਨਾ-ਬਰਾਬਰੀ ਰਿਪੋਰਟ-2022 ਅਨੁਸਾਰ ਭਾਰਤ ਵਿਸ਼ਵ ਦੇ 146 ਦੇਸ਼ਾਂ ਵਿਚੋਂ 48 ਵੇਂ ਦਰਜੇ ‘ਤੇ ਹੈ, ਜਦਕਿ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਦਾ ਰੈਂਕ 9ਵਾਂ ਹੈ। ਦੇਸ਼ ਭਾਰਤ, ਵਿਸ਼ਵ ਦੀ ਤੀਜੀ ਵੱਡੀ ਅਰਥ ਵਿਵਸਥਾ ਬਨਣ ਦੇ ਗੇੜ ਵਿੱਚ ਹੈ, ਪਰ ਦੇਸ਼ ‘ਚ ਗਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ ‘ਚ ਦੇਸ਼ ਲਗਾਤਾਰ ਪੱਛੜ ਰਿਹਾ ਹੈ।

ਆਰਥਿਕ ਤੇ ਸਿਆਸੀ ਤੌਰ ‘ਤੇ ਹੀ ਨਹੀਂ, ਸਮਾਜਿਕ ਤੌਰ ‘ਤੇ ਵੀ ਦੇਸ਼ ਭਾਰਤ ‘ਚ ਲਿੰਗਕ ਅਸਮਾਨਤਾ ਹੈ। ਦੇਸ਼ ‘ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਜ਼ਦੂਰੀ ਨਹੀਂ ਮਿਲਦੀ, ਸਮਾਜਿਕ ਤੌਰ ‘ਤੇ ਤ੍ਰਿਸਕਾਰ ਇੰਨਾ ਕਿ ਹਾਲੇ ਵੀ ਦੇਸ਼ ਦੇ ਕੁਝ ਖੇਤਰਾਂ ‘ਚ ਉਸ ਨਾਲ ਹੱਦੋ ਵੱਧ ਭੈੜਾ ਸਲੂਕ ਹੁੰਦਾ ਹੈ। ਉਹਨਾ ਨੂੰ ਡੈਣ ਤੱਕ ਕਿਹਾ ਜਾਂਦਾ ਹੈ। ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੀ ਪਾਲਣ-ਪੋਸ਼ਣ ਅਤੇ ਸਿੱਖਿਆ ਨਹੀਂ। ਖਾਣ-ਪੀਣ ‘ਚ ਵੀ ਘਰਾਂ ‘ਚ ਦਰੇਗ ਹੁੰਦਾ ਹੈ ਅਤੇ ਕਈ ਥਾਈਂ ਤਾਂ ਹਾਲਤ ਇਹੋ ਜਿਹੇ ਹਨ ਕਿ ਉਹਨਾ ਦੇ ਜੰਮਣ ‘ਤੇ ਵੀ ਪਾਬੰਦੀ ਹੈ, ਭਾਵ ਕੁੱਖਾਂ ਵਿੱਚ ਹੀ ਉਸ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਟਾ ਦੇਸ਼ ਵਿੱਚ ਇਸ ਵੇਲੇ ਮਰਦ ਔਰਤ, ਅਨੁਪਾਤ 1000 ਮਰਦਾਂ ਪਿੱਛੇ 952 ਔਰਤਾਂ ਹਨ।

ਭਾਰਤ ਦੇਸ਼ ਵਿੱਚ ਲਿੰਗ ਭੇਦ ਭਾਵ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਮਜ਼ਬੂਤ ਹਨ। ਲਿੰਗਕ ਨਾ-ਬਰਾਬਰੀ ਦੇਸ਼ ਵਿੱਚ ਇਸ ਕਦਰ ਪੈਰ ਪਸਾਰ ਚੁੱਕੀ ਹੈ ਕਿ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਘਰ ਵਿੱਚ ਲਏ ਫ਼ੈਸਲਿਆਂ ‘ਚ ਔਰਤਾਂ ਦੀ ਕੋਈ ਭੂਮਿਕਾ ਹੀ ਨਹੀਂ। ਇਥੇ ਹੀ ਬੱਸ ਨਹੀਂ ਸਮਾਜਿਕ ਸੰਗਠਨਾਂ ‘ਚ ਵੀ ਔਰਤਾਂ ਦੀ ਭੂਮਿਕਾ ਨਾ ਮਾਤਰ ਹੈ। ਸਿਆਸੀ ਖੇਤਰ ‘ਚ ਤਾਂ ਉਹ ਹੱਦੋਂ ਵੱਧ ਪਿੱਛੇ ਧੱਕੀਆਂ ਗਈਆਂ ਹੋਈਆਂ ਹਨ। ਦੇਸ ਦੀ ਪਹਿਲੀ ਲੋਕ ਸਭਾ ‘ਚ ਸਿਰਫ਼ 5 ਫ਼ੀਸਦੀ ਔਰਤਾਂ ਹੀ ਦੇਸ਼ ਦੀ ਪਾਰਲੀਮੈਂਟ ਵਿੱਚ ਬੈਠ ਸਕੀਆਂ ਸਨ। ਇੰਜ ਦੇਸ਼ ਦੇ ਨੀਤੀ ਨਿਰਧਾਰਨ ‘ਚ ਖ਼ਾਸ ਕਰਕੇ ਔਰਤਾਂ ਪ੍ਰਤੀ ਨੀਤੀਆਂ ਘੜਨ ‘ਚ ਉਹਨਾ ਦੀ ਭੂਮਿਕਾ ਨਾ ਮਾਤਰ ਹੀ ਰਹੀ ਹੈ।

ਭਾਰਤੀ ਨਾਰੀ, ਜਿਥੇ ਮਰਦ ਪ੍ਰਧਾਨ ਸਮਾਜ ‘ਚ ਮਾਨਸਿਕ ਪੀੜਾਂ ਵਿਚੋਂ ਲੰਘ ਰਹੀ ਹੈ, ਉਥੇ ਜਿਸਮਾਨੀ ਤੌਰ ‘ਤੇ ਵੀ ਉਸਦਾ ਬੇਹੱਦ ਸੋਸ਼ਣ ਹੁੰਦਾ ਹੈ। ਘਰੇਲੂ ਕਿਰਤ ਤੋਂ ਬਿਨ੍ਹਾਂ ਪਰਿਵਾਰ ਦੇ ਪਾਲਣ ਪੋਸ਼ਣ ਲਈ ਉਸਦੀ ਜਿਸਮਾਨੀ ਮਿਹਨਤ ਦਾ ਉਸਨੂੰ ਇਵਜ਼ਾਨਾ ਨਹੀਂ ਮਿਲਦਾ। ਦੇਸ਼ ਦੀ ਖੇਤੀਬਾੜੀ ਵਿੱਚ ਔਰਤਾਂ ਦੀ ਕਿਰਤ ਦਾ ਹਿੱਸਾ 62.9 ਫ਼ੀਸਦੀ ਹੈ, ਪਰ ਉਹਨੂੰ ਤਾਂ ਕਈ ਹਾਲਤਾਂ ਵਿੱਚ ਢਿੱਡ ਭਰਕੇ ਰੋਟੀ ਵੀ ਨਸੀਬ ਨਹੀਂ ਹੁੰਦੀ। ਕਿੱਡਾ ਵੱਡਾ ਤ੍ਰਿਸਕਾਰ ਅਤੇ ਵਿਤਕਰਾ ਹੈ ਇਹ!

ਦੇਸ਼ ਦੀ ਆਜ਼ਾਦੀ ਦੀ ਪੌਣੀ ਸਦੀ ਬੀਤਣ ਅਤੇ ਭਾਰਤੀ ਸੰਵਿਧਾਨ ਵਿੱਚ ਬਰਾਬਰ ਦੇ ਹੱਕ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਵੀ ਭਾਰਤੀ ਨਾਰੀ ਦੇ ਦੇਸ਼ ਵਿੱਚ ਹਾਲਾਤ ਸੁਖਾਵੇਂ ਨਹੀਂ। ਭਾਵੇਂ ਦੇਸ਼ ਦੇ ਕੁਝ ਖਿੱਤਿਆਂ ‘ਚ ਉਸਨੂੰ ਸਨਮਾਨਜਨਕ ਹੱਕ ਮਿਲੇ ਹਨ, ਸਿੱਖਿਆ ਪਰਾਪਤੀ ਅਤੇ ਮੁੜ ਨੌਕਰੀਆਂ ‘ਚ ਵੀ ਉਸਨੂੰ ਕੁਝ ਹਿੱਸਾ ਮਿਲਿਆ ਹੈ, ਪਰ ਦੇਸ਼ ਦੀ ਆਬਾਦੀ ਦਾ ਲਗਭਗ ‘ਅੱਧ’ ਹੋਣ ‘ਤੇ ਵੀ ਉਸਨੂੰ ਬਹੁਤੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣੇ ਜਿਹੇ ਭਾਰਤ ਦੀ 17ਵੀਂ ਪਾਰਲੀਮੈਂਟ ਵਿੱਚ 106 ਵੀਂ ਸੋਧ ਔਰਤਾਂ ਅਤੇ ਮਰਦਾਂ ‘ਚ ਅਸਮਾਨਤਾ ਦਾ ਖੱਪਾ ਪੂਰਿਆਂ ਕਰਨ ਲਈ ਕੀਤੀ ਗਈ ਹੈ, ਜਿਸ ਅਨੁਸਾਰ ਲੋਕ ਸਭਾ, ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ, ਦਿੱਲੀ ਅਸੰਬਲੀ ਵਿੱਚ ਕੁੱਲ ਸੀਟਾਂ ਦਾ ਤੀਜਾ ਹਿੱਸਾ ਔਰਤਾਂ ਲਈ ਰਾਖਵਾਂ ਕੀਤਾ ਗਿਆ ਹੈ। ਮੌਜੂਦਾ ਲੋਕ ਸਭਾ (2019-2024) ਵਿੱਚ ਔਰਤਾਂ ਦੀ ਗਿਣਤੀ ਮਸਾਂ 15 ਫ਼ੀਸਦੀ ਹੈ ਅਤੇ ਵਿਧਾਨ ਸਭਾਵਾਂ ‘ਚ ਇਹਨਾ ਦੀ ਗਿਣਤੀ ਮਸਾਂ 9 ਫ਼ੀਸਦੀ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਹ ਕਾਨੂੰਨ ਉਸ ਵੇਲੇ ਲਾਗੂ ਗਿਣਿਆ ਜਾਏਗਾ, ਜਦੋਂ ਭਾਰਤ ਵਿੱਚ ਮਰਦਮਸ਼ੁਮਾਰੀ ਹੋਣ ਉਪਰੰਤ ਉਸਦੇ ਅੰਕੜੇ ਛਪਣਗੇ। 2021 ‘ਚ ਹੋਣ ਵਾਲੀ ਮਰਦਮਸ਼ੁਮਾਰੀ ਕਰੋਨਾ ਦੀ ਭੇਂਟ ਚੜ੍ਹ ਗਈ ਸੀ। ਅਤੇ ਹਾਲੇ ਨੇੜ ਭਵਿੱਖ ‘ਚ ਇਹ ਮਰਦਮਸ਼ੁਮਾਰੀ ਹੋਣ ਦੀ ਸੰਭਾਵਨਾ ਨਹੀਂ। ਜੇਕਰ 2025 ਜਾਂ 2026 ‘ਚ ਮਰਦਮਸ਼ੁਮਾਰੀ ਹੋ ਜਾਂਦੀ ਹੈ ਤਦ ਵੀ ਅੰਕੜੇ ਛਾਪਣ ਲਈ ਘੱਟੋ-ਘੱਟ ਦੋ ਸਾਲ ਲਗਦੇ ਹਨ। ਜਿਸਦਾ ਸਿੱਧਾ ਅਰਥ ਅਤੇ ਅੰਦਾਜ਼ਾ ਇਹ ਹੈ ਕਿ ਇਹ ਕਾਨੂੰਨ 2029 ਦੀਆਂ ਚੋਣਾਂ ‘ਚ ਸ਼ਾਇਦ ਹੀ ਲਾਗੂ ਹੋ ਸਕੇ। ਉਂਜ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ 15 ਸਾਲਾਂ ਲਈ ਗਿਣਿਆ ਜਾਏਗਾ।

ਅਸਲ ਵਿੱਚ ਦੇਸ਼ ਦੇ ਹਾਕਮ ਸਮੇਂ-ਸਮੇਂ ‘ਤੇ ਔਰਤਾਂ ਦੀਆਂ ਵੋਟਾਂ ਹਥਿਆਉਣ ਲਈ ਨਵੇਂ ਕਾਨੂੰਨ ਬਨਾਉਣ ਦੇ ਦਮਗਜੇ ਮਾਰਦੇ ਰਹੇ, ਪਰ ਇਹ ਪਾਰਲੀਮੈਂਟ ‘ਚ ਪੇਸ਼ ਕੀਤੇ ਬਿੱਲ ਔਰਤਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ ‘ਚ ਸੀਟਾਂ ਰਾਖਵੀਆਂ ਕਰਨ ਲਈ ਪੇਸ਼ ਬਿੱਲ, ਕਾਨੂੰਨ ਨਾ ਬਣ ਸਕੇ। 1979, 1996, 1998, 1999 ‘ਚ ਪੇਸ਼ ਇਹ ਬਿੱਲ ਕਿਸੇ ਸਿਰੇ ਨਾ ਲੱਗੇ। ਫਿਰ 2008 ‘ਚ ਇਹ ਬਿੱਲ ਰਾਜ ਸਭਾ ‘ਚ ਡਿੱਗ ਪਿਆ ਸੀ। ਦੇਸ਼ ਦੀ ਹਰੇਕ ਪਾਰਟੀ ਨੇ ਔਰਤਾਂ ਨਾਲ ਦਰੇਗ ਕੀਤਾ ਅਤੇ ਇਹ ਹੁਣ ਵੀ ਜਾਰੀ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਮੌਜੂਦਾ ਦੌਰ ‘ਚ ਆਪਣੀਆਂ ਲੋਕ ਸਭਾ, ਵਿਧਾਨ ਸਭਾ ਸੀਟਾਂ ‘ਤੇ ਬਹੁਤ ਘੱਟ ਔਰਤ ਉਮੀਦਵਾਰਾਂ ਨੂੰ ਟਿਕਟਾਂ ਦਿੰਦੀਆਂ ਹਨ ਅਤੇ ਉਹਨਾ ਨੂੰ ਵਜ਼ਾਰਤ ਵਿੱਚ ਬਹੁਤ ਘੱਟ ਗਿਣਤੀ ‘ਚ ਸ਼ਾਮਲ ਕਰਦੀਆਂ ਹਨ।

ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ‘ਚ ਰਾਖਵੇਂਕਰਨ ਦੇ ਨਾਲ-ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਮਿਉਂਸਪਲ ਕਮੇਟੀਆਂ ਆਦਿ ਵਿੱਚ ਸੰਵਿਧਾਨ ‘ਚ ਸੋਧ ਕਰਕੇ ਔਰਤਾਂ ਨੂੰ 33 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡਾਂ, ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ‘ਚ ਚੁਣੀਆਂ ਸਰਪੰਚ, ਪੰਚ ਜਾਂ ਮੈਂਬਰਾਨ ਦੀ ਥਾਂ ਉਹਨਾ ਦੇ ਪਤੀ, ਭਰਾ, ਪਿਓ ਜਾਂ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ਕੰਮ ਕਰਦੇ ਵੇਖੇ ਜਾਂਦੇ ਹਨ ਭਾਵ ਉਹਨਾ ਨੂੰ ਆਪਣੇ ਹੱਕ ਵਰਤਨ ਦਾ ਮੌਕਾ ਹੀ ਨਹੀਂ ਮਿਲਦਾ।

ਨੀਤੀ ਨਿਰਮਾਣ ਖੇਤਰ (ਭਾਵ ਪਾਰਲੀਮੈਂਟ ਆਦਿ) ‘ਚ ਹੀ ਨਹੀਂ, ਔਰਤਾਂ ਨੂੰ ਦੇਸ਼ ਦੀ ਗਵਰਨੈਂਸ ‘ਚ ਵੀ ਬਰਾਬਰ ਹੱਕ ਕਦੇ ਨਹੀਂ ਮਿਲੇ। ਹੁਣ ਤੱਕ ਦੇਸ਼ ਵਿੱਚ ਸਿਰਫ਼ ਇੱਕ ਔਰਤ ਹੀ ਪ੍ਰਧਾਨ ਮੰਤਰੀ ਬਣੀ, ਸਿਰਫ਼ ਦੋ ਔਰਤਾਂ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰ ਸਕੀਆਂ ਅਤੇ ਸਿਰਫ਼ 15 ਔਰਤਾਂ ਮੁੱਖ ਮੰਤਰੀ ਦੇ ਅਹੁਦੇ ਉਤੇ ਪੁੱਜ ਸਕੀਆਂ। ਇਥੇ ਹੀ ਬੱਸ ਨਹੀਂ ਦੇਸ਼ ਦੀ ਸੁਪਰੀਮ ਕੋਰਟ ਦੀ ਕੋਈ ਵੀ ਔਰਤ ਜੱਜ, ਮੁੱਖ ਜੱਜ ਦੇ ਅਹੁਦੇ ਤੱਕ ਨਹੀਂ ਪੁੱਜ ਸਕੀ।

ਭਾਵੇਂ ਭਾਰਤ ਵਿੱਚ ਅੱਜ ਵੀ ਵਿਵਹਾਰਿਕ ਤੌਰ ‘ਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਜਾਇਦਾਦ ਵਿੱਚ ਹੱਕ ਹਨ, ਪਰ ਅਸਲ ਸੱਚਾਈ ਕੁਝ ਹੋਰ ਹੀ ਹੈ। ਔਰਤ ਨਾਲ ਜਾਇਦਾਦ ਦੇ ਹੱਕ ਵਿੱਚ ਭੇਦ ਭਾਵ ਹੈ। ਪ੍ਰੰਪਰਾਗਤ ਰੂਪ ਵਿੱਚ ਸਮਾਜ ਵਿੱਚ ਔਰਤਾਂ ਨੂੰ ਕਮਜ਼ੋਰ ਵਰਗ ਵਜੋਂ ਦੇਖਿਆ ਜਾਂਦਾ ਹੈ। ਉਸ ਨਾਲ ਘਰ ਅਤੇ ਸਮਾਜ ਦੋਵੇਂ ਥਾਵਾਂ ‘ਤੇ ਸੋਸ਼ਣ, ਅਪਮਾਨ ਅਤੇ ਭੇਦ ਭਾਵ ਹੁੰਦਾ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਿਲਵਿਆ ਵਾਲਵੇ ਅਨੁਸਾਰ “ਪਿਤਾ ਪੁਰਖੀ ਸਮਾਜਿਕ ਬਣਤਰ ‘ਚ ਇਹੋ ਜਿਹੀ ਪ੍ਰਕਿਰਿਆ ਅਤੇ ਵਿਵਸਥਾ ਹੈ, ਜਿਸ ਵਿੱਚ ਆਦਮੀ ਔਰਤ ਉਤੇ ਆਪਣੀ ਧੌਂਸ ਜਮਾਉਂਦਾ ਹੈ, ਉਸ ਉਤੇ ਰੋਹਬ ਪਾਉਂਦਾ ਹੈ ਅਤੇ ਉਸਦਾ ਸੋਸ਼ਣ ਕਰਦਾ ਹੈ”। ਜੇਕਰ ਇੰਜ ਨਾ ਹੁੰਦਾ ਤਾਂ ਔਰਤਾਂ ਨੂੰ ਦਾਜ ਦੀ ਬਲੀ ਨਾ ਚੜ੍ਹਾਇਆ ਜਾਂਦਾ, ਉਸ ਉਤੇ ਘਰੇਲੂ ਹਿੰਸਾ ਨਾ ਹੁੰਦੀ। ਸਾਲ 2023 ਵਿੱਚ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਕੋਲ 28811 ਸ਼ਿਕਾਇਤਾਂ ਔਰਤਾਂ ਵਲੋਂ ਘਰੇਲੂ ਹਿੰਸਾ ਸਬੰਧੀ ਦਰਜ਼ ਕਰਵਾਈਆਂ ਗਈਆਂ। ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 32 ਫ਼ੀਸਦੀ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਜਿਸਮਾਨੀ ਅਤੇ ਮਾਨਸਿਕ ਹਿੰਸਾ ਸਹਿੰਦੀਆਂ ਹਨ।

ਔਰਤਾਂ ਨਾਲ ਭੇਦ ਭਾਵ, ਔਰਤਾਂ ਉਤੇ ਹਿੰਸਾ ਦੀਆਂ ਜੜ੍ਹਾਂ ਬੇਹੱਦ ਡੂੰਘੀਆਂ ਹਨ। ਫੈਡਰਿਕ ਐਂਗਲਜ਼ ਆਪਣੀ ਪੁਸਤਕ ਪਰਿਵਾਰ, ਪ੍ਰਾਈਵੇਟ ਜਾਇਦਾਦ ਅਤੇ ਰਾਜ ਵਿੱਚ ਲਿਖਦੇ ਹਨ ਕਿ ਖੇਤੀ ਉਤਪਾਦਕਾਂ ਦੇ ਵਾਧੇ ਨਾਲ ਮਨੁੱਖੀ ਮਨ ‘ਚ ਪ੍ਰਾਈਵੇਟ ਜਾਇਦਾਦ ਦੀ ਭਾਵਨਾ ਪੈਦਾ ਹੋਈ, ਜਿਸ ਨਾਲ ਸੁਸਾਇਟੀ ‘ਚ ਟੋਹਰ ਟੱਪੇ ਦੀ ਭਾਵਨਾ ਪ੍ਰਬਲ ਹੋਈ। ਸਿੱਟਾ ਕਬਜ਼ੇ ਦੀ ਭਾਵਨਾ ਨਾਲ ਰਾਜ ਕਰਨਾ ਆਰੰਭਿਆ ਅਤੇ ਔਰਤ ਨੂੰ ਵੀ ਮਰਦ ਨੇ ਆਪਣੀ ਜਾਇਦਾਦ ਸਮਝਣਾ ਸ਼ੁਰੂ ਕੀਤਾ। ਇਥੋਂ ਹੀ ਮਰਦ ਦੀ ਪ੍ਰਧਾਨਤਾ ਨੇ ਕੰਮ ਕੀਤਾ। ਇਹ ਪ੍ਰਧਾਨਤਾ ਰਾਜ ਭਾਗ ਵਿੱਚ ਵੀ ਪ੍ਰਵਾਨੀ ਗਈ ਅਤੇ ਮਰਦਾਂ ਦਾ ਔਰਤ ਉਤੇ ਰਾਜ ਅਤੇ ਔਰਤਾਂ ਦਾ ਸੋਸ਼ਣ ਆਰੰਭ ਹੋਇਆ।

ਵੱਖੋ-ਵੱਖਰੀਆਂ ਸਭਿਆਤਾਵਾਂ, ਦੇਸ਼ਾਂ ਵਿੱਚ ਮਰਦ, ਔਰਤਾਂ ਦੇ ਸਬੰਧਾਂ ਵਿੱਚ ਧਰਮ ਨੇ ਵੱਡਾ ਰੋਲ ਨਿਭਾਇਆ। ਬਹੁਤ ਘੱਟ ਧਰਮਾਂ ਵਿੱਚ, ਔਰਤ ਦੀਆਂ ਬਹੁਤੀਆਂ ਤਾਰੀਫ਼ਾਂ ਨਹੀਂ ਮਿਲਦੀਆਂ। ਭਾਰਤ ਵਿੱਚ ਤਾਂ ਔਰਤਾਂ ਦਾ ਸੋਸ਼ਣ ਭਾਰਤੀ ਸਮਾਜ ਵਿੱਚ ਸਦੀਆਂ ਪੁਰਾਣੀ ਸੰਸਕ੍ਰਿਤਕ ਘਟਨਾ ਹੈ। ਹਿੰਦੂ, ਮੁਸਲਿਮ ਧਰਮਾਂ ‘ਚ ਮਰਦ ਪ੍ਰਧਾਨਤਾ ਵੇਖਣ ਨੂੰ ਮਿਲਦੀ ਹੈ। ਉਦਾਹਰਨ ਦੇ ਤੌਰ ‘ਤੇ ਭਾਰਤੀ ਪ੍ਰਾਚੀਨ ਹਿੰਦੂ ਕਾਨੂੰਨ ਦੇ ਨਿਰਮਾਤਾ ਮਨੂ ਸਮ੍ਰਿਤੀ ਦੇ ਅਨੁਸਾਰ, “ਇਹ ਮੰਨਿਆ ਜਾਂਦਾ ਹੈ ਕਿ ਔਰਤ ਨੂੰ ਆਪਣੇ ਬਚਪਨ ‘ਚ ਪਿਤਾ ਅਧੀਨ, ਵਿਆਹ ਤੋਂ ਬਾਅਦ ਆਪਣੇ ਪਤੀ ਦੇ ਅਧੀਨ ਅਤੇ ਬੁਢਾਪੇ ਜਾਂ ਵਿਧਵਾ ਹੋਣ ਤੋਂ ਬਾਅਦ ਆਪਣੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਉਸਨੂੰ ਖ਼ੁਦ ਨੂੰ ਆਜ਼ਾਦ ਰਹਿਣ ਦੀ ਆਗਿਆ ਨਹੀਂ ਹੈ”।

ਇੰਜ ਧਾਰਮਿਕ ਮਾਨਤਾਵਾਂ ਵਿੱਚ ਵੀ ਔਰਤਾਂ ਨਾਲ ਇੱਕ ਕਿਸਮ ਦਾ ਵਿਤਕਰਾ ਹੋ ਰਿਹਾ ਹੈ। ਉਸ ਦੇ ਸਮਾਜ ਵਿੱਚ ਹੇਠਲੇ ਪੱਧਰ ਹੋਣ ਦਾ ਕਾਰਨ ਗਰੀਬੀ ਅਤੇ ਸਿੱਖਿਆ ‘ਚ ਘਾਟ ਹੈ। ਇਸ ਸਥਿਤੀ ਵਿੱਚ ਔਰਤਾਂ ਨੂੰ ਬਹੁਤ ਹੀ ਘੱਟ ਵੇਤਨ ਮਿਲਦਾ ਹੈ, ਉਹ ਘਰੇਲੂ ਨੌਕਰ ਜਾਂ ਤੁਛ ਜਿਹੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ ਤਾਂ ਕਿ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ ਅਤੇ ਕਈ ਵੇਰ ਤਾਂ ਉਹਨਾ ਨੂੰ ਵੇਸਵਾ ਵਿਰਤੀ ਵੱਲ ਵੀ ਧੱਕ ਦਿੱਤਾ ਜਾਂਦਾ ਹੈ।

ਭਾਰਤ ਦੇ ਸੰਵਿਧਾਨ ਦੀ ਧਾਰਾ 15 ਅਧੀਨ ਲਿੰਗ, ਧਰਮ, ਜਾਤੀ ਅਤੇ ਜਨਮ ਸਥਾਨ ਵੱਖਰਾ ਹੋਣ ‘ਤੇ ਕੀਤੇ ਕਿਸੇ ਵੀ ਭੇਦ ਭਾਵ ਦੀ ਮਨਾਹੀ ਕਰਦੀ ਹੈ। ਇਸੇ ਅਧਾਰ ਉਤੇ ਔਰਤਾਂ ਲਈ ਸੰਵਿਧਾਨਿਕ ਸੁਰੱਖਿਆ ਲਈ ਪ੍ਰਬੰਧ ਹਨ ਪਰ ਜ਼ਮੀਨੀ ਹਕੀਕਤ ਵੱਖਰੀ ਹੈ। ਇਹਨਾ ਸਾਰੇ ਪ੍ਰਾਵਧਾਨਾਂ ਦੇ ਬਾਵਜੂਦ ਔਰਤਾਂ ਨਾਲ ਅੱਜ ਵੀ ਦੂਜੀ ਸ਼੍ਰੇਣੀ ਦੇ ਨਾਗਰਿਕ ਜਿਹਾ ਵਰਤਾਓ ਕੀਤਾ ਜਾਂਦਾ ਹੈ। ਮਰਦ ਉਹਨਾ ਨੂੰ ਸਿਰਫ਼ ਆਪਣੀ ਕਾਮੁਕ ਇੱਛਾ ਦੀ ਪੂਰਤੀ ਕਰਨ ਦਾ ਮਾਧਿਅਮ ਹੀ ਨਹੀਂ ਮੰਨਦਾ ਸਗੋਂ ਔਰਤਾਂ ਉਤੇ ਅਤਿਆਚਾਰ ਕਰਨ ਤੋਂ ਵੀ ਦਰੇਗ ਨਹੀਂ ਕਰਦਾ।

ਬਿਨ੍ਹਾਂ ਸ਼ੱਕ ਔਰਤਾਂ ‘ਚ ਆਪਣੇ ਹੱਕਾਂ ਪ੍ਰਤੀ ਚੇਤਨਤਾ ਵਧ ਰਹੀ ਹੈ। ਪਰ ਲਿੰਗਕ ਨਾ-ਬਰਾਬਰੀ ਦੂਰ ਕਰਨ ਲਈ ਕਾਨੂੰਨੀ ਪ੍ਰਾਵਧਾਨ ਦੇ ਇਲਾਵਾ ਉਹਨਾ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਤੇ ਸਮਾਜ ਨੂੰ ਅੱਗੇ ਆਉਣਾ ਪਵੇਗਾ। ਸਿਰਫ਼ ਵੋਟ ਪ੍ਰਾਪਤੀ ਲਈ ਕੀਤੇ ਐਲਾਨ ਉਹਨਾ ਦਾ ਕੁਝ ਵੀ ਸੁਆਰ ਨਹੀਂ ਸਕਣਗੇ।

### ਅਣਗੌਲਿਆ ਆਜ਼ਾਦੀ ਘੁਲਾਟੀਆ

# ਡਾ.ਗੁਰਦੇਵ ਸਿੰਘ ਸਿੱਧੂ ਦੀ ਪੁਸਤਕ ਗਿਆਨੀ ਊਧਮ ਸਿੰਘ ਜਦੋਜਹਿਦ ਦੀ ਦਾਸਤਾਂ



ਉਜਾਗਰ ਸਿੰਘ
ਮੋਬਾਈਲ-94178 13072
ujagarsinghDH@yahoo.com

ਡਾ.ਗੁਰਦੇਵ ਸਿੰਘ ਸਿੱਧੂ ਦੀ ਪੁਸਤਕ ‘ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਊਧਮ ਸਿੰਘ’ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਅਣਗੌਲੇ ਆਜ਼ਾਦੀ ਘੁਲਾਟੀਆਂ ਬਾਰੇ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਦੀ ਲੜੀ ਦੀ ਇਹ ਤੀਜੀ ਪੁਸਤਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੋ ਪੁਸਤਕਾਂ ‘ਬਾਬਾ ਧਿਆਨ ਸਿੰਘ ਮਹੇਸਰੀ’ ਅਤੇ ‘ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ’ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਦੀ ਲੜੀ ਸ਼ੁਰੂ ਕਰਨਾ ਡਾ.ਗੁਰਦੇਵ ਸਿੰਘ ਸਿੱਧੂ ਦੀ ਪੰਜਾਬੀਆਂ ਖਾਸ ਤੌਰ ‘ਤੇ ਸਿੱਖਾਂ ਦੀ ਆਜ਼ਾਦੀ ਦੀ ਜਦੋਜਹਿਦ ਦੀ ਵਿਰਾਸਤ ਨੂੰ ਇਤਿਹਾਸ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਹੈ ਤਾਂ ਜੋ ਪੰਜਾਬੀਆਂ/ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਵਿਰਾਸਤ ਤੇ ਪਹਿਰਾ ਦੇਣ ਦੀ ਕੋਸ਼ਿਸ਼ ਅਤੇ ਮਾਣ ਕਰ ਸਕਣ ਕਿ ਉਨ੍ਹਾਂ ਦੇ ਪੁਰਖੇ ਕਿਤਨੇ ਦੇਸ਼ ਭਗਤ ਅਤੇ ਸਿਰੜੀ ਸਨ। ਡਾ.ਗੁਰਦੇਵ ਸਿੰਘ ਸਿੱਧੂ ਵਿਦਵਾਨ ਸਾਹਿਤਕਾਰ ਤੇ ਇਤਿਹਾਸਕਾਰ ਹਨ। ਉਨ੍ਹਾਂ ਦੀਆਂ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਮਰਾਠੀ ਵਿੱਚ ਚਾਰ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਡਾ.ਗੁਰਦੇਵ ਸਿੰਘ ਸਿੱਧੂ ਨੂੰ ਇਸ ਗੱਲ ਦਾ ਦੁੱਖ ਹੈ ਕਿ ਭਾਰਤ ਦੇ ਇਤਿਹਾਸਕਾਰਾਂ ਨੇ ਤਾਂ ਉਨ੍ਹਾਂ ਦੇ ਪੁਰਖਿਆਂ ਨੂੰ ਅਣਡਿਠ ਕੀਤਾ ਹੀ ਸੀ ਪ੍ਰੰਤੂ ਪੰਜਾਬ ਦੇ ਨਾਮਵਰ ਇਤਿਹਾਸਕਾਰਾਂ ਨੇ ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੇ ਯੋਗਦਾਨ ਨੂੰ ਅਣਡਿਠ ਕਰਕੇ ਪੰਜਾਬੀਆਂ/ਸਿੱਖਾਂ ਨਾਲ ਧਰੋਹ ਕਮਾਇਆ ਹੈ। ਡਾ.ਫ਼ੌਜਾ ਸਿੰਘ ਇਤਿਹਾਸਕਾਰ ਦੀ ਅਗਵਾਈ ਵਿੱਚ ਇਤਿਹਾਸਕਾਰਾਂ ਦੀ ਟੀਮ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੀ ਤਿਆਰ ਕੀਤੀ ਨਾਮਵਲੀ WhoÓs Who Punjab Freedom Fighters ਵੱਡ-ਆਕਾਰੀ ਪੁਸਤਕ ਵਿੱਚ ਗਿਆਨੀ ਊਧਮ ਸਿੰਘ ਦਾ ਨਾਮ ਹੀ ਨਹੀਂ। ਇਥੋਂ ਤੱਕ ਕਿ ਉਨ੍ਹਾਂ ਦੇ ਪਿੰਡ ਦੇ ਜਥੇਦਾਰ ਅਮਰ ਸਿੰਘ ਨੇ ਕਿਤਾਬਚਾ ‘ ਇਤਿਹਾਸ ਪਿੰਡ ਖਣਿਆਣ’ ਪ੍ਰਕਾਸ਼ਤ ਕਰਵਾਇਆ, ਜਿਸ ਵਿੱਚ ਪਿੰਡ ਦੇ 14 ਜਲਾਵਤਨੀਆਂ ਦੇ ਨਾਮ ਹਨ ਪ੍ਰੰਤੂ ਗਿਆਨੀ ਊਧਮ ਸਿੰਘ ਦਾ ਨਾਮ ਨਹੀਂ ਲਿਖਿਆ। ਲੇਖਕ ਨੇ ਪੁਸਤਕ ਨੂੰ 10 ਅਧਿਆਇ ਵਿੱਚ ਵੰਡਿਆ ਹੈ। ਪਹਿਲੇ ਅਧਿਆਇ ਵਿੱਚ ਲੇਖਕ ਨੇ ਗਿਆਨੀ ਊਧਮ ਸਿੰਘ ਦੀ ਜੀਵਨੀ ਲਿਖਣ ਲਈ ਨੈਸ਼ਨਲ ਆਰਕਾਈਵ ਦਿੱਲੀ ਅਤੇ ਗਿਆਨੀ ਊਧਮ ਸਿੰਘ ਦੇ ਪਿੰਡ, ਉਨ੍ਹਾਂ ਦੇ ਸਹੁਰਿਆਂ ਅਤੇ ਅੱਗੋਂ ਉਨ੍ਹਾਂ ਵੱਲੋਂ ਦੱਸੇ ਗਏ ਹੋਰ ਬਹੁਤ ਸਾਰੇ ਲੋਕਾਂ ਨੂੰ ਮਿਲ ਕੇ ਬੜੀ ਜਦੋਜਹਿਦ ਤੋਂ ਬਾਅਦ ਇਹ ਪੁਸਤਕ ਲਿਖੀ ਹੈ। ਬੀਬਾ ਬਲਵੰਤ ਕੌਰ ਪੰਧੇਰ ਕੋਲ ਗਿਆਨੀ ਊਧਮ ਸਿੰਘ ਦੀ ਲਿਖੀ ਸਵੈ-ਜੀਵਨੀ ਦਾ ਪਹਿਲਾ ਭਾਗ ਸੀ, ਜਿਹੜੀ ਉਨ੍ਹਾਂ ਲੇਖਕ ਨੂੰ ਦੇ ਦਿੱਤੀ। ਬੀਬਾ ਬਲਵੰਤ ਕੌਰ ਦੇ ਪਿਤਾ ਦੁਰਲਭ ਸਿੰਘ ਗਿਆਨੀ, ਊਧਮ ਸਿੰਘ ਦੇ ਸਾਥੀ ਰਹੇ ਸਨ। ਉਸ ਜੀਵਨੀ ਅਨੁਸਾਰ ਗਿਆਨੀ ਊਧਮ ਸਿੰਘ ਦਾ ਜਨਮ ਨਾਭਾ ਰਿਆਸਤ ਦੇ ਪਿੰਡ ਖਣਿਆਣ ਵਿੱਚ ਪਿਤਾ ਵਜ਼ੀਰ ਸਿੰਘ ਅਤੇ ਮਾਤਾ ਦੌਲਤਾਂ ਦੀ ਕੁੱਖੋਂ 1898 ਦੇ ਨੇੜੇ ਤੇੜੇ ਹੋਇਆ। ਹੁਣ ਇਹ ਪਿੰਡ ਫ਼ਤਿਹਗੜ੍ਹ ਸਾਹਿਬ ਜਿਲ੍ਹੇ ਵਿੱਚ ਹੈ। ਉਹ ਗੁਜਰ ਬਰਾਦਰੀ ਵਿੱਚੋਂ ਸੀ। ਪਲੇਗ ਦੀ ਬਿਮਾਰੀ ਕਰਕੇ ਮਾਤਾ ਪਿਤਾ ਛੋਟੀ ਉਮਰ ਵਿੱਚ ਹੀ ਸਵਰਗਵਾਸ ਹੋ ਗਏ। ਉਸ ਦੇ ਚਾਚੇ ਗਿਰਦੇ ਨੇ ਦੋਵੇਂ ਭੈਣ ਭਰਾ ਦਾ ਪਾਲਣ ਪੋਸ਼ਣ ਕੀਤਾ। 1914 ਵਿੱਚ ਉਹ ਅੰਗਰੇਜ਼ ਫ਼ੌਜ ਵਿੱਚ ਭਰਤੀ ਹੋ ਗਏ। ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲਿਆ ਤੇ ਦੋ ਵਾਰ ਲੜਾਈ ਵਿੱਚ ਜਖ਼ਮੀ ਹੋਇਆ। 1920 ਵਿੱਚ ਫ਼ੌਜ ਦੀ ਨਫਰੀ ਘਟਾਉਣ ਸਮੇਂ ਉਨ੍ਹਾਂ ਨੂੰ ਨੌਕਰੀ ‘ਚੋਂ ਵਾਪਸ ਭੇਜ ਦਿੱਤਾ ਗਿਆ। ਦੂਜੇ ਅਧਿਆਇ ਦਾ ਸਿਰਲੇਖ ‘ਬਾਬੂ ਸਿੰਘ ਤੋਂ ਊਧਮ ਸਿੰਘ ਅਤੇ ਅਕਾਲੀ ਲਹਿਰ ਵਿੱਚ ਯੋਗਦਾਨ’ ਹੈ। ਫ਼ੌਜ ‘ਚੋਂ ਵਾਪਸ ਆ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਉਸ ਦਾ ਲੁਧਿਆਣਾ ਜਿਲ੍ਹੇ ਦੇ ਪਾਇਲ ਕਸਬੇ ਦੇ ਨੇੜੇ ਪਿੰਡ ਧਮੋਟ ਦੀ ਨਿਰੰਜਣ ਕੌਰ ਨਾਲ ਵਿਆਹ ਹੋ ਗਿਆ। ਫਿਰ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ। ਉਸਦਾ ਬਚਪਨ ਦਾ ਨਾਮ ਬਾਬੂ ਸਿੰਘ ਸੀ, ਇਸੇ ਨਾਮ ਨਾਲ ਫ਼ੌਜ ਵਿੱਚ ਭਰਤੀ ਹੋਇਆ ਸੀ, ਅੰਮ੍ਰਿਤ ਛੱਕਣ ਤੋਂ ਬਾਅਦ ਊਧਮ ਸਿੰਘ ਰੱਖਿਆ ਗਿਆ। 1923 ਵਿੱਚ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਨਾਭਾ ਰਿਪੁਦਮਣ ਸਿੰਘ ਨੂੰ ਗੱਦੀ ਤੋਂ ਹਟਾ ਦਿੱਤਾ ਤਾਂ ਉਨ੍ਹਾਂ ਮਹਾਰਾਜੇ ਦੇ ਹੱਕ ਵਿੱਚ ਨਾਭਾ ਵਿਖੇ ਦੀਵਾਨ ਸਜਾਇਆ। ਸਰਕਾਰ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਇਕ ਸਾਲ ਦੀ ਸਜ਼ਾ ਸੁਣਾਈ। 1924 ਵਿੱਚ ਜੇਲ੍ਹ ‘ਚੋਂ ਰਿਹਾਈ ਤੋਂ ਬਾਅਦ ਅੰਮ੍ਰਿਤਸਰ ਜਾ ਕੇ ਗਿਆਨੀ ਅਮੀਰ ਸਿੰਘ ਦੇ ਡੇਰੇ ਵਿੱਚੋਂ ਗੁਰਬਾਣੀ ਤੇ ਗੁਰਮਤਿ ਦਾ ਗਿਆਨ ਪ੍ਰਾਪਤ ਕੀਤਾ। ਤੀਜਾ ਅਧਿਆਇ ‘ਪਾਇਲ ਗੁਰਦੁਆਰਾ ਵਿੱਚ ਗ੍ਰੰਥੀ ਵਜੋਂ ਸੇਵਾ’ ਹੈ। ਇਸ ਅਧਿਆਇ ਵਿੱਚ ਦੱਸਿਆ ਗਿਆ ਹੈ ਕਿ 1926 ਤੋਂ ਆਪਣੀ ਪਤਨੀ ਦੇ ਪਿੰਡ ਧਮੋਟ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਥੋੜ੍ਹਾ ਸਮਾਂ ਪਾਇਲ ਦੇ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਵਜੋਂ ਸੇਵਾ ਕਰਨ ਲੱਗੇ। 1926 ਵਿੱਚ ਸੇਵਾ ਸਿੰਘ ਠੀਕਰਵਾਲਾ ਨਾਲ ਰਲਕੇ ਪਟਿਆਲਾ ਰਿਆਸਤ ਵਿੱਚ ਅਕਾਲੀ ਦਲ ਸਥਾਪਤ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਹੋਈ। 1929 ਵਿੱਚ ਰਿਹਾਈ ਤੋਂ ਬਾਅਦ ਦੁਬਾਰਾ ਪਾਇਲ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਵਜੋਂ ਸੇਵਾ ਸ਼ੁਰੂ ਕੀਤੀ। ਏਥੇ 20 ਰੁਪਏ ਮਹੀਨਾ ਮਿਲਦਾ ਸੀ। 1933 ਤੱਕ ਚਾਰ ਸਾਲ ਇਹ ਸੇਵਾ ਕਰਦੇ ਰਹੇ। ਉਹ 1933 ਵਿੱਚ ਫ਼ੌਜ ਦੀ ਤੀਜੀ ਇੰਡੀਅਨ ਡਵੀਜ਼ਨਲ ਸਿਗਨਲ ਕੋਰ ਵਿੱਚ ਮੇਰਠ ਵਿਖੇ ਗ੍ਰੰਥੀ ਨਿਯੁਕਤ ਹੋ ਗਏ। 4 ਅਧਿਆਇ ‘ਕਿਰਤੀ ਪਾਰਟੀ ਦਾ ਕੇਂਦਰ ਮੇਰਠ’ ਸਿਰਲੇਖ ਵਿੱਚ ਦੱਸਿਆ ਗਿਆ ਕਿ ਮੇਰਠ ਵਿੱਚ ਨਿਯੁਕਤੀ ਸਮੇਂ ਉਹ ਸਿਆਸੀ ਸਰਗਰਮੀਆਂ ਵਿੱਚ ਸ਼ਾਮਲ ਹੁੰਦਾ ਰਿਹਾ। ਉਹ ਰਸਭਿੰਨਾ ਕੀਰਤਨ ਕਰਦਾ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣਕਾਰ ਵੀ ਸੀ। ਪੰਜਵੇਂ ਅਧਿਆਇ ‘ ਮੇਰਠ ਛਾਉਣੀ ਵਿੱਚ ਕਿਰਤੀ ਪ੍ਰਚਾਰ’ ਸਿਰਲੇਖ ਵਿੱਚ ਦੱਸਿਆ ਗਿਆ ਕਿ ਗਿਆਨੀ ਊਧਮ ਸਿੰਘ ਮੇਰਠ ਛਾਉਣੀ ਵਿੱਚ ਕਿਰਤੀ ਪਾਰਟੀ ਦਾ ਪ੍ਰਚਾਰ ਕਰਦਾ ਸੀ ਤੇ ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ ਦਾ ਦੋਸ਼ੀ ਪਾਇਆ ਗਿਆ। ਇਸ ਕਰਕੇ ਉਸ ਖਿਲਾਫ਼ ਮੁਕੱਦਮਾ ਕਰਕੇ ਪੁੱਛ ਪੜਤਾਲ ਕੀਤੀ ਜਾਵੇ। ਇਸ ਦੌਰਾਨ 1940 ਵਿੱਚ ਉਸ ਦੀ ਪਤਨੀ ਨਿਰੰਜਣ ਕੌਰ ਦੀ ਮੌਤ ਹੋ ਗਈ। ਛੇਵੇਂ ਅਧਿਆਇ ‘ਗਿਆਨੀ ਊਧਮ ਸਿੰਘ ਦੀ ਗ੍ਰਿਫ਼ਤਾਰੀ ਅਤੇ ਬੰਦੀ ਜੀਵਨ’ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਗਿਆਨੀ ਊਧਮ ਸਿੰਘ ਨੂੰ ਬਗ਼ਾਬਤ ਫੈਲਾਉਣ, ਫ਼ੌਜੀਆਂ ਨੂੰ ਭੜਕਾਉਣ ਦੇ ਦੋਸ਼ ਵਿੱਚ 22 ਮਾਰਚ 1941 ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਕਿਲ੍ਹੇ ਵਿੱਚ ਬੰਦ ਕਰਕੇ ਤਸ਼ੱਦਦ ਕੀਤਾ। ਉਸ ਨੂੰ ਸ਼ਾਹੀ ਕੈਦੀ ਵਜੋਂ ਜੇਲ੍ਹ ਵਿੱਚ ਰੱਖਿਆ ਗਿਆ ਸੀ। ਇਸ ਅਧਿਆਇ ਵਿੱਚ ਊਧਮ ਸਿੰਘ ਦੇ ਜੇਲ੍ਹ ਨਿਯਮਾ ਦੀ ਪੂਰੀ ਜਾਣਕਾਰੀ ਹੋਣ ਦਾ ਪ੍ਰਮਾਣ ਵੀ ਮਿਲਦਾ ਹੈ। ਬਾਕੀ ਕੈਦੀ 1944 ਵਿੱਚ ਛੱਡ ਦਿੱਤੇ ਗਏ ਪ੍ਰੰਤੂ ਊਧਮ ਸਿੰਘ ਦੀ ਨਜ਼ਰਬੰਦੀ ਵਧਾ ਦਿੱਤੀ ਗਈ। ਸੱਤਵਾਂ ਅਧਿਆਇ ‘ਗਿਆਨੀ ਊਧਮ ਸਿੰਘ ਦੀ ਰਿਹਾਈ ਬਾਰੇ ਅਧਿਕਾਰੀਆਂ ਵਿੱਚ ਅਸਹਿਮਤੀ’ ਵਿੱਚ ਦੱਸਿਆ ਗਿਆ ਕਿ ਊਧਮ ਸਿੰਘ ਨੂੰ ਰਿਹਾ ਕਰਨ ਲਈ ਸਾਰੇ ਅਧਿਕਾਰੀ ਸਹਿਮਤੀ ਨਹੀਂ ਸੀ। ਫਿਰ ਉਸ ਨੂੰ ਲਾਇਲਪੁਰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਉਸ ਨੂੰ ਏ ਸ਼੍ਰੇਣੀ ਦਿੱਤੀ ਗਈ, ਉਸ ਦੀ ਰਿਹਾਈ ਚਾਰ ਸਾਲ ਸਿਕੰਦਰਾਬਾਦ, ਮੀਆਂਵਾਲੀ, ਮੁਜੱਫ਼ਰਗੜ੍ਹ ਅਤੇ ਲਾਇਲਪੁਰ ਜੇਲ੍ਹ ਵਿੱਚ ਕੈਦ ਰਹਿਣ ਤੋਂ ਬਾਅਦ 23 ਅਪ੍ਰੈਲ 1945 ਨੂੰ ਹੋਈ। ਅੱਠਵਾਂ ਅਧਿਆਇ ‘ਗਿਆਨੀ ਊਧਮ ਸਿੰਘ:ਅੰਤਲਾ ਸਮਾਂ’ ਵਿੱਚ ਦੱਸਿਆ ਗਿਆ ਹੈ ਕਿ ਉਹ ਧਮੋਟ ਆ ਕੇ ਪਿੰਡ ਦੀਆਂ ਲੜਕੀਆਂ ਨੂੰ ਗੁਰਮੁੱਖੀ ਪੜ੍ਹਾਉਣ ਲੱਗ ਗਿਆ। ਉਸ ਦਾ ਵੱਡਾ ਲੜਕਾ ਹਿੰਮਤ ਸਿੰਘ ਫ਼ੌਜ ਵਿੱਚ ਭਰਤੀ ਹੋ ਗਿਆ, ਅਜੇ ਅਣਵਿਆਹਿਆ ਹੀ ਸੀ ਪ੍ਰੰਤੂ 1959 ਵਿੱਚ ਇਕ ਦੁਰਘਟਨਾ ਵਿੱਚ ਸਵਰਗਵਾਸ ਹੋ ਗਿਆ। ਛੋਟਾ ਲੜਕਾ ਸਿਕੰਦਰ ਸਿੰਘ ਬਾਗਬਾਨੀ ਵਿਭਾਗ ਵਿੱਚ ਨੌਕਰੀ ਕਰਦਾ ਸੀ। 1960 ਵਿੱਚ ਊਧਮ ਸਿੰਘ ਨੂੰ ਅਧਰੰਗ ਹੋ ਗਿਆ। ਫਿਰ ਉਨ੍ਹਾਂ ਨੂੰ ਉਸ ਦੀ ਭੈਣ ਨੰਦ ਕੌਰ ਆਪਣੇ ਕੋਲ ਕੂਹਲੀ ਕਲਾਂ ਲੈ ਗਈ। 20 ਨਵੰਬਰ 1964 ਨੂੰ ਉਹ ਸਵਰਗਵਾਸ ਹੋ ਗਏ। ਨੌਵਾਂ ਅਧਿਆਇ ‘ਸਾਹਿਤਕਾਰ ਗਿਆਨੀ ਊਧਮ ਸਿੰਘ’ ਵਿੱਚ ਲੇਖਕ ਨੇ ਦੱਸਿਆ ਕਿ ਬੀਬਾ ਬਲਵੰਤ ਕੌਰ ਪੰਧੇਰ ਨੇ ਜਿਹੜੀ ਅਧੂਰੀ ਗਿਆਨੀ ਊਧਮ ਸਿੰਘ ਦੀ ਸਵੈ-ਜੀਵਨੀ ਦਿੱਤੀ ਹੈ ਉਸ ਤੋਂ ਸਾਬਤ ਹੁੰਦਾ ਹੈ ਕਿ ਉਹ ਕਵੀ ਅਤੇ ਵਾਰਤਕਾਰ ਵੀ ਸਨ। ਦਸਵੇਂ ਅਧਿਆਇ ‘ਗਿਆਨੀ ਊਧਮ ਸਿੰਘ ਦੀਆਂ ਯਾਦ-ਨਿਸ਼ਾਨੀਆਂ’ ਵਿੱਚ ਬਾਬਾ ਬਲਵੰਤ ਸਿੰਘ ਸਿਹੋੜੇ ਵਾਲਿਆਂ ਵਲੋਂ ਗਿਆਨੀ ਊਧਮ ਸਿੰਘ ਦੀਆਂ ਬਣਾਈਆਂ ਯਾਦਗਾਰਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿੱਚ ਕੂਹਲੀ ਕਲਾਂ ਤੋਂ ਸਿਹੋੜਾ ਨੂੰ ਜਾਣ ਵਾਲੀ ਸੜਕ ਉਤੇ ਸ਼ਾਨਦਾਰ ਦਰਵਾਜਾ, ਅਮਲੋਹ ਤੋਂ ਖਣਿਆਣ ਨੂੰ ਜਾਣ ਵਾਲੀ ਸੜਕ ਦਾ ਨਾਮ ਗਿਆਨੀ ਊਧਮ ਸਿੰਘ ਮਾਰਗ, ਅਮਲੋਹ ਵਿੱਚ ਇਕ ਜਲਾਵਤਨੀ ਦੇਸ਼ ਭਗਤਾਂ ਦੇ ਨਾਵਾਂ ਵਾਲਾ ਬੋਰਡ ਲਗਾਇਆ, ਜਿਸ ‘ਤੇ ਊਧਮ ਸਿੰਘ ਦਾ ਨਾਮ ਹੈ ਅਤੇ ਕੂਹਲੀ ਕਲਾਂ ਵਿਖੇ ਹਰ ਸਾਲ ਗਿਆਨੀ ਊਧਮ ਸਿੰਘ ਦੀ ਯਾਦ ਵਿੱਚ ਦਿਹਾੜਾ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਯਾਦਗਾਰਾਂ ਦੀਆਂ ਰੰਗਦਾਰ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਬੀਬਾ ਬਲਵੰਤ ਕੌਰ ਪੰਧੇਰ ਰਾਹੀਂ ‘ਮਾਤਾ ਗੁਜਰੀ ਸਰਾਇ ਫ਼ਤਿਹਗੜ੍ਹ ਸਾਹਿਬ’ ਦੀ ਸੰਚਾਲਿਕਾ ਬੀਬਾ ਮਨਜੀਤ ਕੌਰ ਨਾਲ ਮੇਲ ਹੋਇਆ ਤੇ ਉਨ੍ਹਾਂ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਸਾਰਾ ਖ਼ਰਚਾ ਕੀਤਾ। 80 ਪੰਨਿਆਂ, 160 ਰੁਪਏ ਕੀਮਤ, ਸਚਿਤਰ ਰੰਗਦਾਰ ਮੁੱਖ ਕਵਰ ਤੇ ਤਸਵੀਰਾਂ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।




ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



# ਪੰਜਾਬੀ ਸਿਨੇਮਾ

ਸੁਰਜੀਤ ਜੱਸਲ - 9814607737

## ਐਕਸ਼ਨ ਭਰਪੂਰ ਪੰਜਾਬੀ ਫ਼ਿਲਮ 'ਬਲੈਕੀਆ 2'





ਪੰਜ ਸਾਲ ਪਹਿਲਾਂ ਆਈ ਦੇਵ ਖਰੋੜ ਦੀ ਸੁਪਰਹਿੱਟ ਫ਼ਿਲਮ 'ਬਲੈਕੀਆ' ਦੀ ਕਾਮਯਾਬੀ ਨੂੰ ਵੇਖਦਿਆਂ ਨਿਰਮਾਤਾ ਵਿਵੇਕ ਓਹਰੀ ਦੀ ਸਮੁੱਚੀ ਟੀਮ ਨੇ ਇਸ ਵਾਰ 'ਬਲੈਕੀਆ 2' ਦਾ ਨਿਰਮਾਣ ਕੀਤਾ ਹੈ। ਜਿਸਦੇ ਰਿਲੀਜ਼ ਹੋਏ ਟਰੇਲਰ ਨੇ ਦੇਵ ਖਰੋੜ ਦੇ ਪ੍ਰਸ਼ੰਸਕਾ ਵਿੱਚ ਇੱਕ ਨਵਾਂ ਜੋਸ਼ ਅਤੇ ਉਤਸ਼ਾਹ ਭਰ ਦਿੱਤਾ। ਦੇਵ ਖਰੋੜ ਪੰਜਾਬੀ ਫ਼ਿਲਮ ਇੰਡਸਟਰੀ ਦਾ ਇੱਕ ਉਹ ਸਿਤਾਰਾ ਹੈ ਜੋ ਹਰ ਤਰ੍ਹਾਂ ਦੇ ਕਿਰਦਾਰ ਵਿੱਚ ਆਪਣੇ ਆਪ ਨੂੰ ਢਾਲਣ ਦੇ ਸਮਰੱਥ ਹੈ। 'ਰੁਪਿੰਦਰ ਗਾਂਧੀ, ਡਾਕੂਆਂ ਦਾ ਮੁੰਡਾ, ਡੀ.ਐੱਸ.ਪੀ. ਦੇਵ' ਅਤੇ 'ਬਲੈਕੀਆ' ਵਰਗੀਆਂ ਫ਼ਿਲਮਾਂ ਨੇ ਉਸਦੇ ਕਿਰਦਾਰ ਨੂੰ ਇੱਕ ਖ਼ਾਸ ਪਹਿਚਾਣ ਦਿੱਤੀ ਜਿਸ ਕਰਕੇ ਉਹ ਅੱਜ ਦੇ ਸਿਨੇਮੇ ਦਾ ਐਕਸ਼ਨ ਹੀਰੋ ਵਜੋਂ ਜਾਣਿਆ ਜਾਂਦਾ ਹੈ। 'ਬਲੈਕੀਆ' ਫ਼ਿਲਮ ਦਾ ਨਾਮੀਂ ਸਮਗਲਰ 'ਗਾਮਾ' ਹੁਣ ਆ ਰਹੀ ਨਵੀਂ ਫ਼ਿਲਮ 'ਬਲੈਕੀਆ 2' ਵਿੱਚ ਕਹਾਣੀ ਨੂੰ ਅੱਗੇ ਤੋਰਦਾ ਹੋਇਆ ਸਮਗਲਿੰਗ ਦੀ ਦੁਨੀਆਂ ਵਿੱਚ ਆਪਣੇ ਰਾਜ ਨੂੰ ਕਾਇਮ ਕਰਨ ਵਾਲਾ ਇੱਕ ਸਫ਼ਲ ਨਾਇਕ ਬਣ ਕੇ ਉਭਰੇਗਾ। ਫ਼ਿਲਮ ਦੀ ਕਹਾਣੀ ਆਮ ਫ਼ਿਲਮਾਂ ਤੋਂ ਹੱਟਕੇ ਐਕਸ਼ਨ ਅਤੇ ਇਮੋਸ਼ਨਲ ਡਰਾਮੇ ਦਾ ਸੋਹਣਾ ਸੁਮੇਲ ਹੋਵੇਗੀ। ਇਹ ਕਹਾਣੀ ਉਨ੍ਹਾਂ ਲੋਕਾਂ ਦੀ ਹੈ ਜੋ 47 ਦੀ ਵੰਡ ਵੇਲੇ ਉਜੱੜ ਕੇ ਪੰਜਾਬ ਦੇ ਬਾਡਰਾਂ 'ਤੇ ਆ ਵਸੇ। ਵੰਡ ਤੋਂ ਪਹਿਲਾਂ ਮੁਰੱਬਿਆਂ ਦੇ ਮਾਲਕ ਅਖਵਾਉਣ ਵਾਲੇ ਇਨ੍ਹਾਂ ਲੋਕਾਂ ਦੀ ਜਦ ਸਮੇਂ ਦੇ ਹਾਕਮਾਂ ਨੇ ਕੋਈ ਪੁੱਛਗਿੱਛ ਨਾ ਕੀਤੀ ਤਾਂ ਦੋ ਵਕਤ ਦੇ ਗੁਜ਼ਾਰੇ ਲਈ ਤਾਂ ਭੁੱਖਮਰੀ ਦੇ ਸ਼ਿਕਾਰ ਇਹ ਲੋਕ ਹੌਲੀ-ਹੌਲੀ ਜ਼ਿੰਦਗੀ ਜਿਊਣ ਦੀ ਉਮੀਦ ਛੱਡਣ ਲੱਗੇ। ਅਜਿਹੇ ਹਾਲਾਤਾਂ ਵਿੱਚ ਇਨ੍ਹਾਂ ਦੀ ਹਿੰਮਤ ਦਾ ਸਹਾਰਾ ਇੱਕ ਗਾਮਾ ਬਲੈਕੀਆ ਹੀ ਬਣਿਆ ਜਿਸਨੇ ਇਹ ਕਿਹਾ, ਗ਼ਰੀਬ ਜੰਮਣਾ ਮਨਜ਼ੂਰ ਸੀ ਪਰ ਮਰਨਾ ਨਹੀਂ। ਆਪਣੇ ਸ਼ੁਰੂ ਕੀਤੇ ਸਮਗਲਿੰਗ ਦੇ ਵਪਾਰ ਨਾਲ ਆਪਣੀ ਜ਼ਿੰਦਗੀ ਸਵਾਰਦਿਆਂ ਉਸਨੇ ਇਨ੍ਹਾਂ ਦੱਬੇ-ਕੁੱਚਲੇ ਲੋਕਾਂ ਦਾ ਵੀ ਜੀਵਨ ਸੌਖਾ ਕੀਤਾ। ਸਿਆਸੀ ਅਤੇ ਰਾਜਨੀਤਿਕ ਸਹਿ ਨਾਲ ਉਸਦਾ ਦਾ ਇਹ ਕਾਰੋਬਾਰ ਹੋਰ ਵਧਣ ਫੁੱਲ੍ਹਣ ਲੱਗਿਆ। 'ਗਾਮਾ ਬਲੈਕੀਆ' ਇਨ੍ਹਾਂ ਲੋਕਾਂ ਦੀ ਬਾਂਹ ਫੜ੍ਹਣ ਵਾਲਾ ਇੱਕ ਫਰਿਸ਼ਤਾ ਬਣਦਾ ਹੈ। ਫ਼ਿਲਮ ਦੇ ਟਰੇਲਰ ਨੂੰ ਵੇਖਦਿਆਂ ਕਹਿ ਸਕਦੇ ਹਾਂ ਕਿ ਇਹ ਫ਼ਿਲਮ ਜਿੱਥੇ ਐਕਸ਼ਨ ਦੀ ਦੁਨੀਆਂ ਵਿੱਚ ਕਮਾਲ ਕਰੇਗੀ ਉੱਥੇ ਫ਼ਿਲਮ ਦੀ ਕਹਾਣੀ ਅਤੇ ਸਕਰੀਨਪਲੇਅ ਨੂੰ ਵੀ ਸੋਹਣੀ ਰੰਗਤ ਦਿੱਤੀ ਗਈ ਹੈ। ਓਹਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਵਿਵੇਕ ਓਹਰੀ, ਮੋਨਾ ਓਹਰੀ ਅਤੇ ਸੰਦੀਪ ਬਾਂਸਲ ਦੀ ਇਸ ਫ਼ਿਲਮ ਦਾ ਨਿਰਦੇਸ਼ਨ ਨਵਨੀਤ ਸਿੰਘ ਨੇ ਕੀਤਾ ਹੈ। ਫ਼ਿਲਮ ਦੇ ਸਹਿ ਨਿਰਮਾਤਾ ਪ੍ਰਣਵ ਕਪੂਰ ਅਤੇ ਸੰਚਿਤ ਓਹਰੀ ਹਨ। ਐਸੋਸੀਏਟ ਨਿਰਮਾਤਾ ਮੇਹਰ ਢਿੱਲੋ ਹਨ।




ਫ਼ਿਲਮ ਦੀ ਕਹਾਣੀ ਨੂੰ ਦੇਵ ਖਰੋੜ ਨੇ ਲਿਖਿਆ ਹੈ। ਸਕਰੀਨਪਲੇਅ ਤੇ ਡਾਇਲਾਗ ਇੰਦਰਪਾਲ ਨੇ ਲਿਖੇ ਹਨ। ਫ਼ਿਲਮ ਵਿੱਚ ਦੇਵ ਖਰੋੜ, ਜਪੁਜੀ ਖਹਿਰਾ, ਆਰੂਸ਼ੀ ਸ਼ਰਮਾ, ਰਾਜ ਸਿੰਘ ਝਿੰਜਰ, ਸੁੱਖੀ ਚਾਹਲ, ਸੈਮੁਅਲ ਜੌਹਨ, ਯਾਦ ਗਰੇਵਾਲ, ਪਰਮਵੀਰ ਸਿੰਘ, ਲੱਕੀ ਧਾਲੀਵਾਲ, ਸਵਿੰਦਰ ਮਾਹਲ, ਕੁਮਾਰ ਅਜੈ, ਜੱਗੀ ਧੂਰੀ, ਪੂਨਮ ਸੂਦ ਅਤੇ ਜਗਤਾਰ ਸਿੰਘ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਐਕਸ਼ਨ ਕੇ-ਗਨੇਸ਼ ਨੇ ਦਿੱਤਾ ਹੈ। ਦਰਸ਼ਕ ਇਸ ਫ਼ਿਲਮ ਵਿਚ ਦੇਵ ਖਰੋੜ ਦੀ ਅਦਾਕਾਰੀ ਦੇ ਕਈ ਨਵੇਂ ਰੂਪ ਵੇਖਣਗੇ। ਨਿਰਮਾਤਾ ਵਿਵੇਕ ਓਰੀ ਦੀ ਸਮੁੱਚੀ ਟੀਮ ਨੇ ਇਸ ਫ਼ਿਲਮ ਨੂੰ ਵਧੀਆ ਤਕਨੀਕ ਅਤੇ ਐਕਸ਼ਨ ਕੋਰਿਊਗ੍ਰਾਫ਼ੀ ਨਾਲ ਫਿਲਮਾਇਆ ਹੈ ਜੋ ਦਰਸ਼ਕਾਂ ਦੇ ਇੱਕ ਇੱਕ ਰੁਪਏ ਦਾ ਮੁੱਲ ਪਾਵੇਗੀ। ਫਿਲਮ ਦੀ ਟੈਗ ਲਾਈਨ 'ਗ਼ਰੀਬ ਜੰਮਣਾ ਮਨਜ਼ੂਰ ਸੀ-ਪਰ ਮਰਨਾ ਨਹੀਂ, ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ।

8 ਮਾਰਚ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ 'ਬਲੈਕੀਆ 2' ਨੂੰ ਦਰਸ਼ਕ ਬੇਸਬਰੀ ਨਾਲ ਉਡੀਕ ਰਹੇ ਹਨ। ਯਕੀਨਨ ਇਹ ਫ਼ਿਲਮ ਪੰਜਾਬੀ ਸਿਨੇਮੇ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ।

## ਖਲਨਾਇਕ ਦੇ ਯਾਦਗਾਰੀ ਰੋਲ ਦੀ ਭਾਲ 'ਚ :ਨਰਿੰਦਰ ਗੱਖੜ



ਕਾਲਾ ਸਿੰਘ ਸੈਣੀ,
ਮੋਬਾ:99882-80386



ਖਲਨਾਇਕ ਬਿਨ੍ਹਾ ਬਾਲੀਵੁੱਡ ਅਤੇ ਪਾਲੀਵੁੱਡ ਅਦੂਰਾ ਹੈ। ਜੇਕਰ ਪੁਰਾਣੀਆਂ ਫਿਲਮਾਂ ਦੀ ਗੱਲ ਕਰਿਏ ਤਾਂ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਹੀਰੋ ਨੂੰ ਹੀਰੋ ਬਨਾਉਣ ਵਿੱਚ ਖਲਨਾਇਕ ਦਾ ਹੱਥ ਹੁੰਦਾ ਹੈ। ਐਕਟਿੰਗ ਦੇ ਖੇਤਰ 'ਚ ਬਹੁਤ ਸਾਰੇ ਕਲਾਕਾਰਾਂ ਅਜਿਹੇ ਹਨ ਜਿਨ੍ਹਾਂ ਦੇ ਹਾਵ-ਭਾਵ ਦਰਸ਼ਕਾਂ ਦੇ ਦਿਲਾਂ 'ਚ ਵਸਦੇ ਹਨ। ਆਪਣੀ ਵਿਲੱਖਣ ਅਦਾਕਾਰੀ ਨਾਲ ਰੰਗਮੰਚ ਤੋਂ ਹਾਲੀਵੁੱਡ ਤਕ ਬਤੌਰ ਖਲਨਾਇਕ ਸਿਨੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰ ਰਹੇ ਦਮਦਾਰ ਅਦਾਕਾਰ ਨਰਿੰਦਰ ਗੱਖੜ ਵੀ ਕਿਸੇ ਖਾਸ-ਜਾਣ ਪਛਾਣ ਦਾ ਮੁਹਤਾਜ ਨਹੀਂ ਹੈ। ਰੰਗਮੰਚ ਨਾਲ ਨਰਿੰਦਰ ਗੱਖੜ ਨੂੰ ਅੰਤਾਂ ਦਾ ਮੋਹ ਹੈ। ਥੀਏਟਰ ਦੀ ਕਲਾ ਦਾ ਨਿੱਘ ਮਾਣਦੇ ਹੋਏ ਉਸ ਨੇ ਅਨੇਕਾਂ ਹੀ ਸੋਅ ਕਰਦੇ ਹੋਏ ਰੰਗਮੰਚ ਦੀ ਦੁਨੀਆਂ 'ਚ ਅਮਿੱਟ ਪੈੜਾ ਪਾਇਆ ਹਨ। ਸਫਰ ਦੇ ਉੱਚੇ ਨੀਵੇਂ ਰਾਹਾਂ ਨੇ ਨੂੰ ਉਸ ਜਿਊਣਾਂ ਸਿਖਾਇਆ ਹੈ। ਛੋਟੇ ਪਰਦੇ ਲਈ ਟੈਲੀ ਫਿਲਮ 'ਬਰਾਗਣ' 'ਚ ਹੀਰੋ ਦਾ ਰੋਲ ਅਦਾ ਕਰਕੇ ਅਦਾਕਾਰੀ ਦਾ ਆਗਾਜ਼ ਕੀਤਾ। ਫਿਰ ਛੋਟੇ ਪਰਦੇ 'ਤੇ ਪ੍ਰਸ਼ਾਰਿਤ ਹੋਏ ਲੋਕ ਪ੍ਰਿਅਤਾ ਪੰਜਾਬੀ ਅਤੇ ਹਿੰਦੀ ਲੜੀਵਾਰਾਂ 'ਰਾਣੋ','ਚੰਡੀਗੜ੍ਹ ਕੈਪਸ਼','ਨਵੀਂ ਮੁਸਿਬਤ ਆਈ','ਸਰਹੱਦ','ਪ੍ਰੋਫੈਸਰ ਮਨੀ ਪਲਾਂਟ',ਨਿਰਦੇਸ਼ਕ ਗਰਿਸ਼ ਮਲਿਕ ਦੇ ਲੜੀਵਾਰ 'ਮਿਸ਼ਨ ਫ਼ਤਿਹ',ਅਤੇ 'ਨਾਂਦਾਨ ਪਰਿੰਦੇ' ਆਦਿ ਵਿਚ ਮਹੱਤਵਪੂਰਨ ਰੋਲ ਅਦਾ ਕੀਤੀ ਹੈ। ਬਤੌਰ ਨਿਰਦੇਸ਼ਕ ਅਤੇ ਅਦਾਕਾਰ ਵੱਜੋਂ ਵੀ ਟੈਲੀ ਫਿਲਮ 'ਬੇਬੇ ਸਰਪੰਚਣੀ', ਅਤੇ ਪਿੰਡਾਂ 'ਚ ਪਿੰਡ ਸੁਣਿਦਾ' ਕੀਤੀਆਂ ਹਨ। ਪਾਲੀਵੁੱਡ 'ਚ ਉਸ ਨੇ ਨਿਰਦੇਸ਼ਕ ਪ੍ਰਕਾਸ਼ ਛਾਬੜਾ ਦੀ ਪੰਜਾਬੀ ਫਿਲਮ 'ਨਦਿਓ ਵਿਛੜੇ ਨੀਰ' ਨਾਲ ਕਦਮ ਰੱਖਿਆ। ਅਦਾਕਾਰ ਨਰਿੰਦਰ ਗੱਖੜ ਨੇ ਹੁਣ ਤੱਕ 100 ਦੇ ਕਰੀਬ ਪੰਜਾਬੀ ਫਿਲਮਾਂ 'ਚ ਸ਼ਾਨਦਾਰ ਭੂਮਿਕਾਵਾਂ ਨਿਭਾਇਆ ਹਨ। ਜਿਨ੍ਹਾਂ ਵਿੱਚ ਹਸ਼ਰ,ਏਕਮ,ਲਾਈਨ ਆਫ ਪੰਜਾਬ,ਮਿੱਟੀ,ਚੱਕ ਜਵਾਨਾਂ,ਨੌਟੀ ਜੱਟ,ਸਾਡਾ ਹੱਕ,ਸਾਡੇ ਸੀ.ਐਮ.ਸਾਬ੍ਹ,ਸਰਦਾਰ ਜੀ-2,ਭਲਵਾਨ ਸਿੰਘ,ਰੁਪਿੰਦਰ ਗਾਂਧੀ,ਰੁਪਿੰਦਰ ਗਾਂਧੀ-੨,ਯਾਰ ਵੈਲੀ,ਅਰਦਾਸ,ਕਾਕਾ ਜੀ, ਦੋ ਦੂਣੀ ਪੰਜ',ਨਿਸ਼ਾਨਾ,ਮੌੜ ਅਤੇ ਯੈੱਸ ਆਈ ਐੱਮ ਸਟੂਡੈਂਟ, ਬਲੈਕਿਆ,ਲੁੱਕਣ-ਮਿੱਚੀ ਆਦਿ ਵਿਚ ਆਪਣੀ ਦਮਦਾਰ ਅਦਾਕਾਰੀ ਦੇ ਜਹੌਰ ਦਿਖਾਏ ਹਨ।

ਜਿਲਾ ਫਰੀਦਕੋਟ ਦੇ ਪਿੰਡ ਵਾਂਦਰ ਜਟਾਣਾ ਦਾ ਮਾਣ ਨਰਿੰਦਰ ਗੱਖੜ ਦਾ ਸੁਪਨਾ ਫਿਲਮੀਂ ਪਰਦੇ ਤੇ ਖਲਨਾਇਕ ਦੇ ਯਾਦਗਾਰੀ ਰੋਲ ਨਾਲ ਦਰਸ਼ਕਾਂ ਦੇ ਦਿਲਾ ਜਿੱਤਣ ਦੀ ਤਮੰਨਾ ਹੈ। ਉਸ ਨੂੰ ਆਪਣੇ ਕੰਮ ਤੇ ਵੀ ਭਰੋਸਾ ਹੈ ਕਿ ਉਸ ਨੂੰ ਜ਼ਰੂਰ ਇਹ ਰੋਲ ਨਿਭਾਉਣ ਦਾ ਮੌਕਾ ਮਿਲੇਗਾ। ਜਿਸ ਨੂੰ ਸਿਨੇ ਦਰਸ਼ਕ ਲੰਮੇ ਸਮੇਂ ਤੱਕ ਯਾਦ ਰੱਖਣ। ਉਸ ਦੀਆਂ ਆਉਣ ਵਾਲਿਆਂ ਫਿਲਮਾਂ 'ਚ ਉੱਚਾ ਦਰ ਬਾਬੇ ਨਾਨਕ ਦਾ,ਗਾਂਧੀ-3,ਫੇਰ ਮਾਮਲਾ ਗੜਬੜ,ਪੱਗ ਮੇਰੇ ਵੀਰ ਦੀ,ਸੌਦੇ ਪਿਆਰ ਦੇ,ਸ਼ਿਕਰਾ ਯਾਰ,ਛੂ-ਮੰਤਰ,ਬਾਬਾ ਬੋਤਾ ਸਿੰਘ ਗਰਜਾ ਸਿੰਘ' ਬਾਈ ਤੇ ਭਾਉ, ਆਦਿ ਫਿਲਮਾਂ ਵਿੱਚਲੀ ਉਸ ਦੀ ਦਮਦਾਰ ਅਦਾਕਾਰੀ ਦਰਸ਼ਕਾਂ ਦੇ ਦਿਲਾਂ ਨੂੰ ਛੂਹਣ ਵਾਲੀ ਹੈ। ਨਰਿੰਦਰ ਗੱਖੜ ਦੀ ਹਿੰਦੀ ਫਿਲਮ ' ਫੈਸਿਜ਼ ਬਿਹਾਇਡ ਦਾ ਫੌਂਗ' ਆਦਿ ਹਨ। ਜਿਸ ਨਾ ਉਹ ਹਾਲੀਵੁੱਡ 'ਚ ਕਦਮ ਰੱਖੇਗਾ।


















# ਇਨਕਲਾਬੀ ਕਵੀ: ਇਕਬਾਲ ਖ਼ਾਨ



ਇਕਬਾਲ ਕਾਲੀਰਾਏ (ਖ਼ਾਨ) ਪਿਛਲੇ ਦਿਨੀਂ 29 ਫ਼ਰਵਰੀ 2024 ਨੂੰ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਜਾਣ ਨਾਲ ਇਕ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਇਹ ਮੁਲਾਕਾਤ ਉਨ੍ਹਾਂ ਨਾਲ ਕੁਝ ਸਮਾਂ ਪਹਿਲਾਂ ਹੋਈ ਸੀ। ਸੋ ਇਹ ਮੁਲਾਕਾਤ ਉਸ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਹੋਵੇਗੀ॥ਪਾਠਕਾਂ ਨੂੰ ਬੇਨਤੀ ਹੈ ਕਿ ਮੁਲਾਕਾਤ ਵਿਚਲੇ ਸ਼ਬਦ (ਹੈ) ਨੂੰ ਸੀ ਵਿੱਚ ਪੜ੍ਹਨ ਦੀ ਖ਼ੇਚਲ ਕਰਨ।

ਧੰਨਵਾਦ!

## ਕੈਲਗਰੀ ਵਾਸੀ ਕਾਲ਼ੀਰਾਏ ਪਰਿਵਾਰ ਨੂੰ ਸਦਮਾਂ ਪੰਜਾਬੀ ਸਾਹਿਤ ਜਗਤ ਦੇ ਜੂਝਾਰੂ ਸੋਚ ਵਾਲੇ ਲੇਖਕ ਇਕਬਾਲ ਖਾਨ ਹੁਣ ਨਹੀਂ ਰਹੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਹਿਤਕ ਹਲਕਿਆਂ ਵਿੱਚ ਉਸ ਵੇਲੇ ਸੋਗ ਦੀ ਲੋਹਰ ਛਾ ਗਈ ਜਦੋਂ ਬੀਤੀ 29 ਫਰਵਰੀ 2024 ਨੂੰ ਨਾਮਵਰ ਸ਼ਾਇਰ ਇਕਬਾਲ ਸਿੰਘ ਕਾਲੀਰਾਏ ਉਰਫ ਇਕਬਾਲ ਖਾਨ ਕੁੱਝ ਦਿਨ ਬੀਮਾਰ ਰਹਿਣ ਉਪਰੰਤ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ। ਉਹ ਅਰਪਨ



ਲਿਖਾਰੀ ਸਭਾ ਕੈਲਗਰੀ ਦੇ ਮੀਤ ਪ੍ਰਧਾਨ ਅਤੇ ਸਵ: ਕਾਮਰੇਡ ਅਜੀਤ ਸਿੰਘ ਕਾਲੀਰਾਏ ਦੇ ਸਪੁੱਤਰ ਸਨ।ਜਿਨ੍ਹਾਂ ਦਾ ਪਿਛਲਾ ਪਿੰਡ ਖ਼ਾਨਖ਼ਾਨਾ (ਨੇੜੇ ਬੰਗਾ) ਜ਼ਿਲ੍ਹਾ ਨਵਾਂ ਸ਼ਹਿਰ ਸੀ। । ਇਕਬਾਲ ਖਾਨ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਦਿਨ ਐਤਵਾਰ 10 ਮਾਰਚ 2024 ਨੂੰ ਕੰਟਰੀਹਿੱਲਜ਼ ਕਰਮੀਟੋਰੀਅਮ ਐਂਡ ਫਿਉਨਰਲ ਸਰਵਿਸ ਵਿਖੇ 11995 16 ਸਟਰੀਟ ਨੌਰਥ ਈਸਟ ਕੈਲਗਰੀ ਦੁਪਿਹਰ 1 ਵਜੇ ਹੋਵੇਗਾ। ਉਪਰੰਤ ਅਰਦਾਸ ਬੇਨਤੀ ਗੁਰੂ ਘਰ ਦਸ਼ਮੇਸ਼ ਕਲਚਰ 135 ਗੁਰਦੁਵਾਰਾ ਸਾਹਿਬ ਬਲੇਵਰਡ ਨੌਰਥ ਈਸਟ ਕੈਲਗਰੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 403-590-7582 ਅਤੇ 403-462-1834 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੁਲਾਕਾਤੀ: ਸਤਨਾਮ ਸਿੰਘ ਢਾਅ**

ਇਕਬਾਲ ਖ਼ਾਨ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਜਾਨਿਆਂ-ਪਛਾਨਿਆਂ ਨਾਂ ਹੈ।ਪਰ ਮੁੱਢਲੇ ਰੂਪ ਵਿੱਚ ਉਹ ਇੱਕ ਰਾਜਨੀਤਕ ਘੁਲਾਟੀਆ ਹੈ। ਨਕਸਲਵਾੜੀ ਲਹਿਰ ਵਿੱਚ ਉਹਨੇ ਤਹਿ-ਦਿਲੋਂ ਹਿੱਸਾ ਲਿਆ ਅਤੇ ਜਲੰਧਰ ਜ਼ਿਲ੍ਹੇ ਦੇ ਕਾਰਕੁਨਾਂ ਨਾਲ਼ ਮਿਲਕੇ ਇਸ ਲਹਿਰ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ। ਇਸ ਦੌਰਾਨ ਉਸਨੇ ਇੰਟੈਰੋਗੇਸ਼ਨ ਦੇ ਤਸੀਹਿਆਂ ਨੂੰ ਅਤੇ ਜੇਲ੍ਹ ਜੀਵਨ ਨੂੰ ਆਪਣੇ ਤਨ-ਮਨ 'ਤੇ ਹੰਢਾਇਆ।ਇਸੇ ਸੰਘਰਸ਼ ਵਿੱਚੋਂ ਹੀ ਉਸਦਾ ਸਾਹਿਤਕ ਸਫ਼ਰ ਸ਼ੁਰੂ ਹੁੰਦਾ ਹੈ। ਉਹ ਭਾਵੇਂ ਕਵੀ ਤੋਂ ਪਹਿਲਾਂ ਇਕ ਰਾਜਨਿਤਕ ਹੈ, ਇਸ ਲਈ ਉਹ ਹਰ ਸਮੱਸਿਆ ਨੂੰ ਰਾਜਸੀ ਵਿਚਾਰਕ ਵਜੋਂ ਦੇਖਦਾ ਹੈ। ਪਰ ਉਹ ਸੋਹਜ ਸੰਵੇਦਨਾ ਪੱਖੋਂ ਕੋਰਾ ਨਹੀਂ ਹੈ। ਕੁਦਰਤੀ ਦ੍ਰਿਸ਼ਾ ਦੇ ਸੁਹਪਣ ਨੂੰ ਦੇਖ ਉਹਦਾ ਕਵੀ ਮਨ ਮਚਲ ਉਠਦਾ ਹੈ ਅਤੇ ਉਹਦੇ ਮਨ 'ਚੋ ਛਲਾਂ ਵਾਂਗ ਕਵਿਤਾਵਾਂ ਉਛਲ ਕੇ ਬਾਹਰ ਆ ਜਾਂਦੀਆ ਹਨ। 'ਮੈਂ ਤੇ ਚੰਦ', 'ਸਫ਼ਰ ਦਾ ਸਾਹਸ ਤੇ ਚੰਦ', 'ਭਰਪੂਰ ਜ਼ਿੰਦਗੀ', 'ਝੂਜਦੇ ਬੂਟੇ ਦੀ ਟਾਹਣੀ' ਆਦਿ ਨਜ਼ਮਾਂ ਅਜਿਹੇ ਪਲਾਂ ਦੀ ਹੀ ਉਪਜ ਹਨ। ਇਕਬਾਲ ਖ਼ਾਨ ਕਿਸੇ ਮਹਾਮਾਨਵ/ ਮਹਾਮਾਨਵਾਂ ਦਾ ਜਸ ਗਾਣ ਨਹੀਂ ਕਰਦਾ ਸਗੋਂ ਉਹ ਆਮ ਲੋਕਾਂ ਦੇ ਚਾਵਾਂ, ਉਮੰਗਾ, ਮੋਹ-ਮੁਹਬਤ, ਰੋਸਿਆ/ ਨਹੋਰਿਆਂ ਅਤੇ ਇਥੋਂ ਤੱਕ ਕਿ ਇਸ਼ਕ ਦੀਆਂ ਅਮੋੜ ਕਾਮਨਾਵਾਂ ਨੂੰ ਵੀ ਭਾਵ ਪੂਰਤ ਅਤੇ ਸੁਰੀਲੇ ਗੀਤਾਂ ਵਿੱਚ ਉਤਾਰਦਾ ਹੈ।ਉਹ ਆਮ ਮਨੁੱਖ ਦੇ ਮਨੁੱਖੀ ਗੌਰਵ ਨੂੰ ਸੁਚੇਤ ਤੌਰ ਤੇ ਪੇਸ਼ ਕਰਨ ਵਾਲਾ ਕਵੀ ਹੈ।'ਬਸ 'ਚ ਸਫ਼ਰ ਕਰਦਿਆਂ', 'ਮੰਗ ਇੱਕ ਪ੍ਰਦੇਸੀ ਦੀ' ਅਤੇ 'ਕੋਲੰਬਸ ਦੇ ਪਦ-ਚਿੰਨ' ਆਦਿ ਕਵਿਤਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। 'ਹਿੰਦ-ਪਾਕਿ ਦੇ ਲੋਕਾਂ ਨਾਂ', 'ਜੰਤਾ ਨੂੰ' ਅਤੇ 'ਜਾਗੋ ਲੋਕੋ ਜਾਗੋ' ਆਦਿ ਕਵਿਤਾਵਾ ਵਿੱਚ ਇਕਬਾਲ ਖ਼ਾਨ ਆਪਣੇ ਲੋਕਾਂ ਨੂੰ ਜਾਗਦੇ ਰਹਿਣ ਦਾ ਹੋਕਾ ਦਿੰਦਾ ਹੈ। ਇਹ, ਉਸ ਦੇ ਲੋਕ ਕਵੀ ਹੋਣ ਦਾ ਇੱਕ ਪੁਖ਼ਤਾ ਸਬੂਤ ਹੈ। ਇਸ ਤੋਂ ਵੀ ਅਗੇ ਵਧ ਉਹ ਸਮੁੱਚੀ ਲੋਕਾਈ ਨੂੰ ਕਲ਼ਾਵੇ ਵਿੱਚ ਲੈਂਦਾ ਹੈ। ਖ਼ਾਲਿਸਤਾਨੀਆਂ ਤੇ ਹੋ ਰਹੇ ਤਸ਼ਦਦ ਅਤੇ ਉਹਨਾਂ ਦੇ ਬਣਾਏ ਜਾ ਰਹੇ ਝੂਠੇ ਪੁਲਿਸ ਮੁਕਾਬਲਿਆਂ ਦਾ ਦਰਦ ਉਸਦੇ ਕਵੀ ਮਨ ਨੂੰ ਬੁਰੀ ਤਰ੍ਹਾਂ ਝੰਜੋੜਦਾ ਹੈ।ਉਸ ਦਾ ਮਨ ਕੁਰਲਾ ਉਠਦਾ ਹੈ। ਇਸ ਕੁਰਲਾਹਟ 'ਚੋ ਹੀ 'ਸਾਂਝ' ਕਵਿਤਾ ਪੈਦਾ ਹੋਈ ਹੈ। ਉਹ ਤਾਂ ਪੁਲਿਸ ਮੁਲਾਜ਼ਮਾਂ ਦੀਆਂ ਹੋ ਰਹੀਆਂ ਅਨਹੋਣੀ ਮੌਤਾਂ ਦਾ ਦਰਦ ਵੀ ਮਹਿਸੂਸ ਕਰਦਾ ਹੈ।

ਇਕਬਾਲ ਖ਼ਾਨ ਦੇ ਤਿੰਨ ਕਵਿ-ਸੰਗ੍ਰਹਿ ਛਪ ਚੱਕੇ ਹਨ। ਪਹਿਲਾ 'ਰੱਤੜੇ ਫੁੱਲ' ਸੰਪਾਦਤ, ਦੂਸਰਾ 'ਕਾਫ਼ਲੇ' ਅਤੇ 'ਨਾਗ ਦੀ ਮੌਤ ਤੱਕ'( ਹੁਣ ਉਸ ਦੀ ਇਕ ਹੋਰ ਕਿਤਾਬ 'ਗੁੰਮੀਆਂ ਪੌਣਾ ਦਾ ਅਹਿਦ' ਛਪ ਚੁੱਕੀ ਹੈ ਅਤੇ 'ਚਾਨਣ ਕਦ ਮਰਦਾ ਹੈ' ਅਣਛਪੀ ਹੈ। ਇਕਬਾਲ ਆਪਣੀ ਕਵਿਤਾ ਵਿੱਚ ਸਮਾਜਿਕ ਸਰੋਕਾਰਾਂ ਦੀ ਗੱਲ ਦੇ ਨਾਲ ਨਾਲ ਆਮ ਵਿਅਕਤੀ ਦੀ ਹੋ ਰਹੀ ਆਰਥਿਕ ਲੁੱਟ ਕਸੁਟ ਅਤੇ ਜਮਾਤੀ ਸੰਘਰਸ਼ ਨੂੰ ਪੇਸ਼ ਕਰਦਾ ਹੈ। ਉਹ ਲੁਟੇਰਾ ਜਮਾਤ ਦੀ ਕੋਝੀ ਸੋਚ, ਜੋ ਲੋਕਾਂ ਨੂੰ ਦੇਸ਼, ਧਰਮ, ਬੋਲੀ ਇਲਾਕੇ ਦੇ ਨਾਂਅ ਤੇ ਵੰਡਣ ਦੇ ਯਤਨ ਕਰ ਰਹੀ ਹੈ, ਬਿਨਾਂ ਕਿਸੇ ਝਿਜਕ ਤੋਂ ਪਾਠਕਾਂ ਦੀ ਨਜ਼ਰ ਕਰਦਾ ਹੈ।

ਨਕਸਲਬਾੜੀ ਲਹਿਰ, 1967 ਪੰਜਾਬ ਵਿੱਚ ਹਥਿਆਰਬੰਦ ਇਨਕਲਾਬ ਲਿਆਉਣ ਲਈ ਸ਼ੁਰੂ ਹੋਈ ਪਰ ਛੇਤੀ ਹੀ ਇਹ ਲਹਿਰ ਬਹੁਤ ਸਾਰੇ ਗਰੁਪਾਂ ਵਿੱਚ ਵੰਡ ਹੋ ਜਾਣ ਨਾਲ, ਇਹ ਲਹਿਰ ਡਾਵਾਂ ਡੋਲ ਹੋ ਗਈ। ਕਮਜ਼ੋਰ ਹੋਣ ਨਾਲ ਖਿਡਰ ਪੁੰਡਰ ਗਈ। ਬਹੁਤ ਸਾਰੇ ਨੌਜਆਨ ਸਰਕਾਰ ਨੇ ਝੂਠੇ ਸੱਚੇ ਮੁਕਾਬਲੇ ਬਣਾ ਮਾਰ ਦਿੱਤੇ ਕੁਝ ਪੱਛਮੀ ਦੇਸ਼ਾਂ ਨੂੰ ਨਿਕਲ ਗਏ।1976 ਵਿੱਚ ਇਕਬਾਲ ਵੀ ਪੰਜਾਬ ਛੱਡ ਕੇ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਅਤੇ ਪ੍ਰਵਾਸੀ ਜੀਵਨ ਦੀਆਂ ਯਾਤਰਾਵਾਂ 'ਤੇ ਨਿੱਕਲ ਪਿਆ। ਧਰਤੀ ਦੇ ਗੋਲ਼ੇ 'ਤੇ ਇੱਧਰ-ਉੱਧਰ ਘੁੰਮਦਾ 1981 ਵਿੱਚ ਕੈਨੇਡਾ ਆਣ ਟਿਕਿਆ।ਅੱਜ-ਕੱਲ੍ਹ ਉਹ ਅਲਬਰਟਾ ਸੂਬੇ ਦੇ ਕੈਲਗਰੀ ਸ਼ਹਿਰ ਵਿੱਚ ਆਪਣੇ ਮਾਤਾ-ਪਿਤਾ ਅਤੇ ਪਰਿਵਾਰ ਨਾਲ਼ ਰਹਿ ਰਿਹਾ ਹੈ ਅਤੇ ਟੈਕਸੀ ਦਾ ਪਹੀਆ ਖੂਬ ਘੁੰਮਾ ਰਿਹਾ ਹੈ।ਪਰ ਰਾਜਨੀਤਕ ਅਤੇ ਸਾਹਿਤਕ ਸਰਗਰਮੀ ਦਾ ਪੱਲਾ ਉਹਨੇ ਘੁੱਟ ਕੇ ਫੜਿਆ ਹੋਇਆ ਹੈ।ਇਸ ਗੱਲ-ਬਾਤ ਰਾਹੀਂ ਅਸੀਂ ਇੱਕ ਕਵੀ ਹੀ ਨਹੀਂ ਸਗੋਂ ਇੱਕ ਅਗਾਂਹ-ਵਧੂ ਸੋਚ ਵਾਲ਼ੇ ਲਿਖਾਰੀ, ਇੱਕ ਸੂਝਵਾਨ ਰਾਜਨੀਤਕ ਅਤੇ ਸਮਾਜਿਕ ਚਿੰਤਕ ਅਤੇ ਹਰ-ਇੱਕ ਵਿਸ਼ੇ 'ਤੇ ਤਰਕ ਨਾਲ ਗੱਲ ਕਰਨ ਦੀ ਸੂਝ ਰੱਖਣ ਵਾਲੇ ਇਨਸਾਨ ਨੂੰ ਪਾਠਕਾਂ ਦੇ ਸਾਹਮਣੇ ਲਿਆਉਣ ਦਾ ਇੱਕ ਯਤਨ ਕੀਤਾ ਹੈ।ਪੇਸ਼ ਹਨ, ਇਕਬਾਲ ਖ਼ਾਨ ਨਾਲ਼ ਹੋਈਆਂ ਖੁੱਲ੍ਹੀਆਂ ਗੱਲਾਂ ਦੇ ਕੁੱਝ ਅੰਸ਼:--

**ਪਹਿਲਾਂ ਤਾਂ ਇਹ ਦੱਸੋ, ਕਿ ਤੁਸੀਂ ਬਲਬੀਰ ਸਿੰਘ ਕਾਲੀਰਾਏ ਤੋਂ ਇਕਬਾਲ ਖ਼ਾਨ ਕਿਵੇਂ ਬਣ ਗਏ, ਜਦੋਂ ਕਿ ਤਹਾਡੇ ਪਿਤਾ ਜੀ ਦਾ ਨਾਂ ਕਾਮਰੇਡ ਅਜੀਤ ਸਿੰਘ ਕਾਲੀਰਾਏ ਹੈ ?**

-ਸਤਨਾਮ ਜੀ, ਇਹ ਵੀ ਇੱਕ ਦਿਲਚਸਪ ਕਹਾਣੀ ਹੈ। ਜੇਕਰ ਤੁਹਾਡੀ ਦਿਲਚਸਪੀ ਹੈ ਤਾਂ ਸੁਣੋ, ਮੇਰੇ ਪ੍ਰੀਵਾਰ ਨੇ ਮੇਰਾ ਨਾਂ ਬਲਬੀਰ ਸਿੰਘ ਰੱਖਿਆ ਸੀ।ਪਰ ਮੈਨੂੰ ਇਹ ਪਸੰਦ ਨਹੀਂ ਆਇਆ, ਮਾਪਿਆਂ ਨੇ ਤਾਂ ਬਹੁਤ ਵਧੀਆਂ ਨਾਂ ਰੱਖਿਆ ਸੀ, ਬਲਬੀਰ (ਭਾਵ) ਤਾਕਤਵਰ, ਬਹਾਦਰ। ਪਰ ਬਲਬੀਰ ਕੋਈ ਨਹੀਂ ਸੀ ਕਹਿੰਦਾ ਸਾਰੇ ਭਵੀਰੀ ਕਹਿੰਦੇ ਸਨ। ਜਦ ਮੈਂ ਪਹਿਲੀ ਪੱਕੀ ਵਿੱਚ ਸਕੂਲ ਜਾਣਾ ਸ਼ੁਰੂ ਕੀਤਾ ਤਾਂ ਬਚਪਨ ਦੀਆਂ ਸ਼ਰਾਰਤਾਂ ਸ਼ੁਰੂ ਹੋ ਗਈਆਂ। ਬੱਚੇ ਇੱਕ ਦੂਜੇ ਨੂੰ ਛੇੜਦੇ ਅਤੇ ਲ਼ੜਦੇ ਮੇਰੇ ਦੋਸਤ ਜਦ ਮੇਰੇ ਨਾਲ ਲੜ ਪੈਂਦੇ ਤਾਂ ਮੈਨੂੰ 'ਭੀਰੀ ਲਾਲ ਭੰਬੀਰੀ ਟਕੇ ਦੀ ਇੱਕ ਵਿਕਦੀ' ਕਹਿ ਕੇ ਛੇੜਦੇ ਫੇਰ ਹੋਰ ਲੜਾਈ ਹੋ ਜਾਂਦੀ ਕਿਸੇ ਨੂੰ ਮੈਂ ਕੁੱਟਦਾ, ਕੋਈ ਮੈਨੂੰ ਕੁੱਟਦਾ। ਇੱਥੇ ਤੱਕ ਤਾਂ ਠੀਕ ਸੀ ਪਰ ਇਸ ਤੋਂ ਅਗੇ ਗੱਲ ਠੀਕ ਨਾ ਰਹਿੰਦੀ। ਕਿਉਂਕਿ ਜੇਕਰ ਮੈਨੂੰ ਕੋਈ ਨਿਆਣਾ ਕੁੱਟ ਦਿੰਦਾ ਤਾਂ ਸਾਡੇ ਘਰ ਦੇ ਉਹਨਾਂ ਦੇ ਘਰ ਉਲਾਭਾ ਦੇਣ ਨਾ ਜਾਂਦੇ। ਜੇਕਰ ਮੈਂ ਕਿਸੇ ਨੂੰ ਕੁੱਟ ਦਿੰਦਾ ਤਾਂ ਅਗਲੇ ਸਾਡੇ ਘਰ ਉਲ਼ਾਭਾ ਝੱਟ ਲੈ ਕੇ ਆ ਜਾਂਦੇ। ਫੇਰ ਮੇਰੇ ਘਰ ਮੈਨੂੰ ਕੁੱਟ ਪੈ ਜਾਂਦੀ। ਮੈਂ ਇਸ ਨੂੰ ਠੀਕ ਨਹੀਂ ਸੀ ਸਮਝਦਾ ਕਿਉਂਕਿ ਇਹ ਬੇਇਨਸਾਫ਼ੀ ਸੀ। ਇੱਕ ਦਿਨ ਮੈਂ ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਬਗਾਵਤ ਕਰ ਦਿੱਤੀ। ਗੱਲ ਇਸ ਤਰ੍ਹਾ ਹੋਈ ਕਿ ਇੱਕ ਦਿਨ ਜਦੋਂ ਸਕੂਲ ਜਾਣ ਦੀ ਤਿਆਰੀ ਸੀ, ਮੈਂ ਬਾਹਰ ਵੇਹੜੇ ਵਿੱਚ ਆਪਣਾ ਫੱਟੀ ਬਸਤਾ ਵਗਾਹ ਕੇ ਮਾਰਿਆ ਤੇ ਕਿਹਾ, ਮੈਂ ਸਕੂਲ ਨਹੀਂ ਜਾਣਾ। ਮੇਰੇ ਪਿਤਾ ਜੀ ਨੇ ਪਿਆਰ ਨਾਲ ਸਕੂਲ ਨਾ ਜਾਣ ਦਾ ਕਰਨ ਪੁੱਛਿਆ ਤਾਂ ਮੈਂ ਦੱਸਿਆ ਕਿ ਤੁਸੀਂ ਮੇਰਾ ਨਾਂ ਚੰਗਾ ਨਹੀਂ ਰੱਖਿਆ ਇਸ ਨਾਂ ਕਰਕੇ ਮੈਨੂੰ ਰੋਜ਼ ਹੀ ਕੁੱਟ ਪੈਂਦੀ ਹੈ। ਪਿਤਾ ਜੀ ਨੇ ਪਿਆਰ ਨਾਲ ਸਮਝਾਇਆ ਕਿ ਸਕੂਲ ਨਾ ਜਾਣ ਨਾਲ ਮੇਰਾ ਆਪਣਾ ਨੁਕਸਾਨ ਹੋਵੇਗਾ ਦੂਜੇ ਮੁੰਡੇ ਅਗੇ ਲੰਘ ਜਾਣਗੇ। ਹੁਣ ਜਦੋਂ ਤੂੰ ਪਹਿਲੀ ਕਲਾਸ ਵਿੱਚ ਜਾਵੇਂਗਾ ਉਦੋਂ ਜੋ ਮਰਜ਼ੀ ਨਾਂ ਲਿਖਾ ਦੇਵੀਂ। ਹੁਣ ਨਵਾਂ ਨਾਂ ਰੱਖਣ ਦਾ ਚੈਲਿਜ਼ ਮੇਰੇ ਸਾਹਮਣੇ ਸੀ। ਇੱਕ ਦਿਨ ਅਸੀਂ ਬਾਵਾ ਸੇਵਾ ਚੰਦ ਦੇ ਮੰਦਰ ਮੱਥਾ ਟੇਕਣ ਗਏ, ਉਸ ਦੇ ਨਾਲ ਹੀ ਇੱਕ ਕਰਖ਼ਾਨਾ ਸੀ। ਉਹਦੇ ਦਰਵਾਜੇ ਤੇ ਤਾਕੀਆਂ ਉੱਤੇ ਕੁਝ ਨਾਂ ਲਿਖੇ ਹੋਏ ਸਨ, ਮੈਂ ਕਿਸੇ ਸਿਆਣੇ ਨੂੰ ਪੁੱਛਿਆ ਕਿ ਇਹ ਕੀ ਲਿਖਿਆ ਹੈ, ਉਹਨੇ ਦੱਸਿਆ ਕਿ ਇਹ ਨਾਂ ਲਿਖੇ ਹੋਏ ਹਨ ਮੈਂ ਉਸਨੂੰ ਪੜ੍ਹਨ ਲਈ ਕਿਹਾ। ਉਸ ਨੇ ਪੜ੍ਹ ਦਿੱਤੇ ਉਹਨਾਂ ਨਾਂਵਾਂ ਵਿੱਚ ਇੱਕ ਨਾਂ ਮੈਨੂੰ ਪਸੰਦ ਆ ਗਿਆ। ਇਹ ਨਾਂ ਸੀ ਅਕਬਾਲ ਸਿੰਘ। ਮੈਂ ਆਪਣਾ ਨਾਂ ਅਕਬਾਲ ਸਿੰਘ ਰੱਖ ਲਿਆ। ਹੁਣ ਜਦੋਂ ਪਹਿਲੀ ਜਮਾਤ ਵਿੱਚ ਮਾਸਟਰ ਜੀ ਨੇ ਨਾਂ ਲਿਖੇ ਉਨ੍ਹਾਂ ਨੇ ਅਰਬੀ ਫ਼ਾਰਸੀ ਦੇ ਉਚਾਰਣ ਮੁਤਬਿਕ, ਸਕੂਲ ਵਿੱਚ ਦਾਖ਼ਲੇ ਸਮੇਂ ਮੇਰਾ ਨਾਂ ਇਕਬਾਲ ਸਿੰਘ ਲਿਖ ਦਿੱਤਾ। ਹਾਈ ਸਕੂਲ ਵਿੱਚ ਅਸੀਂ ਨੌਵੀਂ ਜਮਾਤ ਵਿੱਚ ਚਾਰ ਇਕਬਾਲ (ਸ਼ਹੀਦ ਇਕਬਾਲ ਸਿੰਘ ਕੋਮਲ ਮੰਗੂਵਾਲ਼ੀਆ ਵੀ ਮੇਰਾ ਜਮਾਤੀ ਸੀ) ਸਾਂ, ਦੂਸਰਿਆਂ ਨਾਲ਼ੋਂ ਵੱਖ਼ਰਿਉਣ ਲਈ ਮੇਰੇ ਨਾਂ ਨਾਲ਼ ਖ਼ਾਨ ਲੱਗ ਗਿਆ ਕਿਉਂਕਿ ਮੇਰੇ ਪਿੰਡ ਦਾ ਨਾਂ ਖ਼ਾਨਖਾਨਾ (ਖ਼ਾਨਾ ਦਾ ਘਰ ਜਾਂ ਜਿਥੇ ਖ਼ਾਨ ਰਹਿੰਦੇ ਹਨ) ਹੈ। ਬੱਸ ਇਸ ਤਰਾਂ ਮੈਂ ਸਕੂਲ ਦੇ ਦਿਨਾਂ ਤੋਂ ਹੀ ਇਕਬਾਲ ਖ਼ਾਨ ਬਣ ਗਿਆ।

**ਆਪਣੇ ਜਨਮ ਤੇ ਜੰਮਣ ਭੌਂ, ਪ੍ਰੀਵਾਰਕ ਪਿਛੋਕੜ ਬਾਰੇ ਵੀ ਚਾਨਣਾ ਪਾਓ ?**

-ਮੇਰੇ ਪਿਤਾ ਜੀ ਦਾ ਨਾਂ ਕਾਮਰੇਡ ਅਜੀਤ ਸਿੰਘ ਕਾਲੀਰਾਏ ਅਤੇ ਮਾਤਾ ਜੀ ਦਾ ਨਾਂ ਸ਼੍ਰੀਮਤੀ ਪ੍ਰੀਤਮ ਕੌਰ ਕਾਲੀਰਾਏ ਹੈ।ਪਿੰਡ ਖ਼ਾਨਖਾਨਾ (ਨੇੜੇ ਬੰਗਾ) ਜ਼ਿਲ੍ਹਾ ਨਵਾਂ ਸ਼ਹਿਰ ਹੈ। ਮੇਰਾ ਜਨਮ 23 ਅਪ੍ਰੈਲ, 1949 'ਚ ਪਿੰਡ ਮੁਬਾਰਕ ਪੁਰ ਜ਼ਿਲ੍ਹਾ ਨਵਾਂ ਸ਼ਹਿਰ ਦਾ ਹੈ।ਅਸੀਂ ਤਿੰਨ ਭਾਈ ਅਤੇ ਦੋ ਭੈਣਾਂ ਸੀ, ਪਰ ਹੁਣ ਇੱਕ ਭਾਈ ਗੁਜ਼ਰ ਚੁੱਕਾ ਹੈ।

**ਆਪਣੀ ਵਿੱਦਿਆ ਵਾਰੇ ਕੁੱਝ ਦੱਸੋ ?**

-ਮੁੱਢਲੀ ਵਿੱਦਿਆ ਮੈਂ ਆਪਣੇ ਪਿੰਡ ਖ਼ਾਨਖਾਨਾ ਤੋਂ ਹੀ ਲਈ, ਫਿਰ ਮੈਂ ਸਰਕਾਰੀ ਹਾਈ ਸਕੂਲ, ਬੰਗਾ ਤੋਂ ਦਸਵੀਂ ਕੀਤੀ ਅਤੇ ਸਿੱਖ ਨੈਸ਼ਨਲ ਕਾਲਜ ਵਿੱਚ ਦਾਖ਼ਲ ਹੋ ਗਿਆ।ਤਦੋਂ-ਤੱਕ ਨਕਸਲਵਾੜੀ ਲ਼ਹਿਰ ਬੰਗਾਲ ਤੋਂ ਚੱਲ ਕੇ ਪੰਜਾਬ ਪਹੁੰਚ ਚੁੱਕੀ ਸੀ। ਬੰਗੇ ਕਾਲਜ ਵਿੱਚ ਵੀ ਇਸ ਦਾ ਕਾਫੀ ਅਸਰ ਸੀ। ਮੈਂ ਵੀ ਇਸ ਲ਼ਹਿਰ ਨਾਲ਼ ਗ਼ੰਭੀਰ ਤੌਰ ਤੇ ਜੁੜ ਗਿਆ, ਫ਼ੇਰ ਤਾਂ ਥਾਨਿਆਂ, ਪੁੱਛ-ਗਿੱਛ ਕੇਂਦਰਾਂ ਅਤੇ ਜੇਲ੍ਹਾਂ ਦੀਆਂ ਡਿਗਰੀਆਂ ਹੀ ਕੀਤੀਆਂ।

**ਆਉ ਹੁਣ ਤੁਹਾਡੇ ਲਿਖਣ ਖ਼ੇਤਰ ਵੱਲ ਆਉਣ ਬਾਰੇ ਵੀ ਗੱਲ ਕਰੀਏ। ਭਾਵੇਂ ਤਸੀਂ ਕੁੱਝ-ਕੁ ਕਹਾਣੀਆਂ ਅਤੇ ਲੇਖ ਵੀ ਲਿਖੇ ਹਨ, ਪਰ ਬਹੁਤੇ ਲੋਕ ਤੁਹਾਨੂੰ ਕਵੀ ਕਰਕੇ ਹੀ ਜਾਣਦੇ ਹਨ, ਤੁਹਾਨੂੰ ਲਿਖਣ ਦੀ ਪ੍ਰੇਰਨਾ ਕਿੱਥੋਂ ਮਿਲ਼ੀ ਅਤੇ ਪਹਿਲਾਂ ਕੀ ਲਿਖਿਆ ਕਵਿਤਾ ਜਾਂ ਕਹਾਣੀ ?**

- ਬਾਬਾ ਨਾਨਕ ਦੇਵ ਜੀ ਨੇ ਲਿਖਿਆ ਹੈ:-

ਜਬ ਲਗ ਦੁਨੀਆ ਰਹੀਏ ਨਾਨਕ,
ਕਿੱਛ ਸੁਣੀਏ, ਕਿੱਛ ਕਹੀਏ।

ਕੁਝ ਕਹਿਣ ਤੋਂ ਪਹਿਲਾਂ ਸੁਣਨਾ ਆਉਣਾ ਚਾਹੀਦਾ ਹੈ। ਸੋ ਲਿਖਣ ਤੋਂ ਪਹਿਲਾਂ ਪੜ੍ਹਨ ਦੀ ਆਦਤ ਹੋਣੀ ਜ਼ਰੂਰੀ ਹੈ।ਪੜ੍ਹਨ ਦੀ ਪ੍ਰੇਰਨਾ ਪਹਿਲਾਂ ਤਾਂ ਘਰ 'ਚੋਂ ਹੀ ਮਿਲੀ, ਮੇਰੇ ਪਿਤਾ ਜੀ ਨੂੰ ਪੜ੍ਹਨ ਦਾ ਸ਼ੌਕ ਸੀ। ਸਾਡੇ ਘਰ ਨਵਾਂ ਜ਼ਮਾਨਾ, ਲੋਕ ਲ਼ਹਿਰ ਅਤੇ ਪ੍ਰੀਤ ਲੜੀ ਆਉਂਦੇ ਸਨ। ਕਦੇ-ਕਦੇ ਪਿਤਾ ਜੀ ਮੈਨੂੰ ਬਾਲ ਸੰਦੇਸ਼ ਵੀ ਲਿਆ ਕੇ ਦਿੰਦੇ ਸਨ।ਇਸ ਤਰ੍ਹਾਂ ਮੈਂ ਪ੍ਰਾਇਮਰੀ ਸਕੂਲ ਵਿੱਚ ਹੀ ਸਾਹਿਤ ਨਾਲ਼ ਜੁੜ ਗਿਆ ਸਾਂ। ਕੁੱਝ ਹਿੱਸਾ ਮਿਡਲ ਸਕੂਲ ਦੇ ਪੰਜਾਬੀ ਮਾਸਟਰ ਸ. ਭਾਨ ਸਿੰਘ ਦਾ ਵੀ ਯੋਗਦਾਨ ਹੈ। ਸਟੇਜ 'ਤੇ ਪਹਿਲੀ ਵਾਰ ਮੈਨੂੰ ਇਨ੍ਹਾਂ ਹੀ ਪੇਸ਼ ਕੀਤਾ। ਉਦੋਂ ਮੈਂ ਦੂਸਰਿਆਂ ਦੇ ਲਿਖੇ ਗੀਤ/ ਕਵਿਤਾਵਾਂ ਸੁਣਾਉਂਦਾ ਸਾਂ।ਪਰ ਮੁੱਖ-ਪ੍ਰੇਰਕ ਸਰਕਾਰੀ ਹਾਈ ਸਕੂਲ ਦੇ ਪੰਜਾਬੀ ਮਾਸਟਰ ਗਿਆਨੀ ਪਿਆਰਾ ਸਿੰਘ ਐੱਮ. ਏ. ਹਨ। ਉਨ੍ਹਾਂ ਦੀ ਪ੍ਰੇਰਨਾ ਨਾਲ਼ ਮੈਂ ਸਾਹਿਤ ਪੜ੍ਹਨ ਨਾਲ਼ ਪੂਰੀ ਤਰਾਂ ਜੁੜ ਗਿਆ। ਲਿਖਣ ਦੀ ਪ੍ਰੇਰਨਾ ਮਿਲੀ ਪਾਸ਼ ਤੋਂ, ਇੱਥੇ ਮੈਂ ਵਿਸਥਾਰ ਵਿੱਚ ਨਹੀਂ ਜਾਵਾਂਗਾ। ਮੇਰੀ ਕਿਤਾਬ 'ਕਾਫ਼ਲੇ' ਦੀ ਅੰਤਕਾ ਵਿੱਚ ਦਰਜ ਹੈ ਕਿ ਅਗਰ ਮੈਨੂੰ ਪਾਸ਼ ਨਾ ਮਿਲ਼ਦਾ, ਤਾਂ ਸ਼ਾਇਦ ਮੈਂ ਚਿੱਠੀ-ਪੱਤਰ ਤੋਂ ਵੱਧ ਕੁੱਝ ਨਾ ਲਿਖਦਾ।ਮੁੱਖ ਤੌਰ ਤੇ ਮੈਂ ਕਵੀ ਹੀ ਹਾਂ, ਸਭ ਤੋਂ ਪਹਿਲਾਂ ਮੈਂ ਕਵਿਤਾ ਹੀ ਲਿਖੀ ਸੀ। ਇਹ ਕਵਿਤਾ ਮੈਂ ਦਾੜ੍ਹੀ ਬੰਨਣ ਵਾਲ਼ੇ ਸੂਏ ਨਾਲ਼ ਕਪੂਰਥਲ਼ੇ ਜ਼ੇਲ੍ਹ ਦੀ ਇੱਕ ਕੋਠੜੀ ਦੀ ਕੰਧ ਉੱਤੇ ਲ਼ਿਖੀ ਸੀ, 'ਸਾਥ' ਇਹ ਮੇਰੀ ਕਿਤਾਬ 'ਕਾਫ਼ਲੇ' ਵਿੱਚ ਛਪੀ ਹੈ। ਕੁਝ ਇਸ ਤਰਾਂ ਹੈ।:-

ਜਦੋਂ ਸਾਥੀਆਂ ਤੋਂ ਮੈਂ ਦੂਰ ਹੋਇਆ, ਤੇ ਹੋਇਆ ਕੋਠੜੀ ਵਿੱਚ ਮੈਂ ਬੰਦ ਯਾਰੋ।

ਜਿਨ੍ਹਾਂ ਆਣ ਕੇ ਮੇਰਾ ਸੀ ਸਾਥ ਦਿੱਤਾ, ਉਹ ਹੈ ਗੀਤ, ਕਵਿਤਾ, ਸ਼ਿਅਰ, ਛੰਦ ਯਾਰੋ।

**ਤੁਹਾਡਾ ਕਵਿਤਾ ਲਿਖਣ ਦਾ ਮਨੋਰਥ ਕੀ ਹੈ ?**

-ਮੇਰੇ ਲਈ ਕਲਮ ਵੀ ਇੱਕ ਹਥਿਆਰ ਹੀ ਹੈ, ਮੈਂ ਕਵਿਤਾ ਸਮਾਜ ਸੁਧਾਰ ਅਤੇ ਇਨਕਲਾਬੀਆਂ ਦੇ ਹੌਂਸਲੇ ਬੁਲੰਦ ਕਰਨ ਲਈ ਅਤੇ ਵਿਰੋਧੀਆਂ ਦੇ ਹੌਂਸਲੇ ਪਸਤ ਕਰਨ ਲਈ ਲਿਖਦਾ ਹਾਂ। ਮੈਂ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਹੀ 'ਲਿਖਾਰੀ ਸਭਾ, ਜਗਤ ਪੁਰ' ਨਾਲ਼ ਜੁੜ ਗਿਆ ਸਾਂ।ਪਿੰਡ ਨੌਰਾ ਵਿੱਚ ਇਸ ਸਭਾ ਦੇ ਸਾਲਾਨਾ ਸਮਾਗਮ ਦੇ ਕਵੀ ਦਰਬਾਰ ਵਿੱਚ ਮੈਂ ਸੰਤੋਖ ਸਿੰਘ ਧੀਰ ਦੀ ਕਵਿਤਾ ਸੁਣੀ, 'ਕਲਮ ਤੇ ਤਲਵਾਰ' ਇਹ ਕਵਿਤਾ ਹਮੇਸ਼ਾ ਲਈ ਮੇਰੇ ਦਿਮਾਗ 'ਤੇ ਛਾਅ ਗਈ ਹੈ।

**ਕਵਿਤਾ ਤੁਸੀਂ ਪਾਠਕ ਵਰਗ ਨੂੰ ਮੁੱਖ ਰੱਖ ਕੇ ਲਿਖਦੇ ਹੋ ਜਾਂ ਹਾਲਾਤ ਨੂੰ ?**

-ਪਾਠਕ ਜਾਂ ਹਾਲਾਤ ਕਿਸੇ ਤੋਂ ਵੀ ਮੁੱਖ ਮੋੜ ਕੇ ਨਹੀਂ ਲਿਖਿਆ ਜਾ ਸਕਦਾ। ਹਾਲਾਤ ਤੋਂ ਬਾਹਰ ਜਾ ਕੇ ਅਸੀਂ ਕੁੱਝ ਨਹੀਂ ਲਿਖ ਸਕਦੇ, ਲਿਖਣਾ ਪਾਠਕ ਲਈ ਹੈ, ਇਸ ਲਈ ਉਹਨਾਂ ਤੋਂ ਵੀ ਬੇ-ਮੁੱਖ ਨਹੀਂ ਹੋਇਆ ਜਾ ਸਕਦਾ।

**ਕਈ ਲੇਖਕ ਕਿਸੇ ਇੱਕ ਖ਼ਾਸ ਵਰਗ ਲਈ ਲਿਖਦੇ ਹਨ, ਜਿਹੜਾ ਕਿ ਆਮ ਪਾਠਕਾਂ ਦੇ ਸਿਰ ਉੱਤੋਂ ਦੀ ਲੰਘ ਜਾਂਦਾ ਹੈ। ਕੀ ਤੁਸੀਂ ਇਸ ਗੱਲ ਨਾਲ਼ ਕਿਥੋਂ ਤੱਕ ਸਹਿਮਤ ਹੋ, ਕਿ ਲੇਖਕ ਨੂੰ ਕਵਿਤਾ 'ਤੇ ਪਾਠਕ ਦੇ ਰਿਸ਼ਤੇ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ?**

-ਮੈਂ ਇਸ ਨਾਲ਼ ਪੂਰੀ ਤਰਾਂ ਸਹਿਮਤ ਹਾਂ, ਕਿ ਲੇਖਕ ਨੂੰ ਪਾਠਕ 'ਤੇ ਲਿਖਤ ਦੇ ਰਿਸ਼ਤੇ ਦਾ ਖ਼ਿਆਲ ਰੱਖਣਾ ਚਾਹੀਦਾ ਹੈ।ਪਰ ਪਾਠਕ ਦਾ ਸੰਵੇਦਨਸ਼ੀਲ ਹੋਣਾ ਵੀ ਜ਼ਰੂਰੀ ਹੈ। ਮੈਂ ਕੁੱਝ ਪੰਜਾਬੀ ਐੱਮ. ਏ. ਪੜ੍ਹੇ ਲੋਕਾਂ ਨੂੰ ਜਾਣਦਾ ਹਾਂ, ਜਿਨ੍ਹਾਂ ਦੀ ਸਾਹਿਤ ਵਿੱਚ ਕੋਈ ਦਿਲਚਸਪੀ ਨਹੀਂ ਹੈ ਅਤੇ ਮੈਂ ਕੁੱਝ ਅਜੇਹੇ ਲੋਕਾਂ ਨੂੰ ਵੀ ਜਾਣਦਾ ਹਾਂ, ਜਿਨ੍ਹਾਂ ਕੋਲ਼ ਕੋਈ ਵੱਡਾ ਸਰਟੀਫੀਕੇਟ ਨਹੀਂ ਹੈ, ਪਰ ਉਹ ਸਾਹਿਤ ਨੂੰ ਪੜ੍ਹਦੇ ਵੀ ਹਨ ਅਤੇ ਮਾਣਦੇ ਵੀ ਹਨ। ਗੁਰਦਾਸ ਰਾਮ ਆਲਮ ਜਿਹੜਾ ਕਦੇ ਵੀ ਸਕੂਲ ਨਹੀਂ ਸੀ ਗਿਆ ਪਰ ਬਹੁਤ ਵਧੀਆ ਕਵੀ ਸੀ। ਜੇ ਤਸੀਂ ਕਹੋਂ ਕਿ ਮੈਂ ਇੱਕ ਖ਼ਾਸ ਵਰਗ ਲਈ ਲਿਖਦਾ ਹਾਂ, ਤਾਂ ਇਹ ਬਿਲਕੁਲ ਠੀਕ ਹੈ। ਅਸਲ ਵਿੱਚ ਹਰ ਲਿਖਤ ਇੱਕ ਜਾਂ ਦੂਜੇ ਵਰਗ ਦੇ ਹੱਕ ਵਿੱਚ ਭੁਗਤਦੀ ਹੈ। ਲੋਕ-ਪੱਖੀ ਲੇਖਕ ਹਿੱਕ ਠੋਕ ਕੇ ਇਹ ਮੰਨਦੇ ਹਨ, ਪਰ ਲੋਟੂ-ਪੱਖੀ ਲਿਖਾਰੀ ਨਿਰਪੱਖਤਾ ਦਾ ਘੁੰਢ ਕੱਢ ਲੈਂਦੇ ਹਨ। ਕੁਝ ਨਵੇਂ ਲੇਖਕ ਤਾਂ ਇਸ ਗੱਲੋਂ ਅਣਜਾਣ ਵੀ ਹੋ ਸਕਦੇ ਹਨ,




ਪਰ ਬਹੁਤੇ ਆਪਣੇ ਸੁਆਰਥ ਵੱਸ ਮਕਰੇ ਹੁੰਦੇ ਹਨ।

ਉਂਝ ਤਾਂ ਤੁਹਾਡੀਆਂ ਸਾਰੀਆਂ ਹੀ ਕਵਿਤਾਵਾਂ ਬਹੁਤ ਪ੍ਰਭਾਵਸ਼ਾਲੀ ਹਨ। ਪਰ ਮੈਂ ਇੱਕ ਕਵਿਤਾ ਪੜ੍ਹੀ ਸੀ, 'ਮਜ਼ਦੂਰ' ਇਸ ਦੀਆਂ ਸਤਰਾਂ ਹਨ।:-

ਉੱਥੇ ਚਲਦਾ ਸੀ, ਟੋਕਾ ਜਾਤਾਂ-ਪਾਤਾਂ ਦਾ
ਇੱਥੇ ਨਸਲ-ਪ੍ਰਸਤ ਦੁਨਾਲ਼ੀ ਹੈ।

**ਇਹਨੇ ਮੈਨੂੰ ਬੁਹਤ ਟੁੰਬਿਆ।ਇਹ ਕਵਿਤਾ ਦਾ ਕਿਵੇਂ ਸਬੱਬ ਬਣਿਆ ?**

-ਢਾਅ ਜੀ, ਕਵਿਤਾ ਪਸੰਦ ਕਰਨ ਲਈ ਸ਼ੁਕਰੀਆ।ਇਹ ਕਵਿਤਾ ਮੈਂ ਇੱਥੇ ਕਨੇਡਾ ਵਿੱਚ ਅਤੇ ਉੱਥੇ ਹਿੰਦੋਸਤਾਨ ਵਿੱਚ ਮਜ਼ਦੂਰਾਂ ਨਾਲ਼ ਵਾਪਰਦੇ ਵਰਤਾਰਿਆਂ ਬਾਰੇ ਲ਼ਿਖੀ ਹੈ। ਉੱਥੋਂ ਆਏ ਮਜ਼ਦੂਰ ਅਤੇ ਦਰਮਿਆਨਿਆਂ 'ਤੇ ਇੱਥੇ ਆ ਕੇ ਵੱਖਰਾ-ਵੱਖਰਾ ਪ੍ਰਭਾਵ ਦੇਖਣ ਨੂੰ ਮਿਲਿਆ। ਮਜ਼ਦੂਰ ਤਾਂ ਇੱਥੇ ਆਕੇ ਵੀ ਮਜ਼ਦੂਰ ਹੀ ਰਹਿੰਦੇ ਹਨ ਪਰ ਇੱਥੇ ਉਹਨਾਂ ਨੂੰ ਕੁਝ ਮਾਣ ਵੀ ਮਿਲ ਜਾਂਦਾ ਹੈ ਅਤੇ ਬਹੁਤ ਸਾਰੀਆਂ ਸਹੂਲਤਾਂ ਵੀ। ਦਰਮਿਆਨੇ-ਵਰਗ ਦੇ ਲੋਕ ਇੱਥੇ ਆਕੇ ਮਜ਼ਦੂਰ ਬਣ ਜਾਂਦੇ ਹਨ, ਮਾਣ-ਸਨਮਾਨ ਨੂੰ ਕੁੱਝ ਸੱਟ ਲਗਦੀ ਹੈ, ਭਾਵੇਂ ਸਹੂਲਤਾਂ ਵੀ ਮਿਲਦੀਆਂ ਹਨ ਪਰ ਫਿਰ ਵੀ ਉਹਨਾਂ ਨੂੰ ਬਹੁਤ ਔਖਾ ਲੱਗਦਾ ਹੈ। ਫਿਰ ਜਦੋਂ ਮੈਂ ਕਾਰਖ਼ਾਨੇ ਦੀ ਯੂਨੀਆਨ ਵਿੱਚ ਸਰਗਰਮ ਹੋ ਗਿਆ ਤਾਂ ਦੇਖਿਆ ਕਿ ਇੱਥੇ ਮਜ਼ਦੂਰਾਂ ਵਿੱਚ ਆਪਸੀ ਪਿਆਰ ਬਹੁਤ ਸੀ। ਭਾਵੇਂ ਉਹ ਕਿਸੇ ਵੀ ਰੰਗ, ਧਰਮ ਜਾਂ ਕੌਮ ਨਾਲ਼ ਸਬੰਧਤ ਹੋਣ, ਉਹਨਾਂ ਵਿੱਚ ਅਪਣੱਤ ਦਾ ਇੱਕ ਅਜੀਬ ਰਿਸ਼ਤਾ ਸੀ। ਬੱਸ ਇਸਨੂੰ ਲੈ ਕੇ ਮੈਂ ਇਹ ਕਵਿਤਾ ਲਿਖੀ ਸੀ।

**ਤੁਸੀਂ ਆਪਣੀਆਂ ਪਹਿਲਾਂ ਪਹਿਲ ਲਿਖੀਆਂ ਕਵਿਤਾਵਾਂ ਅਤੇ ਹੁਣ ਲਿਖੀਆਂ ਕਵਿਤਾਵਾਂ ਵਿੱਚ ਕੀ ਅੰਤਰ ਦੇਖਦੇ ਹੋ ? ਕੀ ਪਹਿਲਾਂ ਲਿਖੀਆਂ ਕਵਿਤਾਵਾਂ ਵੀ ਸੰਭਾਲ਼ੀਆਂ ਹਨ ਜਾਂ ਐਵੇਂ ਸਮਝ ਕੇ ਗੁਆ ਛੱਡੀਆਂ ਹਨ ?**

-ਪਹਿਲੀਆਂ ਲਿਖੀਆਂ ਸਾਰੀਆਂ ਕਵਿਤਾਵਾਂ ਤਾਂ ਮੈਂ ਨਹੀਂ ਸਾਂਭੀਆਂ, ਪਰ ਫਿਰ ਵੀ ਕਾਫ਼ੀ ਮੇਰੇ ਕੋਲ ਹਨ। ਕਈ ਵੇਰ ਮੈਂ ਉਹਨਾਂ ਨੂੰ ਛਪਵਾਉਣ ਬਾਰੇ ਸੋਚਿਆ ਹੈ।ਪਰ ਫਿਰ ਥਿੜਕ ਜਾਂਦਾ ਹਾਂ। ਉਹਨਾਂ ਦਾ ਪੱਧਰ ਭਾਵੇਂ, ਜਿਹੜੀਆਂ ਮੇਰੀਆਂ ਕਿਤਾਬਾਂ ਛਪੀਆਂ ਹਨ, ਉਹੋ ਜਿਹਾ ਤਾਂ ਨਹੀਂ, ਪਰ ਫਿਰ ਵੀ ਉਹਨਾਂ ਵਿੱਚ ਇੱਕ ਗੱਲ ਦਾ ਝਲਕਾਰਾ ਜ਼ਰੂਰ ਹੈ ਕਿ ਉਹ ਕਿਹੋ-ਜਿਹਾ ਸਮਾਂ ਸੀ ਅਤੇ ਅਸੀਂ ਨਕਸਲਬਾੜੀਏ ਉਸ ਸਮੇਂ ਕਿਸ ਤਰਾਂ ਸੋਚਦੇ ਸਾਂ। ਕੁਝ ਦੋਸਤ ਕਹਿੰਦੇ ਹਨ, ਇਸ ਦਾ ਤੇਰਾ ਅੱਜ ਜੋ ਪ੍ਰਭਾਵ ਬਣਿਆਂ ਹੋਇਆ ਹੈ, ਉਸ 'ਤੇ ਬੁਰਾ ਅਸਰ ਪਵੇਗਾ ਅਤੇ ਕੁਝ ਕਹਿੰਦੇ ਹਨ, ਕਿ ਇਸ ਨਾਲ਼ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਬੱਸ ਇਸੇ ਚੱਕਰ ਵਿੱਚ ਹੀ ਮੈਂ ਤ੍ਰਿਸ਼ੰਕੂ ਬਣਿਆ ਹੋਇਆ ਹਾਂ।

**ਇਕਬਾਲ ਜੀ, ਨਕਸਲਬਾੜੀ ਲ਼ਹਿਰ ਵੇਲੇ ਹੋਰ ਵੀ ਬਹੁਤ ਸਾਰੇ ਕਵੀ ਪੈਦਾ ਹੋਏ ਹਨ।ਪਰ ਮੈਨੂੰ ਲੱਗਦੈ ਸਭ ਤੋਂ ਜ਼ਿਆਦਾ ਬੋਲ-ਬਾਲਾ ਪਾਸ਼ ਦਾ ਹੋਇਆ।ਤੁਸੀਂ ਕੀ ਸਮਝਦੇ ਹੋ ? ਬਾਕੀ ਕਵੀਆਂ ਬਾਰੇ ਉਨੀ ਗੱਲ ਕਿਉਂ ਨਹੀਂ ਹੋਈ ?**

ਦੇਖੋ, ਜ਼ਿਕਰ ਤਾਂ ਬਹੁਤ ਸਾਰੇ ਕਵੀਆਂ ਦਾ ਹੋਇਆ ਹੈ। ਜਿਵੇਂ ਕਿ ਅਮਰਜੀਤ ਚੰਦਨ, ਦਰਸ਼ਨ ਖੱਟਕੜ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਗੁਰਦੀਪ ਗਰੇਵਾਲ਼, ਲੋਕ ਨਾਥ, ਫਤਿਹਜੀਤ, ਮੋਹਣਜੀਤ, ਇਕਬਾਲ ਰਾਮੂਵਾਲ਼ੀਆ, ਸੁਰਿੰਦਰ ਧੰਜਲ ਅਤੇ ਬਹੁਤ ਸਾਰੇ ਹੋਰ। ਹਾਂ, ਸੱਚ ਸੁਰਜੀਤ ਪਾਤਰ ਵੀ ਉਸੇ ਸਮੇਂ ਦੀ ਹੀ ਦੇਣ ਹੈ। ਇਹ ਸਭ ਨਾਮੀ ਸ਼ਾਇਰ ਹਨ, ਇਨ੍ਹਾਂ ਦਾ ਚਰਚਾ ਵੀ ਹੋਇਆ ਹੈ।ਪਰ 'ਪਾਸ਼' ਕੁਝ ਜ਼ਿਆਦਾ ਹੀ ਚਮਕਿਆ।ਮੈਂ ਸਮਝਦਾ ਹਾਂ ਕਿ ਇਸ ਦੇ ਕਈ ਕਾਰਨ ਹਨ।ਇੱਕ ਤਾਂ ਸੰਗ੍ਰਹਿ ਰੂਪ ਵਿੱਚ ਛਪਕੇ ਉਹ ਸਾਰਿਆਂ ਤੋਂ ਪਹਿਲਾਂ ਲੋਕਾਂ ਸਾਹਮਣੇ ਆਇਆ। ਦੂਜਾ ਉੱਨੀ ਸੌ ਸੱਤਰ ਵਿੱਚ ਜਦੋਂ ਉਸ ਦਾ ਕਵਿ ਸੰਗ੍ਰਹਿ 'ਲੋਹ-ਕਥਾ' ਛਪਿਆ, ਉਸ ਦੀ ਗ੍ਰਿਫ਼ਤਾਰੀ ਹੋ ਚੁੱਕੀ ਸੀ, ਇਸ ਲਈ ਉਸ ਦਾ ਨਾਂ ਪਹਿਲਾਂ ਹੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿੱਚ ਸੀ।ਤੀਜਾ ਜੋ ਖ਼ਾਸ ਕਾਰਨ ਹੈ, ਉਹ ਇਹ ਕਿ ਜਿਹੜੇ ਬਿੰਬ 'ਪਾਸ਼' ਨੇ ਵਰਤੇ ਉਹ ਬਹੁਤ ਹੀ ਨਵੇਂ-ਨਿਵੇਕਲੇ ਅਤੇ ਆਮ ਲੋਕਾਂ ਦੀ ਜ਼ਿੰਦਗੀ ਦੇ ਬਹੁਤ ਨੇੜੇ ਦੇ ਹਨ। ਇਸ ਲਈ ਉਸ ਦੀਆਂ ਖ਼ੁੱਲ੍ਹੀਆਂ ਕਵਿਤਾਵਾ ਨੂੰ ਵੀ ਆਮ ਲੋਕਾਂ ਨੇ ਮਾਣਿਆਂ ਤੇ ਮਾਨਤਾ ਦਿੱਤੀ। ਪਾਸ਼ ਦੀਆ ਕਵਿਤਾਵਾਂ ਆਮ ਲੋਕਾਂ ਅਤੇ ਬੁਧੀਜੀਵੀਆਂ ਨੂੰ ਇਕਸਾਰ ਪ੍ਰਭਾਵਿਤ ਕਰਦੀਆਂ ਹਨ ਇਹ ਵੀ ਇੱਕ ਕਾਰਨ ਮੈਂ ਸਮਝਦਾ ਹਾਂ।

**ਤੁਸੀਂ ਕੀ ਸਮਝਦੇ ਹੋ ਕਿ ਇੱਕ ਲੇਖਕ ਨੂੰ ਕਿਸੇ ਵਿਚਾਰਧਾਰਾ ਨਾਲ਼ ਜੁੜਨਾ ਜ਼ਰੂਰੀ ਹੈ ? ਕੁੱਝ ਲੋਕਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ, ਲੇਖਕ ਦੇ ਵਿਚਾਰਾਂ ਦਾ ਘੇਰਾ ਸੀਮਤ ਹੋ ਜਾਂਦਾ ਹੈ ?**

-ਗੱਲ ਇਸ ਤਰਾਂ ਹੈ, ਇੱਕ ਲੇਖਕ ਦਾ ਸਪੱਸ਼ਟ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਇੱਕ ਥੜ੍ਹੇ ਖੜ੍ਹਨਾ ਬੜਾ ਜ਼ਰੂਰੀ ਹੈ। ਜੋ ਆਪ ਮੰਝਧਾਰ ਵਿੱਚ ਗੋਤੇ ਖਾਂਦਾ ਫਿਰਦਾ ਹੈ, ਉਹ ਲੋਕਾਂ ਨੂੰ ਕੀ ਸੇਧ ਦੇਵੇਗਾ। ਕੁਦਰਤ ਦਾ ਅਸੂਲ ਹੈ ਕਿ ਇੱਕ ਪਾਸੇ ਜਮਾਂ ਹੁੰਦਾ ਹੈ, ਦੂਸਰੇ ਪਾਸੇ ਘਟਾਓ ਅਤੇ ਵਿਚਕਾਰ ਜ਼ੀਰੋ ਹੁੰਦਾ ਹੈ, ਮਤਲਬ ਜਿਹਦੀ ਕੋਈ ਹੋਂਦ ਨਹੀਂ। ਦੂਸਰੇ ਸ਼ਬਦਾਂ ਵਿੱਚ ਜਿਹਦੀ ਕੋਈ ਹੋਂਦ ਹੈ, ਉਹ ਜਮਾਂ ਵੱਲ ਹੈ ਜਾਂ ਘਟਾਓ ਵੱਲ ਦੋਵੇਂ ਪਾਸੀਂ ਨਹੀਂ ਹੋ ਸਕਦਾ ਇਸੇ ਤਰਾਂ ਉਸ ਦੀ ਰਚਨਾ ਵੀ ਇੱਕ ਪਾਸੇ ਹੋਵੇਗੀ।

**ਕੀ ਕੈਨੇਡਾ ਵਿਚਲੀਆਂ ਸਾਹਿਤ ਸਭਾਵਾਂ ਵੀ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਹਿੱਸਾ ਪਾ ਰਹੀਆਂ ਹਨ ? ਜਿਹੜੇ ਸਾਹਿਤਕ ਇਕੱਠ ਜਾਂ ਪੰਜਾਬੀ ਕਾਂਨ.ਫਰੰਸਾਂ ਹੁੰਦੀਆਂ ਹਨ, ਉਹਨਾਂ ਦਾ ਕੋਈ ਫਾਇਦਾ ਵੀ ਹੈ ਜਾਂ ਨਹੀਂ ?**

-ਬਹੁਤੀਆਂ ਸਾਹਿਤ ਸਭਾਵਾਂ ਕੁੱਝ ਨਾ ਕੁੱਝ ਜ਼ਰੂਰ ਕਰ ਰਹੀਆਂ ਹਨ, ਕੁਝ-ਕੁ ਤਾਂ ਬਹੁਤ ਵਧੀਆ ਉੱਦਮ ਕਰ ਰਹੀਆਂ ਹਨ। ਇਸੇ ਤਰਾਂ ਕਈ ਸਾਹਿਤਕ ਇਕੱਠ ਵੀ ਬੜੇ ਸਾਰਥਕ ਹੁੰਦੇ ਹਨ, ਪਰ ਕਈ ਮੇਲਾ-ਗੇਲਾ ਬਣਕੇ ਵੀ ਰਹਿ ਜਾਂਦੇ ਹਨ।ਬੀ. ਸੀ. ਵਿੱਚ ਦੋ ਇਕੱਠਾਂ ਵਿੱਚ ਸ਼ਿਰਕਤ ਕਰਨ ਦਾ ਮੌਕਾ ਮਿਲਿਆ, ਇੱਕ ਵਿਸ਼ਵ ਪੰਜਾਬੀ ਕਾਨਫਰੰਸ ਸੀ ਅਤੇ ਦੂਸਰੀ ਸੀ ਪੰਜਾਬੀ ਲੇਖਕ ਮੰਚ ਦੀ ਪੈਂਤੀਵੀਂ ਵਰ੍ਹੇ-ਗੰਢ। ਦੋਵੇਂ ਹੀ ਬਹੁਤ ਅੱਛੀਆਂ ਰਹੀਆਂ, ਬੜੇ ਗੰਭੀਰ ਮਸਲਿਆਂ 'ਤੇ ਵਿਚਾਰ-ਵਟਾਂਦਰਾ ਹੋਇਆ, ਬਹੁਤ ਕੁੱਝ ਸਿੱਖਣ ਲਈ ਮਿਲਿਆ।

**ਤੁਸੀਂ ਗੱਲ ਪੰਜਾਬੀ ਬੋਲੀ ਨੂੰ ਜਿਉਂਦਾ ਰੱਖਣ ਦੀ ਕੀਤੀ ਹੈ।ਜਦੋਂ ਕਿ ਯੂਨੈਸਕੋ ਦਾ ਅਨੁਮਾਨ ਹੈ ਕਿ ਵੀਹ-ਸੌ ਪੰਜਾਹ ਤੱਕ ਕੁੱਝ ਹੋਰ ਘੱਟ ਗਿਣਤੀ ਕੌਮਾਂ ਦੀਆਂ ਬੋਲੀਆਂ ਨਾਲ਼ ਪੰਜਾਬੀ ਬੋਲੀ ਵੀ ਅਲੋਪ ਹੋ ਜਾਵੇਗੀ। ਤੁਸੀਂ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਕੀ ਕਹਿਣਾ ਚਾਹੋਗੇ ?**

-ਭਾਵੇਂ ਪੰਜਾਬ ਵਿੱਚ ਸੂਬਾ ਅਤੇ ਕੇਂਦਰੀ ਸਰਕਾਰਾਂ ਇਸ ਵੱਲ਼ ਕੋਈ ਧਿਆਨ ਨਹੀਂ ਦਿੰਦੀਆਂ। ਲੋਕ ਵੀ ਕੋਈ ਬਹੁਤੇ ਚਿੰਤਾਤੁਰ ਨਹੀਂ ਹਨ। ਫਿਰ ਵੀ ਥੋੜੇ ਕੀਤਿਆਂ ਖ਼ਤਮ ਹੋਣ ਵਾਲ਼ੀ ਨਹੀਂ ਪੰਜਾਬੀ ਬੋਲੀ। ਹਾਂ, ਇਸ ਵੱਲ ਲੇਖਕਾਂ ਅਤੇ ਲਿਖਾਰੀ ਸਭਾਵਾਂ ਨੂੰ ਉਚੇਚਾ ਧਿਆਨ ਦੇਣ ਦੀ ਲੋੜ੍ਹ ਹੈ। ਦੇਸ਼ੋਂ ਬਾਹਰ ਆ ਚੁੱਕੇ ਲੋਕ ਇਸ ਬਾਰੇ ਬੜੇ ਚਿੰਤਾਤੁਰ ਹਨ।ਉਹ ਆਪਣੀ ਬੋਲੀ ਅਤੇ ਸੱਭਿਆਚਾਰ ਨਾਲ਼ ਜਜ਼ਬਾਤੀ ਤੌਰ ਤੇ ਜੁੜੇ ਹੋਏ ਹਨ ਅਤੇ ਇਹਨੂੰ ਜਿਉਂਦਾ ਰੱਖਣਾ ਵੀ ਚਾਹੁੰਦੇ ਹਨ।ਇਹਨਾਂ ਲੋਕਾਂ ਦੇ ਸੁਚੇਤ ਯਤਨਾ ਸਦਕਾ ਅੱਜ ਪੰਜਾਬੀ ਬੋਲੀ ਕੈਨੇਡਾ, ਅਮਰੀਕਾ, ਸਿੰਘਾਪੁਰ ਅਤੇ ਜਪਾਨ ਵਿੱਚ ਪੜ੍ਹਾਈ ਜਾਂਦੀ ਹੈ।ਇੱਥੇ ਮੈਂ ਇੱਕ ਹੋਰ ਗੱਲ ਤੁਹਾਡੇ ਧਿਆਨ ਵਿੱਚ ਲਿਆਉਣੀ ਚਾਹਾਂਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਲ਼ਿੱਪੀ ਵਿੱਚ ਲਿਖਣ ਨਾਲ਼ ਪੰਜਾਬੀ ਬੋਲੀ ਦੀ ਸਿੱਖ ਧਰਮ ਨਾਲ਼ ਬੜੀ ਪੀਡੀ ਗੰਢ ਪੈ ਗਈ ਹੈ। ਧਰਮ ਨਾਲ਼ ਜੁੜੀ ਹੋਈ ਬੋਲੀ ਮਰ ਕੇ ਵੀ ਫਿਰ ਪੁੰਗਰ ਆਉਂਦੀ ਹੈ। ਹੀਬਰੋ ਦੀ ਉਦਾਹਰਣ ਸਾਡੇ ਸਾਹਮਣੇ ਹੈ।ਇੱਥੇ ਮੈਨੂੰ ਸਵ: ਭਾਸ਼ਾ ਵਿਗਿਆਨੀ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਕਹੀ ਗੱਲ ਯਾਦ ਆਉਂਦੀ ਹੈ ਉਹ ਕਹਿੰਦੇ ਹੁੰਦੇ ਸਨ, ਵੇਦ ਵੀ ਪੰਜਾਬ ਦੀ ਧਰਤੀ ਤੇ ਲਿਖੇ ਗਏ, ਇਹ ਵੀ ਪੰਜਾਬੀ ਵਿੱਚ ਹਨ, ਇਹ ਉਸ ਵੇਲੇ ਦੀ ਪੰਜਾਬੀ ਵਿਚ ਹੈਨ। ਸੋ ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਬੋਲ਼ੀ ਨਹੀਂ ਮਰੇਗੀ। ਹਾਂ, ਇਹ ਬਦਲਦੇ ਸਮੇਂ ਨਾਲ ਕਿਸੇ ਬਦਲਵੇਂ ਰੂਪ ਵਿੱਚ ਹੋ ਸਕਦੀ ਹੈ।

**ਤੁਹਾਡੇ ਜਵਾਬ ਨੇ ਇੱਕ ਹੋਰ ਸਵਾਲ ਪੈਦਾ ਕਰ ਦਿੱਤਾ। ਬੋਲੀ ਤਾਂ ਕਿਸੇ ਇੱਕ ਖ਼ਿਤੇ ਵਿੱਚ ਰਹਿਣ ਵਾਲ਼ੇ ਤੇ ਬੋਲਣ ਵਾਲ਼ੇ ਲੋਕਾਂ ਦੀ ਹੁੰਦੀ ਹੈ ਨਾ ਕਿ ਕਿਸੇ ਧਰਮ ਦੀ। ਜਿਵੇਂ ਕਿ ਹਿੰਦੋਸਤਾਨ ਅਤੇ ਪਾਕਿਸਤਾਨ ਵਿੱਚ ਤਸੀਂ ਦੇਖ ਸਕਦੇ ਹੋ। ਤੁਸੀਂ ਇਹ ਕਿਵੇਂ ਕਹੋਗੇ ਕਿ ਧਰਮ ਬੋਲੀ ਨੂੰ ਜਿਉਂਦਾ ਰੱਖਦਾ ਹੈ ?**

-ਤੁਸੀਂ ਠੀਕ ਫ਼ਰਮਾਇਆ ਹੈ। ਬੋਲੀ ਕਿਸੇ ਧਰਮ ਦੀ ਨਹੀਂ ਸਗੋਂ ਕੌਮ ਦੀ ਹੁੰਦੀ ਹੈ, ਜਿਵੇਂ ਕਿ ਪੰਜਾਬੀਆਂ ਦੀ ਪੰਜਾਬੀ, ਬੰਗਾਲੀਆਂ ਦੀ ਬੰਗਾਲੀ।ਇੱਕ ਬੋਲੀ ਨੂੰ ਬੋਲਣ ਵਾਲ਼ੇ ਲੋਕਾਂ ਦਾ ਧਰਮ ਅੱਡ-ਅੱਡ ਹੋ ਸਕਦਾ ਹੈ, ਇਸੇ ਤਰਾਂ ਵੱਖ-ਵੱਖ ਕੌਮਾਂ, ਜਿਹਨਾਂ ਦੀ ਬੋਲੀ ਵੀ ਵੱਖ-ਵੱਖ ਹੈ, ਦਾ ਧਰਮ ਇੱਕੋ ਹੋ ਸਕਦਾ ਹੈ। ਪਰ ਜਦ ਬੋਲੀ ਕਿਸੇ ਧਰਮ ਨਾਲ਼ ਜੁੜ ਜਾਂਦੀ ਹੈ ਤਾਂ ਇਹਦਾ ਹਾਲਾਤਾਂ ਮੁਤਾਬਿਕ ਬੋਲੀ ਨੂੰ ਨਕਸਾਨ ਵੀ ਹੋ ਸਕਦਾ ਹੈ, ਜਿਵੇਂ ਕਿ ਪੰਜਾਬ ਵਿੱਚ ਪੰਜਾਬੀ ਨੂੰ ਹੋਇਆ ਹੈ ਅਤੇ ਫ਼ਾਇਦਾ ਵੀ ਹੋ ਸਕਦਾ ਹੈ, ਜਿਵੇਂ ਕਿ ਹੀਬਰੋ ਨੂੰ ਹੋਇਆ ਹੈ।

**ਤੁਹਾਨੂੰ ਪਾਸ਼ ਨੂੰ ਨੇੜਿਓ ਦੇਖਣ, ਸੁਣਨ ਦਾ ਮੌਕਾ ਮਿਲਿਆ। ਤੁਸੀਂ ਪਾਸ਼ ਬਾਰੇ ਕੋਈ ਗੱਲ ਸਾਂਝੀ ਕਰਨੀ ਚਾਹੋਗੇ ?**

-ਪਾਸ਼ ਦਾ ਨਾਂ ਅਵਤਾਰ ਸਿੰਘ ਸੰਧੂ ਸੀ, ਪਾਸ਼ ਉਸਦਾ ਕਲਮੀ ਨਾਮ ਸੀ। ਉਹਨੇ ਆਪਣੀ ਇੱਕ ਮੈਡਮ ਦੀ ਪ੍ਰੇਰਨਾ ਨਾਲ ਅੱਠਵੀਂ 'ਚ ਪੜ੍ਹਦਿਆਂ, ਗੁਰੂ ਨਾਨਕ ਦੇਵ ਜੀ ਦੇ ਗੁਰ-ਪੁਰਬ 'ਤੇ ਪਹਿਲੀ ਕਵਿਤਾ ਲਿਖੀ। ਜਦੋਂ ਉਹਨੇ ਇਹ ਕਵਿਤਾ ਲਿਖੀ ਤਾਂ ਉਹਨੇ ਸੋਚਿਆ ਕਿ ਕੋਈ ਤਖ਼ੱਲਸ ਰੱਖਿਆ ਜਾਵੇ।ਪ੍ਰਰਨਾ ਸਰੋਤ ਮੈਡਮ ਦਾ ਨਾਂ ਸੀ, 'ਪ੍ਰਵੇਸ਼' ਉਸਦੇ ਨਾਂ ਦਾ ਪਹਿਲਾ ਅੱਖਰ (ਪ) ਤੇ ਆਖ਼ਰੀ ਅੱਖਰ (ਸ਼) ਲੈ ਕੇ ਦੋਵਾਂ ਨੂੰ ਕੰਨਾ (ਾ) ਲਗਾ ਦਿੱਤਾ। ਇਸ ਤਰਾਂ ਇਹ ਪਾਸ਼ਾ ਬਣ ਗਿਆ। ਫਿਰ ਉਹਨੇ ਸੋਚਿਆ ਇਹ ਤਾਂ ਰਸ਼ੀਅਨ ਨਾਂ ਲਗਦਾ ਹੈ ਅਤੇ ਅਖ਼ੀਰਲਾ ਕੰਨਾ ਲਾਹ ਦਿੱਤਾ। ਇਸ ਤਰਾਂ ਉਹ 'ਪਾਸ਼' ਬਣ ਗਿਆ। ਅਵਤਾਰ ਸਿੰਘ ਸੰਧੂ ਨੂੰ ਭਾਵੇਂ ਕੋਈ ਜਾਣੇ-ਨਾ ਜਾਣੇ, ਪਰ 'ਪਾਸ਼' ਨੂੰ ਅੱਜ ਸਾਰੀ ਦੁਨੀਆਂ ਦੇ ਪੰਜਾਬੀ ਸਾਹਿਤਕ ਰਸੀਏ ਜਾਣਦੇ ਹਨ।'ਪਾਸ਼' ਦੀ ਸ਼ਖ਼ਸ਼ੀਅਤ ਦੇ ਦੋ ਪੱਖ ਹਨ, ਇੱਕ ਹੈ ਬੌਧਿਕ ਅਤੇ ਦੂਸਰਾ ਹੈ ਜਜ਼ਬਾਤੀ। ਬੌਧਿਕ ਪੱਖ ਤਾਂ ਉਸ ਦੀਆਂ ਲਿਖਤਾਂ ਤੋਂ ਖੂਬ ਉਜਾਗਰ ਹੁੰਦਾ ਹੈ ਅਤੇ ਇਸ ਪੱਖ ਬਾਰੇ ਲਿਖਿਆ ਵੀ ਬਹੁਤ ਗਿਆ ਹੈ। ਪਰ ਜਜ਼ਬਾਤੀ ਪੱਖ ਬਾਰੇ ਘੱਟ ਹੀ ਲਿਖਿਆ ਗਿਆ ਹੈ। ਮੈਂ 'ਸੰਵਾਦ' ਦੇ ਇੱਕ ਵਿਸ਼ੇਸ਼ ਅੰਕ ਲਈ ਉਸ ਦੇ ਇਸ ਪੱਖ ਬਾਰੇ ਲੇਖ ਲਿਖਿਆ ਸੀ।ਜੋ ਕਿ ਮੇਰੀ ਕਿਤਾਬ 'ਕਾਫ਼ਲੇ' ਦੀ ਅੰਤਕਾ ਵਿੱਚ 'ਯਾਦਾਂ ਦੇ ਪ੍ਰਛਾਵੇਂ' ਨਾਂ ਹੇਠ ਛਪਿਆ ਹੈ।

**ਜੇਕਰ ਤੁਹਾਨੂੰ ਤੁਹਾਡੀ ਕਵਿਤਾ ਦੀ ਚੋਣ ਕਰਨੀ ਪਵੇ ਤਾਂ ਕਿਹੜੀ ਚੁਣੋਗੇ ?**

-ਇਹ ਕੰਮ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੈ ਕਿਉਂਕਿ ਹਰ ਕਵਿਤਾ ਦਾ ਆਪਣਾ ਵੱਖਰਾ ਰੰਗ-ਰੂਪ ਅਤੇ ਵੱਖਰਾ ਵਿਸ਼ਾ ਹੁੰਦਾ ਹੈ।ਜਿਵੇਂ ਹਰ ਨਿਆਣੇ ਦੀ ਆਪਣੀ ਸ਼ਕਲ ਅਤੇ ਆਪਣੀ ਅਕਲ ਹੁੰਦੀ ਹੈ, ਪਰ ਉਹ ਸਾਰੇ ਹੀ ਪਿਆਰੇ ਹੁੰਦੇ ਹਨ, ਬਸ ਇਸੇ ਤਰਾਂ ਕਵਿਤਾਵਾਂ ਹੁੰਦੀਆਂ ਹਨ।ਮੇਰੀ ਸਭ ਤੋਂ ਪਹਿਲੀ ਛੱਪਣ ਵਾਲ਼ੀ ਕਵਿਤਾ ਸੀ, 'ਜੂਝਦੇ ਬੂਟੇ ਦੀ ਟਾਹਣੀ' ਇਹ ਸਤੰਬਰ, 1971 ਦੇ 'ਸਰਦਲ' ਵਿੱਚ ਛਪੀ ਸੀ।ਜਦ ਮੈਂ 1976 ਵਿੱਚ ਬਾਹਰ ਆ ਗਿਆ ਤਾਂ ਜਿਹੜੀ ਸਭ ਤੋਂ ਪਹਿਲੀ ਕਵਿਤਾ ਲਿਖੀ ਉਹ ਸੀ, 'ਲਾਸ਼ ਦਾ ਸਫ਼ਰ' ਇਹ ਅਸਟ੍ਰੇਲੀਆ ਦੇ ਇੱਕ ਰੇਲਵੇ ਸਟੇਸ਼ਨ ਦੇ ਬੈਂਚ ਤੇ ਬੈਠ ਕੇ ਲਿਖੀ ਸੀ, ਇਹ ਦੋਨੋਂ ਕਵਿਤਾਵਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਐੱਮ. ਏ. ਦੀ ਕਲਾਸ ਵਿੱਚ ਪੜ੍ਹਾਈਆਂ ਗਈਆਂ ਹਨ।'ਮੈਂ ਤੇ ਚੰਦ', 'ਸਫ਼ਰ ਦਾ ਸਾਹਿਸ ਤੇ ਚੰਦ', 'ਮੁਕਤੀ', 'ਨਾਨਕ ਤੇ ਲੈਨਿਨ', 'ਸੋਚਣ ਢੰਗ', 'ਨਾਗ ਦੀ ਮੌਤ ਤੱਕ', 'ਔਰਤ', 'ਕਬਰ, 'ਮਕਾਨ ਤੇ ਘਰ', 'ਸਾਥ', 'ਪ੍ਰੀਤ ਨਗਰ', 'ਕਾਫ਼ਲੇ', 'ਤ੍ਰੇਲ ਤੁਪਕੇ', 'ਕਿੱਸਾ ਕਾਮੇ ਦੀ ਮੁਹਬਤ ਦਾ', 'ਤੂੰ ਨਿਰਾਸ਼ ਨਾ ਹੋ', 'ਡਾਕਟਰ ਦੀ ਬੇਟੀ', 'ਇਹ ਕੇਹਾ ਪੱਥਰ ਹੈ' ਅਤੇ ਹੋਰ ਵੀ ਬਹੁਤ ਸਾਰੀਆਂ ਹਨ।

**ਇਕਬਾਲ ਜੀ, ਇਸ ਲ਼ਹਿਰ ਵਿੱਚ ਕੰਮ ਕਰਦਿਆਂ, ਤੁਹਾਡਾ ਪੁਲਿਸ ਦੀ ਕੁੱਟ ਅਤੇ ਜੇਲ੍ਹਾਂ ਨਾਲ਼ ਵਾਹ ਪਿਆ। ਉਸ ਸਮੇਂ ਤਾਂ ਪਲੀਸ ਨੇ ਬਹੁਤ ਸਾਰੇ ਮੁੰਡੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਹੀ ਦਿੱਤੇ, ਮੈਨੂੰ ਇਹ ਹੈਰਾਨੀ ਹੈ ਕਿ ਤੁਹਾਡਾ ਕਿਵੇਂ ਬਚਾਅ ਹੋ ਗਿਆ ?**

-ਸਤਨਾਮ ਜੀ, ਜੇਲ੍ਹ ਯਾਤਰਾ ਤਾਂ ਕਈ ਵਾਰ ਕੀਤੀ। ਸਬ-ਜ਼ੇਲ੍ਹ ਫ਼ਗਵਾੜਾ, ਜ਼ਿਲ੍ਹਾ ਜ਼ੇਲ੍ਹ ਕਪੂਰਥਲ਼ਾ, ਜ਼ਿਲ੍ਹਾ ਜ਼ੇਲ੍ਹ ਜਲੰਧਰ ਅਤੇ ਕੇਂਦਰੀ ਜ਼ੇਲ੍ਹ ਪਟਿਆਲ਼ਾ ਦੀ 'ਯਾਤਰਾ' ਕਰਨ ਦਾ ਮੌਕਾ ਮਿਲਿਆ। ਇੱਕ ਵਾਰ ਪੌਣੇ ਤਿੰਨ ਸਾਲ ਲਗਾਤਾਰ 'ਸਰਕਾਰੀ ਰੋਟੀਆਂ' ਖਾਣ ਦਾ ਮੌਕਾ ਮਿਲਿਆ। ਪਲਿਸ ਸਟਾਫ਼ ਅਤੇ ਥਾਣਾ ਬੰਗਾ, ਪੁਲਿਸ ਸਟਾਫ਼ ਅਤੇ ਥਾਣਾ ਫ਼ਗਵਾੜਾ, ਪੁਲਿਸ ਲਾਈਨ ਕਪੂਰਥਲਾ, ਥਾਣਾ ਭੁਲੱਥ ਅਤੇ ਥਾਣਾ ਰਵੀਦਾਸ ਚੌਂਕੀ ਵਿੱਚ 'ਸੇਵਾ' ਵੀ ਕਰਵਾਈ। ਇਸ ਤੋਂ ਬਿਨਾਂ ਪੁੱਛ-ਗਿੱਛ ਕੇਂਦਰ, ਅੰਮ੍ਰਿਸਰ ਵਿੱਚ ਵੀ ਰਿਹਾ। ਬਚਾ ਦੀ ਗੱਲ ਇਸ ਤਰਾਂ ਹੈ, ਇੱਕ ਤਾਂ ਮੇਰੇ ਪਿਤਾ ਜੀ ਰਾਜਨੀਤਕ ਤੌਰ ਤੇ ਕਾਫ਼ੀ ਚੇਤੰਨ ਹਨ। ਜਦੋਂ ਕਦੇ ਵੀ ਮੇਰੀ ਗ੍ਰਿਫ਼ਤਾਰੀ ਹੋਈ, ਉਨ੍ਹਾਂ ਬਹੁਤ ਪਿੱਛਾ ਕੀਤਾ। ਇੱਕ ਵੇਰ ਉਨ੍ਹਾਂ ਪੰਜਾਬ ਦੇ ਕੇਂਦਰੀ ਪੁੱਛ-ਗਿੱਛ ਕੇਂਦਰ, ਅੰਮ੍ਰਿਤਸਰ ਵਿੱਚ ਹਾਈ ਕੋਰਟ ਤੋਂ ਹੁਕਮ ਕਰਵਾ ਕੇ, ਹਾਈ ਕੋਰਟ ਦੇ ਵਕੀਲ ਹਰਭਜਨ ਸਿੰਘ ਸੰਘਾ ਨੂੰ ਨਾਲ਼ ਲੈ ਕੇ ਮੁਲਾਕਾਤ ਜਾ ਕੀਤੀ ਸੀ। ਜਿਸ ਨਾਲ਼ ਉੱਥੇ ਤਾਇਨਾਤ ਮੁਲਾਜ਼ਮ ਹਿੱਲਕੇ ਰਹਿ ਗਏ ਸਨ, ਕਿਉਂਕਿ ਇਸ ਕੇਂਦਰ ਦੇ ਇਤਿਹਾਸ ਵਿੱਚ ਇਸ ਤਰਾਂ ਦੀ ਇਹ ਪਹਿਲੀ ਘਟਨਾ ਸੀ। ਉਂਝ ਜਦੋਂ ਵੀ ਕਦੇ ਮੈਨੂੰ ਪੁਲੀਸ ਨੇ ਗ੍ਰਿਫ਼ਤਾਰ ਕੀਤਾ, ਮੇਰੇ ਪਿਤਾ ਜੀ ਉਸੇ ਵੇਲ਼ੇ ਹਾਈ ਕੋਰਟ ਦੇ ਮੁੱਖ ਜੱਜ, ਸੁਪਰੀਮ ਕੋਰਟ ਦੇ ਮੁੱਖ ਜੱਜ, ਗਵਰਨਰ ਪੰਜਾਬ ਅਤੇ ਰਾਸ਼ਟਰਪਤੀ ਨੂੰ ਤਾਰਾਂ ਭੇਜ ਦਿੰਦੇ ਸਨ।

ਦੂਜੀ ਗੱਲ ਇਹ ਹੈ, ਲ਼ਹਿਰ ਦੇ ਮੁੱਢਲੇ ਅਤੇ ਪਹਿਲੇ ਪੜ੍ਹਾ ਵਿੱਚ ਗ੍ਰਿਫ਼ਤਾਰ ਹੋਣ ਵਾਲਿਆਂ 'ਤੇ ਤਸ਼ਦੱਦ ਤਾਂ ਬਹੁਤ ਹੋਇਆ ਪਰ ਮਾਰੇ ਨਹੀਂ ਗਏ, ਦੂਸਰੇ ਪੜ੍ਹਾ ਵਿੱਚ ਗ੍ਰਿਫ਼ਤਾਰ ਹੋਣ ਵਾਲਿਆਂ 'ਤੇ ਤਸ਼ੱਦਦ ਵੀ ਬਹੁਤ ਹੋਇਆ ਅਤੇ ਮਾਰੇ ਵੀ ਗਏ, ਤੀਸਰੇ ਪੜ੍ਹਾ ਵਿੱਚ ਗ੍ਰਿਫ਼ਤਾਰ ਹੋਣ ਵਾਲਿਆਂ 'ਤੇ ਤਸ਼ੱਦਦ ਵੀ ਨਾ ਮਾਤਰ ਹੋਇਆ ਅਤੇ ਮਾਰੇ ਵੀ ਨਹੀਂ ਗਏ। ਮੇਰੀ ਗ੍ਰਿਫ਼ਤਾਰੀ ਪਹਿਲੇ ਪੜ੍ਹਾ ਵਿੱਚ ਹੀ ਹੋ ਗਈ ਸੀ, ਇਹ ਵੀ ਬਚਾਅ ਦਾ ਇੱਕ ਕਾਰਨ ਹੈ।

ਮੇਰੇ ਬਚਾ ਦਾ ਤੀਜਾ ਕਾਰਨ, ਇੱਕ ਈਮਾਨਦਾਰ ਪੁਲਿਸ ਅਫ਼ਸਰ ਦਾ ਰੋਲ ਹੈ। ਇਹ ਪੁਲਿਸ ਅਫ਼ਸਰ ਐੱਸ. ਐੱਸ. ਪੀ. ਤਿਵਾੜੀ ਸੀ। ਐੱਸ. ਐੱਸ. ਪੀ. ਤਿਵਾੜੀ ਨੂੰ ਸਾਡੇ ਨਾਲ਼ ਜਾਂ ਸਾਡੀ ਲਹਿਰ ਨਾਲ਼ ਕੋਈ ਹਮਦਰਦੀ ਨਹੀਂ ਸੀ, ਪਰ ਉਹ ਕਰਮਯੋਗੀ ਅਤੇ ਬਹੁਤ ਈਮਾਨਦਾਰ ਇਨਸਾਨ ਸੀ। ਉਸ ਦਾ ਇਹ ਗੁਣ ਸਾਨੂੰ ਬਹੁਤ (ਮੈਨੂੰ ਅਤੇ ਦਰਸ਼ਨ ਦੁਸਾਂਝ ਨੂੰ) ਰਾਸ ਆਇਆ ਅਤੇ ਅਸੀਂ ਮੌਤ ਦੇ ਮੂੰਹ ਵਿਚੋਂ ਬਚ ਨਿਕਲੇ। ਮੇਰੀ ਕਿਤਾਬ 'ਗੁੰਮੀਆਂ ਪੌਣਾ ਦਾ ਅਹਿਦ' ਦੇ ਅੰਤਿਕਾ ਵਿੱਚ 'ਯਾਦਾਂ ਦੇ ਪ੍ਰਛਾਵੇਂ' ਮੇਰੀਆਂ ਦਰਸ਼ਣ ਨਾਲ ਯਾਦਾਂ ਵਿੱਚ ਐਸ. ਪੀ ਤਿਵਾੜੀ ਦੇ ਰੋਲ ਦਾ ਵਿਸਥਾਰ ਨਾਲ ਜ਼ਿਕਰ ਹੈ। ਜੇਕਰ ਤੁਹਾਡੀ ਦਿਲਚਸਪੀ ਹੈ ਤਾਂ ਉਹ ਪੜ੍ਹਨ ਨਾਲ ਤੁਹਾਨੂੰ ਹੋਰ ਜਾਣਕਾਰੀ ਮਿਲ ਜਾਵੇਗੀ।

**ਕੁਝ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਪੁਲੀਸ ਨੇ ਇਸ ਲਹਿਰ ਨੂੰ ਬਹੁਤ ਬੁਰੀ ਤਰ੍ਹਾਂ ਦਬਾਇਆ। ਸ਼ੈਂਕੜੇ ਜਵਾਨੀਆਂ ਭੰਗ ਦੇ ਭਾੜੇ ਗਈਆਂ, ਜਿਸ ਨਾਲ ਅਸੀਂ ਖੱਟਿਆ ਕੁਝ ਨਹੀਂ, ਗਵਾਇਆ ਹੀ ਹੈ।ਕੀ ਤੁਸੀਂ ਇਸ ਨਾਲ ਸਹਿਮਤ ਹੋ ?**

-ਇਸ ਗੱਲ ਨਾਲ਼ ਵੀ ਮੈਂ ਸਹਿਮਤ ਨਹੀਂ ਹਾਂ।ਜਗਰੂਪ ਝਨੀਰ ਦਾ ਇਕ ਗੀਤ ਹੈ:-

ਬਣਨ ਸ਼ਹੀਦ ਨੀਹਾਂ ਦੇ ਰੋੜੇ, ਜਿਨ੍ਹਾਂ 'ਤੇ ਉੱਸਰੇ ਸੰਗਰਾਮ। ਮਾਂ ਭਾਰਤ ਦੇ ਵੀਰ ਸਪੂਤੋ, ਅਮਰ ਸ਼ਹੀਦੋ, ਲਾਲ ਸਲਾਮ। ਲਾਲ ਸਲਾਮ। ਲਾਲ ਸਲਾਮ।

ਮੈਂ ਸਮਝਦਾ ਹਾਂ, ਸਾਡੇ ਸ਼ਹੀਦ ਅਤੇ ਬਹਾਦਰ ਯੋਧੇ ਨੀਹਾਂ ਦੇ ਰੋੜਿਆਂ ਵਾਂਗ ਹਨ।ਜਿਹੜੇ ਦਿਸਦੇ ਨਹੀਂ, ਪਰ ਉਨ੍ਹਾਂ ਦਾ ਕੀਤਾ ਕੰਮ ਬੜਾ ਮਹਾਨ ਹੁੰਦਾ ਹੈ।ਕੋਈ ਰਾਜਨੀਤਿਕ ਜਾਂ ਸਮਾਜਿਕ ਲ਼ਹਿਰ, ਹਿਸਾਬ ਦਾ ਸਵਾਲ ਨਹੀਂ ਹੁੰਦਾ, ਜਿਸਦਾ ਝੱਟ-ਪੱਟ ਜਵਾਬ 2+2= 4 ਸਾਹਮਣੇ ਆ ਜਾਵੇਗਾ, ਪਰ ਅਜਿਹੀ ਲ਼ਹਿਰ ਆਪਣੀ ਪੈੜ੍ਹ ਜ਼ਰੂਰ ਛੱਡ ਜਾਂਦੀ ਹੈ, ਵਕਤ ਆਣ 'ਤੇ ਇਸ ਪੈੜ੍ਹ 'ਤੇ ਤੁਰਨ ਵਾਲ਼ੇ ਫਿਰ ਪੈਦਾ ਹੋ ਜਾਂਦੇ ਹਨ ਅਤੇ ਇਹ ਲ਼ਹਿਰ ਫਿਰ ਅੱਗੇ ਤੁਰ ਪੈਂਦੀ ਹੈ, ਨੀਹਾਂ ਉੱਤੇ ਕੰਧਾਂ ਦੀ ਉਸਾਰੀ ਵਾਂਗ।

**ਆਪਣੇ ਨਿੱਜੀ ਪਰਿਵਾਰ ਬਾਰੇ ਵੀ ਕੁੱਝ ਦਸੋ ? ਤੁਹਾਡੇ ਪਰਿਵਾਰ ਵਲੋਂ ਤੁਹਾਨੂੰ ਸਿਰਜਣਾ ਲਈ ਕਿੰਨਾ-ਕੁ ਸਹਿਯੋਗ ਮਿਲਦਾ ਹੈ ? ਕੀ ਕੋਈ ਬੱਚਾ ਵੀ ਸਾਹਿਤਕ ਦਿਲਚਸਪੀ ਲੈ ਰਿਹਾ ਹੈ ?**

-ਮੇਰੇ ਨਿੱਜੀ ਪਰਿਵਾਰ ਵਿੱਚ ਮੇਰੀ ਪਤਨੀ ਮਹਿੰਦਰ ਕੌਰ ਕਾਲੀਰਾਏ, ਤਿੰਨ ਬੇਟੇ ਨਵਬਿੰਦਰ ਸਿੰਘ ਕਾਲੀਰਾਏ, ਨਵਪੌਲ ਸਿੰਘ ਕਾਲੀਰਾਏ, ਸੰਗਤਾਰ ਸਿੰਘ ਕਾਲੀਰਾਏ ਅਤੇ ਇੱਕ ਬੜੀ ਪਿਆਰੀ ਬੇਟੀ ਸੰਦਲ ਕੌਰ ਕਾਲੀਰਾਏ ਹੈ। ਮੇਰੇ ਮਾਤਾ ਜੀ ਅਤੇ ਪਿਤਾ ਜੀ ਵੀ ਮੇਰੇ ਨਾਲ਼ ਰਹਿੰਦੇ ਹਨ। ਮੈਨੂੰ ਸਾਰੇ ਪਰਿਵਾਰ ਵਲੋਂ ਬਹੁਤ ਉਤਸ਼ਾਹ ਤੇ ਸਹਿਯੋਗ ਮਿਲ਼ ਰਿਹਾ ਹੈ। ਖ਼ਾਸ ਕਰਕੇ ਮੇਰੇ ਪਿਤਾ ਜੀ ਤਾਂ ਮੇਰੇ ਪ੍ਰੇਰਨਾ ਸ੍ਰੋਤ ਹਨ ਹੀ, ਮੇਰੇ ਵੱਡੇ ਲੜਕੇ ਨਵੀਨ ਵਲੋਂ ਵੀ ਬਹੁਤ ਉਤਸ਼ਾਹ ਮਿਲਦਾ ਹੈ। ਭਾਵੇਂ ਉਸ ਦੀ ਆਪਣੀ ਰੁਚੀ ਪੰਜਾਬੀ ਸਾਹਿੱਤ ਵਿੱਚ ਨਹੀਂ ਪਰ ਉਹ ਕਲਾਤਮਿਕ ਰੁਚੀਆਂ ਦਾ ਮਾਲਕ ਹੈ। ਪੇਂਟਿੰਗ ਵਿੱਚ ਉਸ ਦੀ ਕਾਫ਼ੀ ਦਿਲਚਸਪੀ ਹੈ। ਉਹ ਮੈਨੂੰ ਵੀ ਲਿਖਣ ਲਈ ਪ੍ਰੇਰਨਾ ਦਿੰਦਾ ਹੈ।

**ਕੋਈ ਅਧੂਰੀ ਰਹੀ ਇੱਛਾ ਜੋ ਪੂਰੀ ਕਰਨਾ ਲੋਚਦੇ ਹੋਵੋਂ ?**

-ਹਾਂ, ਹੈ ਇੱਕ ਇਨਕਲਾਬ ਦੀ। ਵੈਸੇ ਇੱਛਾਵਾਂ ਤਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ। ਮੇਰੀ ਇੱਕ ਕਵਿਤਾ ਹੈ, 'ਜ਼ਿੰਦਗੀ'। ਉਹਦੇ ਵਿੱਚ ਮੈਂ ਲਿਖਿਆ ਹੈ, ਕਿ ਹਰ ਇਨਸਾਨ ਦੇ ਮਨ ਵਿੱਚ ਏਨੀਆਂ ਜ਼ਿਆਦਾ ਇੱਛਾਵਾਂ ਹੁੰਦੀਆਂ ਹਨ, ਜੋ ਸਭ ਕਦੇ ਵੀ ਪੂਰੀਆਂ ਨਹੀਂ ਹੋ ਸਕਦੀਆਂ। ਪਰ ਨਿਰਾਸ਼ ਹੋਣਾ ਵੀ ਬੰਦੇ ਦਾ ਕੰਮ ਨਹੀਂ ਹੈ। ਜਿਹੜਾ ਇਨਸਾਨ ਹੌਂਸਲਾ ਹਾਰ ਜਾਂਦਾ ਹੈ, ਉਹ ਜਿਉਂਦੇ-ਜੀ ਮਾਰਿਆ ਜਾਂਦਾ ਹੈ। ਇਸ ਦੀਆਂ ਆਖ਼ਰੀ ਸਤਰਾਂ ਹਨ, ਜੂਝਦੇ ਰਹਿਣਾ ਹੀ ਹੈ ਜ਼ਿੰਦਾ-ਦਿਲੀ, ਜ਼ਿੰਦਾ-ਦਿਲੀ ਹੀ ਹੈ ਪਿਆਰੇ ਜ਼ਿੰਦਗੀ। ਸੋ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਮੈਂ ਸੰਘਰਸ਼ ਕਰ ਰਿਹਾ ਹਾਂ ਅਤੇ ਕਰਦਾ ਰਹਾਂਗਾ।

**ਇਕਬਾਲ ਜੀ, ਇਕ ਹੋਰ ਸਵਾਲ ਜੇਕਰ ਮੈਂ ਇਹ ਸਵਾਲ ਨਾ ਪੁੱਛਿਆ ਤਾਂ ਮੈਨੂੰ ਲੱਗਦਾ ਮੁਲਾਕਾਤ ਅਧੂਰੀ ਰਹੇਗੀ। ਸਵਾਲ ਇਹ ਕਿ ਤੁਹਾਡਾ ਕੈਨੇਡਾ ਆਉਣ ਦਾ ਸਬੱਬ ਕਦੋਂ ਤੇ ਕਿਵੇਂ ਬਣਿਆਂ ?**

- ਢਾਅ ਜੀ, ਸਬੱਬ ਨਹੀਂ ਬਣਿਆਂ ਸਗੋਂ ਇਥੇ ਆਣ ਲਈ ਵੀ ਸੰਘਰਸ਼ ਕੀਤਾ ਹੈ।29 ਮਰਚ, 1976 ਨੂੰ ਤੁਰ ਕੇ 12 ਜੂਨ, 1981 ਨੂੰ ਮੈਂ ਕੈਨੇਡਾ ਪੁਹੰਚਿਆ।1983 ਵਿੱਚ ਪੱਕਾ ਹੋਇਆ ਅਤੇ 1985 ਵਿੱਚ ਕੈਨੇਡੀਅਨ ਨਾਗਰਿਕਤਾ ਲਈ। ਤਕਰੀਬਿਨ ਪੰਜ ਸਾਲ ਮੈਂ ਬਹੁਤ ਸਾਰੇ ਦੇਸ਼ਾਂ ਵਿੱਚ ਘੁੰਮਿਆਂ ਅਤੇ ਬਹੁਤ ਸਾਰੇ ਪਾਪੜ ਵੇਲੇ। ਅਸਟਰੇਲੀਆ ਵਿੱਚ ਮੈਂ ਕੇਲੇ ਦੇ ਅਤੇ ਗੰਨੇ ਦੇ ਫਾਰਮਾਂ ਵਿੱਚ ਕੰਮ ਕੀਤਾ, ਸਿੰਘਾਪੁਰ ਵਿੱਚ ਭਵਨ ਉਸਾਰੀ ਵਿੱਚ ਹਿੱਸਾ ਪਾਇਆ ਅਤੇ ਗਰੀਸ ਵਿੱਚ ਪਿਆਰੇ ਲੋਕਾਂ ਲਈ ਖ਼ੂਬਸੂਰਤ ਫੁੱਲ ਉਗਾਏ। ਕੋਈ ਪੌਣੇ ਦੋ ਸਾਲ ਸਮੁੰਦਰੀ ਜਹਾਜ਼ ਤੇ ਕੰਮ ਕੀਤਾ। ਅਖ਼ੀਰ ਕੈਨੇਡਾ ਪਹੁੰਚ ਕੇ ਮੈਨੂੰ ਲੱਗਦਾ ਇਹ ਇਕ ਪੱਕਾ ਪੜ੍ਹਾ ਹੈ।

**ਨਵੇਂ ਲੇਖਕਾਂ ਜਾਂ ਪਾਠਕਾਂ ਲਈ ਕੋਈ ਸਨੇਹਾ ?**

-ਪਾਠਕ ਜੋ ਪੜ੍ਹਦੇ ਹਨ, ਉਸ ਤੋਂ ਕੁਝ ਸਿੱਖਣਾ ਵੀ ਚਾਹੀਦਾ ਹੈ। ਉਸ ਬਾਰੇ ਆਪਣੀ ਰਾਏ ਵੀ ਦੇਣੀ ਚਾਹੀਦੀ ਹੈ।ਬੱਸ ਪੜ੍ਹ ਲਿਆ ਅਤੇ ਭੁਲਾ ਦਿੱਤਾ, ਪੜ੍ਹਨਾ ਨਹੀਂ ਹੁੰਦਾ। ਨਵੇਂ ਲੇਖਕਾਂ ਨੂੰ ਪੜ੍ਹਨ ਸੁਣਨ ਅਤੇ ਸਿੱਖਣ ਨੂੰ ਸ਼ੌਕ ਵਾਂਗ ਅਪਨਾਉਣਾ ਚਾਹੀਦਾ ਹੈ, ਮਿਹਨਤ ਕਰਨੀ ਚਾਹੀਦੀ ਹੈ ਅਤੇ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ।ਸਾਡੇ ਭਾਈਚਾਰੇ ਦੀ ਸਮੱਸਿਆ ਹੀ ਇਹ ਹੈ ਕਿ ਅਸੀਂ ਪੜ੍ਹਦੇ ਬਹੁਤ ਘੱਟ ਹਾਂ।

**ਸਤਨਾਮ ਢਾਅ:** ਇਕਬਾਲ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ, ਜੋ ਤੁਸੀਂ ਆਪਣਾ ਕੀਮਤੀ ਸਮਾਂ ਕੱਢ ਕੇ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਸਫ਼ਿਆਂ ਤੇ ਉਕਰੇ ਦੁਖ-ਸੁਖ ਸਾਡੇ ਪਾਠਕਾਂ ਨਾਲ ਸਾਂਝੇ ਕੀਤੇ ਹਨ।





# ਲੋਕ ਸਿਆਣਪ ਤੇ ਅਨੁਭਵ ਦਾ ਨਿਚੋੜ ਅਖਾਣ



ਸ਼ਵਿੰਦਰ ਕੌਰ

ਪੰਜਾਬੀ ਲੋਕ-ਸਾਹਿਤ ਜਾਂ ਲੋਕ-ਧਾਰਾ ਦੀਆਂ ਵੰਨਗੀਆਂ ਦੇ ਆਪਣੇ ਵੱਖਰੇ ਪ੍ਰਗਟਾਉ ਤੇ ਰੂਪ ਸਦਕਾ ਅਖਾਣ ਇਕ ਸੁਤੰਤਰ ਵਿਧਾ ਹੈ ਜੋ ਲੋਕਾਂ ਦੀ ਸਿਆਣਪ ਤੇ ਅਨੁਭਵ ਦਾ ਨਿਚੋੜ ਹੁੰਦੀਆਂ ਹਨ। ਲੋਕ ਜੀਵਨ ਦੇ ਲੰਬੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪ੍ਰੰਤੂ ਢੁਕਵੀਂ ਸ਼ੈਲੀ ਰਾਹੀਂ ਵਾਕਾਂ, ਤੁਕਾਂ ਰਾਹੀਂ ਅਖਾਣ ਨੂੰ ਪ੍ਰਗਟਾਇਆ ਗਿਆ ਹੁੰਦਾ ਹੈ। ਪੰਜਾਬ 'ਚ ਇਸ ਲਈ ਅਖੌਤ, ਕਹਾਵਤ ਸ਼ਬਦ ਵਰਤੇ ਜਾਂਦੇ ਹਨ। ਲੋਕ ਜੀਵਨ ਨਾਲ ਹੰਢ ਕੇ ਪ੍ਰਵਾਨ ਹੋਏ ਅਖਾਣ ਸਾਡੇ ਜੀਵਨ ਦੀ ਕਈ ਪੱਖਾਂ ਤੋਂ ਅਗਵਾਈ ਕਰਦੇ ਹਨ। ਇਨ੍ਹਾਂ ਦੀ ਸੱਭਿਆਚਾਰਕ, ਸਾਹਿਤਕ ਤੇ ਭਾਸ਼ਾਈ ਮਹੱਤਤਾ ਇਸ ਦੀ ਜੀਵਨ 'ਚ ਨਿਤਾਪ੍ਰਤੀ ਵਰਤੋਂ ਤੇ ਅਮੁੱਲ ਭੰਡਾਰ 'ਚੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਰਾਬਰਟ ਕਾਫਮੈਨ ਅਖਾਣਾਂ ਨੂੰ ਹੀ ਸਾਹਿਤ ਦਾ ਮੁੱਢ ਦੱਸਦਾ ਹੈ, ਉਸ ਦੇ ਖਿਆਲ ਅਨੁਸਾਰ ਦੁਨੀਆ ਦੀ ਪਹਿਲੀ ਕਵਿਤਾ ਅਖਾਣ ਸਨ। ਜਦੋਂ ਅਜੇ ਲਿਖਣ-ਪੜ੍ਹਨ ਦਾ ਰਿਵਾਜ ਚਾਲੂ ਨਹੀਂ ਸੀ ਹੋਇਆ ਤਾਂ ਲੋਕ ਬਹੁਤ ਕੁਝ ਜ਼ੁਬਾਨੀ ਯਾਦ ਰੱਖਦੇ ਸਨ। ਸੈਂਕੜੇ ਸਾਲਾਂ ਦੇ ਅਨੁਭਵ ਮਗਰੋਂ ਲੋਕਾਂ ਨੂੰ ਆਪਣੇ ਕਾਰ-ਵਿਹਾਰ, ਨਿਤਾਪ੍ਰਤੀ ਦੇ ਜੀਵਨ ਜਾਂ ਪ੍ਰਕਿਰਤੀ ਬਾਰੇ ਕੋਈ ਢੁਕਵੀਂ ਸਚਾਈ ਭਾਸਦੀ ਤਾਂ ਉਹ ਅਖਾਣ ਬਣ ਕੇ ਪ੍ਰਚੱਲਤ ਹੋ ਜਾਂਦੀ। ਲੋਕੀਂ ਉਸ ਨੂੰ ਤੁਕ-ਬੰਦੀ 'ਚ ਵੀ ਗੁੰਦ ਲੈਂਦੇ ਸਨ। ਪੰਜਾਬ ਦੇ ਅਖਾਣਾਂ 'ਚੋਂ ਖੇਤੀਬਾੜੀ, ਮੀਂਹ, ਸੂਰਜ, ਜਾਤੀਆਂ ਦੇ ਗੁਣ-ਔਗੁਣ, ਆਦਤਾਂ ਤੇ ਸੁਭਾਅ, ਰਿਸ਼ਤਿਆਂ ਪ੍ਰਤੀ ਸੂਝ, ਵਿਵਹਾਰਾਂ ਤੇ ਕੰਮਾਂ ਪ੍ਰਤੀ ਨਿਚੋੜ ਉਜਾਗਰ ਹੁੰਦਾ ਹੈ। ਪੰਜਾਬ ਖੇਤੀ ਪ੍ਰਧਾਨ ਰਾਜ ਰਿਹਾ ਹੈ। ਪੰਜਾਬੀਆਂ ਦੀ ਖੇਤਾਂ 'ਚ ਕੀਤੀ ਕਿਰਤ ਨੂੰ ਦੂਜੇ ਧੰਦਿਆਂ ਨਾਲੋਂ ਉੱਤਮ ਸਮਝਿਆ ਜਾਂਦਾ ਸੀ ਕਿਉਂਕਿ ਕਿਸਾਨ ਸਭ ਦੀਆਂ ਗਰਜਾਂ ਪੂਰੀਆਂ ਕਰਦਾ ਸੀ ਤੇ ਕਿਰਤੀ ਵਰਗ ਵੀ ਖੇਤੀ ਨਾਲ ਹੀ ਜੁੜੇ ਹੁੰਦੇ ਸਨ-

'ਉੱਤਮ ਖੇਤੀ, ਮੱਧਮ ਵਪਾਰ
ਨਖਿੱਧ ਚਾਕਰੀ ਭੀਖ ਗਵਾਰ।'

ਬਹੁਤ ਸਾਰੇ ਅਖਾਣਾਂ 'ਚ ਜੱਟ ਦੀ ਮੰਦਹਾਲੀ, ਗ਼ਰੀਬੀ ਸਖ਼ਤ ਮਿਹਨਤ ਤੇ ਇਸ ਤੋਂ ਉਤਪੰਨ ਹੋਣ ਵਾਲੀਆਂ ਹੋਰ ਮੁਸ਼ਕਲਾਂ ਦਾ ਵੀ ਭਰਪੂਰ ਵਰਨਣ ਹੋਇਆ ਹੈ। ਜਿਵੇਂ

'ਹਲ ਵਾਹ ਪੱਠਿਆਂ ਨੂੰ ਜਾਣਾ, ਜੱਟਾ ਤੇਰੀ ਜੂਨ ਬੁਰੀ।'
'ਕਲਰ ਖੇਤ, ਹਲ ਉਖੜੂ ਢੱਗੇ ਬਹਿ ਬਹਿ ਜਾਣ।
ਨਾਰ ਕੁਲਹਿਣੀ, ਕੌੜ ਗਾਂ, ਸਭ ਸ਼ੇਖੀਆਂ ਭੁੱਲ ਜਾਣ।'

ਪੰਜਾਬੀ ਸੱਭਿਆਚਾਰ 'ਚ ਮੰਗਣਾ ਮਰ ਜਾਣ ਦੇ ਬਰਾਬਰ ਸਮਝਿਆ ਜਾਂਦਾ ਹੈ। 'ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲ ਨਾ ਜਾ।'

ਪੰਜਾਬੀ ਸੱਭਿਆਚਾਰ 'ਚ ਕਿਰਤ ਦੀ ਹੀ ਵਡਿਆਈ ਹੋਈ ਹੈ ਤੇ ਕਿਰਤੀ ਦਾ ਲੋਕ ਮਨ 'ਚ ਸਤਿਕਾਰ ਤੇ ਸਨਮਾਨ ਹੈ ਜਿਵੇਂ :

'ਕਰ ਕਾਰ ਨਾ ਆਵੇ ਹਾਰ।'
'ਕਰ ਮਜ਼ੂਰੀ ਖਾਹ ਚੂਰੀ।'

ਅਖਾਣਾਂ ਦੇ ਸ਼ਬਦਾਂ 'ਚ ਸਦੀਵੀ ਸੱਚ ਹੁੰਦਾ ਹੈ ਜਿਹੜਾ ਕਿਸੇ ਤਰ੍ਹਾਂ ਵੀ ਝੁਠਲਾਇਆ ਨਹੀਂ ਜਾ ਸਕਦਾ ਜਿਵੇਂ -'ਗੱਲ ਕਹਿੰਦੀ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਸ਼ਹਿਰੋਂ ਕੱਢਦੀ ਹਾਂ।'

'ਗੌਂ ਭੁਨਾਵੇਂ ਜੌਂ, ਭਾਵੇਂ ਗਿੱਲੇ ਹੀ ਹੋਣ।' ਘਰ ਉਹਲੇ ਪ੍ਰਦੇਸ ਵਰਗੀ ਗੱਲ ਸਹਿਜੇ ਹੀ ਅਖਾਣ ਦਾ ਰੂਪ ਧਾਰਨ ਕਰ ਲੈਂਦੀ ਹੈ। ਜੀਵਨ ਦੇ ਹਰ ਕੌੜੇ ਮਿੱਠੇ ਅਨੁਭਵ ਘੋਖ ਪੜਤਾਲ ਤੋਂ ਬਾਅਦ ਅਖਾਣਾਂ ਦਾ ਰੂਪ ਧਾਰਨ ਕਰ ਗਏ। ਜਿਵੇਂ :

'ਜਿਸ ਪਿੰਡ ਨਹੀਂ ਜਾਣਾ ਉਸ ਦਾ ਰਾਹ ਕਾਹਨੂੰ ਪੁੱਛਣਾ।'
'ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼।'

ਕਈ ਵਾਰ ਕੋਈ ਮਨੁੱਖ, ਕਿਸੇ ਹੋਰ ਮਨੁੱਖ ਦਾ ਵਿਵਹਾਰ, ਉਸ ਦੇ ਮਨ ਵਿਚਲੀਆਂ ਭਾਵਨਾਵਾਂ ਜਾਂ ਉਸ ਦੀਆਂ ਹਰਕਤਾਂ ਨੂੰ ਦੇਖਦਾ, ਪਰਖਦਾ ਹੈ। ਉਸ ਬਾਰੇ ਜੋ ਸਿੱਟਾ ਕੱਢ ਕੇ ਲਿਖਦਾ ਜਾਂ ਬੋਲਦਾ ਹੈ ਤਾਂ ਜਦੋਂ ਉਹਨਾਂ ਬੋਲਾਂ ਨੂੰ ਲੋਕਾਂ ਦੁਆਰਾ ਅਪਣਾ ਕੇ ਬਾਰ ਬਾਰ ਬੋਲਿਆ ਜਾਂਦਾ ਹੈ ਤਾਂ ਉਹ ਬੋਲ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਕੇ ਅਖਾਣ ਦਾ ਰੂਪ ਧਾਰਨ ਕਰ ਲੈਂਦੇ ਹਨ। ਅਖਾਣਾਂ ਵਿਚੋਂ ਲੋਕ ਸਿਆਣਪ ਦੀ ਝਲਕ ਦਿਖਾਈ ਦਿੰਦੀ ਹੈ।

'ਹੱਥ ਨਾ ਅੱਪੜੇ, ਥੂਹ ਕੌੜੀ।'
'ਉਠ ਨਾ ਸਕੇ ਫਿੱਟੇ ਮੂੰਹ ਗੋਡਿਆਂ ਦਾ'

ਕਾਰ ਜਾਂ ਕਿੱਤਾ ਮਨੁੱਖ ਦੇ ਜੀਵਨ ਦਾ ਮੁੱਖ ਹਿੱਸਾ ਹੈ ਕਿੱਤਾ ਦੀ ਸਫ਼ਲਤਾ ਹੀ ਆਰਥਿਕ ਮੁਕਤੀ ਦਾ ਪਿੜ ਬੰਨ੍ਹਦੀ। ਸਦੀਆਂ ਤੋਂ ਕਿੱਤੇ ਵਿਚ ਰੁੱਝਿਆ ਮਨੁੱਖ ਸਦਾਚਾਰ ਦੀ ਮੰਗ ਕਰਦਾ ਆਇਆ ਹੈ। ਔਰਤ ਦੇ ਸਤਿਕਾਰ ਤੋਂ ਬਿਨਾਂ ਕੋਈ ਸਮਾਜ ਤਰੱਕੀ ਨਹੀਂ ਕਰ ਸਕਦਾ :

'ਆਓ ਜਾਨੀ ਕੰਮ ਕਰੀਏ, ਨਾ ਕੰਮਾਂ ਬਾਝ ਮਜੂਰੀਆਂ।
ਖੰਡ ਬਾਝ ਨਾ ਸ਼ਰਬਤ ਮਿੱਠੇ, ਘਿਉ ਬਾਝ ਨਾ ਚੂਰੀਆਂ।
ਭਾਈਆਂ ਬਾਝ ਨਾ ਬਾਹਾਂ ਤੇ ਨਾ, ਰਿਜਕ ਬਾਝ ਮਗਰੂਰੀਆ।'

ਅਖਾਣ ਸ਼ਬਦਾਂ ਦਾ ਇਕ ਵਾਕ ਲਿਖ ਦੇਣ ਨਾਲ ਹੋਂਦ 'ਚ ਨਹੀਂ ਆਉਂਦੀ। ਇਸ 'ਚ ਮਨੁੱਖ ਦੇ ਨਾਲ ਹਜ਼ਾਰਾਂ ਵਰ੍ਹਿਆਂ ਦਾ ਅਨੁਭਵ ਉਸ ਦੇ ਅੰਗ-ਸੰਗ ਤੁਰ ਰਿਹਾ ਹੁੰਦਾ ਹੈ। ਇਹ ਮਨੁੱਖੀ ਦਿਲਾਂ 'ਚ ਵੱਸਦਾ ਅਤੇ ਜੀਵਨ ਦੀਆਂ ਹਕੀਕਤਾਂ ਰੂਪਮਾਨ ਕਰਦਾ ਹੈ :

'ਦੰਦਾਂ ਤੋਂ ਗਿਆ ਚਿੱਥਣੋਂ, ਗੋਡਿਆਂ ਤੋਂ ਗਿਆ ਉਠਣੋਂ'
ਅੱਖੀਆਂ ਤੋਂ ਗਿਆ ਦਿਸਣੋਂ, ਕੀ ਜੱਲਣਾ ਤੇਰਾ ਰੁੱਸਣੋਂ।'

ਅਨੇਕਾਂ ਅਖਾਣ ਤਜਰਬੇ ਤੋਂ ਨਿਕਲਣ ਵਾਲੇ ਸਿੱਟਿਆਂ 'ਤੇ ਆਧਾਰਿਤ ਵੀ ਵੇਖੇ ਜਾ ਸਕਦੇ ਹਨ। ਜਿਵੇਂ

'ਸਰਫ਼ਾ ਕਰ ਕੇ ਸੁੱਤੀ, ਆਟਾ ਖਾ ਗਈ ਕੁੱਤੀ।'
'ਸਖੀ ਨਾਲੋਂ ਸ਼ੂਮ ਭਲਾ,ਜਿਹੜਾ ਤੁਰਤ ਦੇਵੇ ਜਵਾਬ।'

ਦੁੱਖ ਸੁੱਖ ਦੀ ਟੱਕਰ ਨਾਲ ਵੀ ਅਖਾਣ ਦਾ ਜਨਮ ਹੁੰਦਾ ਹੈ। ਜਿਵੇਂ

'ਦਹੀਂ ਭੁਲਾਵੇਂ ਕਪਾਹ ਦੀ ਫੁੱਟੀ ਨਹੀਂ ਖਾਈਦੀ।'
'ਦੰਦਾਂ ਦਾ ਪੀਠਾ ਮੰਦਾ, ਚੱਕੀ ਦਾ ਪੀਠਾ ਚੰਗਾ।'

ਕਈ ਵਾਰ ਅਖਾਣਾਂ ਵਿਚਲੀ ਸੂਝ-ਬੂਝ ਚੜ੍ਹਦੀ ਕਲਾ ਵੱਲ ਲੈ ਜਾਣ ਲਈ ਹੰਭਲਾ ਮਾਰਦੀ ਹੈ। ਜਿਵੇਂ-

'ਜਿਹਾ ਮੂੰਹ ਤੇਹੀ ਚਪੇੜ।'
'ਢੱਗਿਆ ਤੈਨੂੰ ਚੋਰ ਲੈ ਜਾਣ ਯਾਰਾਂ ਪੱਠੇ ਹੀ ਖਾਣੇ ਨੇ।'

ਕੁਝ ਅਖਾਣ ਜੋ ਅੱਜ ਸਾਡੀ ਬੋਲ-ਚਾਲ ਦਾ ਹਿੱਸਾ ਹਨ, ਉਹ ਆਰੀਆ ਜਾਤੀ ਦੇ ਮੁੱਢਲੇ ਅਨੁਭਵ ਸਨ, ਜਿਵੇਂ-

'ਅੱਗ ਬਿਨ੍ਹਾਂ ਧੂੰਆਂ ਨਹੀਂ ਨਿਕਲਦਾ।'
'ਨਦੀ ਨਾਂਵ ਸੰਜੋਗੀ ਮੇਲੇ।'

ਕਿਸੇ ਵੀ ਭਾਸ਼ਾ ਨੂੰ ਬੋਲੇ ਜਾਣ ਵਾਲੇ ਮੁਹਾਵਰੇ ਤੇ ਅਖਾਣ ਅਮੀਰੀ ਬਖ਼ਸ਼ਦੇ ਹਨ। ਇਨ੍ਹਾਂ ਨਾਲ ਮਨੁੱਖ ਦੀ ਸਾਂਝ ਸਦੀਵੀ ਹੈ। ਜੇ ਪਿਆਰ ਤੇ ਮਿਠਾਸ ਦਾ ਸੰਗਮ ਵੇਖਣਾ ਹੋਵੇ ਤਾਂ ਪੰਜਾਬ ਦੇ ਇਹ ਅਖਾਣ ਮੂਹਰੇ ਰੱਖਣੇ ਪੈਣਗੇ।

ਲੋਕ ਜੀਵਨ ਦੇ ਲੰਬੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪ੍ਰੰਤੂ ਢੁਕਵੀਂ ਸ਼ੈਲੀ ਰਾਹੀਂ ਵਾਕਾਂ, ਤੁਕਾਂ ਰਾਹੀਂ ਅਖਾਣ ਨੂੰ ਪ੍ਰਗਟਾਇਆ ਗਿਆ ਹੁੰਦਾ ਹੈ। ਪੰਜਾਬ 'ਚ ਇਸ ਲਈ ਅਖੌਤ, ਕਹਾਵਤ ਸ਼ਬਦ ਵਰਤੇ ਜਾਂਦੇ ਹਨ। ਲੋਕ ਜੀਵਨ ਨਾਲ ਹੰਢ ਕੇ ਪ੍ਰਵਾਨ ਹੋਏ ਅਖਾਣ ਸਾਡੇ ਜੀਵਨ ਦੀ ਕਈ ਪੱਖਾਂ ਤੋਂ ਅਗਵਾਈ ਕਰਦੇ ਹਨ। ਇਨ੍ਹਾਂ ਦੀ ਸੱਭਿਆਚਾਰਕ, ਸਾਹਿਤਕ ਤੇ ਭਾਸ਼ਾਈ ਮਹੱਤਤਾ ਇਸ ਦੀ ਜੀਵਨ 'ਚ ਨਿਤਾਪ੍ਰਤੀ ਵਰਤੋਂ ਤੇ ਅਮੁੱਲ ਭੰਡਾਰ 'ਚੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ।

# ਇਨਸਾਨੀ ਕਦਰਾਂ-ਕੀਮਤਾਂ



ਸੁੰਦਰਪਾਲ 'ਪ੍ਰੇਮੀ'

ਉਹ ਵਕਤ ਕਿੰਨਾ ਭਾਗਾਂ ਭਰਿਆ ਸੀ ਜਦੋਂ ਲੋਕਾਂ ਵਿਚ ਆਪਸੀ ਮਿਲਵਰਤਨ ਤੇ ਭਾਈਚਾਰਕ ਸਾਂਝ ਦੀ ਗੁੱਡੀ ਚੜ੍ਹੀ ਹੋਈ ਸੀ। ਇਕ-ਦੂਜੇ ਦੇ ਦੁਖ-ਸੁਖ ਵੰਡਾਉਣ ਵਿਚ ਮੋਹਰੀ ਰੋਲ ਨਿਭਾਇਆ ਜਾਂਦਾ ਸੀ। ਰਿਸ਼ਤੇ-ਨਾਤੇ ਕਰਾਉਣ ਵਿਚ ਖ਼ੁਸ਼ੀ ਦਾ ਅਹਿਸਾਸ ਕੀਤਾ ਜਾਂਦਾ ਸੀ। ਜ਼ੁਬਾਨ ਦਾ ਮੁੱਲ ਸੀ। ਆਪਸੀ ਵਿਸ਼ਵਾਸ ਦੀ ਤੰਦ ਮਜ਼ਬੂਤ ਸੀ। ਪਿੱਠ ਵਿਚ ਛੁਰੀ ਮਾਰਨ ਤੇ ਦੂਜੇ ਨੂੰ ਗੁਮਰਾਹ ਕਰਨ ਦਾ ਰੁਝਾਨ ਹਾਸ਼ੀਏ 'ਤੇ ਸੀ। ਪਰਿਵਾਰਕ, ਸਮਾਜਿਕ ਜੀਵਨ ਸੁਖਮਈ ਸੀ। ਜ਼ਮੀਨ-ਜਾਇਦਾਦ ਦੇ ਝਗੜੇ ਆਟੇ ਵਿਚ ਲੂਣ ਸਮਾਨ ਸਨ। ਸਾਂਝੇ ਪਰਿਵਾਰ ਵਾਲਾ, ਘਰੇਲੂ ਮਾਹੌਲ ਸੁਖਾਵਾਂ ਸੀ। ਨਗਰ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਿਆ ਜਾਂਦਾ ਸੀ। ਅਜੋਕੇ ਯੁੱਗ ਵਿਚ ਇਮਾਨਦਾਰੀ, ਸੱਚਾਈ ਤੇ ਪਰਿਵਾਰਕ ਪ੍ਰੇਮ ਦਾ ਸਮਾਜਿਕ ਤੌਰ 'ਤੇ ਕਾਬਲੇ-ਤਾਰੀਫ਼ ਵਰਤ-ਵਰਤਾਰਾ ਬੀਤੇ ਸਮੇਂ ਦੀ ਕਹਾਣੀ ਬਣ ਗਿਆ ਹੈ। ਇਨਸਾਨੀ ਰਿਸ਼ਤਿਆਂ ਨਾਲੋਂ ਪੈਸੇ ਨੂੰ ਪਹਿਲ ਦਿੱਤੀ ਜਾਂਦੀ ਹੈ। ਖ਼ੂਨ ਦੇ ਰਿਸ਼ਤਿਆਂ ਵਿਚ ਵੀ ਪਿਆਰ ਦੀ ਗੰਗਾ ਗੰਧਲੀ ਹੋ ਗਈ ਹੈ। ਵੰਡ-ਵੰਡਾਰੇ ਸਮੇਂ ਮਾਪੇ ਵੀ ਵੰਡੇ ਜਾਂਦੇ ਹਨ। ਬਜ਼ੁਰਗਾਂ ਦਾ ਮਾਣ-ਸਨਮਾਨ ਸੁਪਨਾ ਬਣ ਗਿਆ ਹੈ। ਘਰਾਂ ਵਿਚ ਇਨ੍ਹਾਂ ਦੀ ਕੋਈ ਅਹਿਮੀਅਤ ਪਛਾਣੀ ਨਹੀਂ ਜਾਂਦੀ। ਇਸੇ ਕਰਕੇ ਬਿਰਧ ਆਸ਼ਰਮਾਂ ਦਾ ਮੰਦਭਾਗਾ ਸੱਭਿਆਚਾਰ ਜੋਬਨ 'ਤੇ ਆ ਗਿਆ ਹੈ। ਬਜ਼ੁਰਗ ਆਪਣੇ ਧੀਆਂ-ਪੁੱਤਾਂ, ਪੋਤੇ-ਪੋਤੀਆਂ ਦੇ ਪਿਆਰ ਤੋਂ ਵਾਂਝੇ ਹੋ ਗਏ ਹਨ। ਆਮ ਤੌਰ 'ਤੇ ਘਰਾਂ ਵਿਚ ਬਜ਼ੁਰਗਾਂ ਦੀ ਹੋਣੀ ਫਟੇ ਹੋਏ ਦੁੱਧ ਵਰਗੀ ਨਜ਼ਰ ਆ ਰਹੀ ਹੈ। ਘਰੇਲੂ ਮਾਹੌਲ ਨੂੰ ਗ੍ਰਹਿਣ ਲੱਗਣ ਕਰਕੇ ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਦ੍ਰਿਸ਼ਟੀ ਦੀ ਅਣਹੋਂਦ, ਇਨਸਾਨੀ ਕਦਰਾਂ-ਕਮੀਤਾਂ ਨੂੰ ਨਕਾਰਨ ਕਰਕੇ ਹੈ।

ਇਨਸਾਨੀ ਕਦਰਾਂ ਨੂੰ ਖੂੰਜੇ ਲਾਉਣ ਕਰਕੇ ਦਾਜ ਦੀ ਸਮਾਜਿਕ ਬੁਰਾਈ ਕਰਕੇ ਲੜਕੇ ਦਾ ਮੁੱਲ ਪਾਇਆ ਜਾਂਦਾ ਹੈ। ਫਿਰ ਵੀ ਸਹੁਰੇ ਘਰ ਨੂੰਹ ਦੇ ਰੂਪ ਵਿਚ ਬਣਦਾ ਮੋਹ-ਪਿਆਰ ਨਹੀਂ ਕੀਤਾ ਜਾਂਦਾ। ਤਿਉਹਾਰਾਂ ਵੇਲੇ ਵੀ ਸਹੁਰਿਆਂ ਦਾ ਲਾਲਚ ਸਿਖਰ 'ਤੇ ਹੁੰਦਾ ਹੈ। ਉਂਗਲਾਂ ਦੇ ਗਿਣੇ ਜਾਣ ਵਾਲੇ ਨੇਕ, ਸਾਊ ਸਹੁਰੇ ਕਿਸੇ ਕਿਸਮ ਦੇ ਲੋਭ ਤੋਂ ਕਿਨਾਰਾ ਕਰਕੇ ਨੂੰਹ ਨੂੰ ਧੀ ਵਾਂਗ ਸਮਝਦੇ ਹਨ। ਇਨਸਾਨੀਅਤ ਦਾ ਗਲਾ ਘੁੱਟਣ ਕਰਕੇ, ਨਿੱਤ ਕੋਈ ਨਾ ਕੋਈ ਨੂੰਹ ਦਾਜ ਦੀ ਬਲੀ ਚੜ੍ਹਦੀ ਹੈ। ਖਾਕੀ ਵਰਦੀ ਵੀ ਇਨਸਾਨੀ ਕਦਰਾਂ-ਕਮੀਤਾਂ ਨੂੰ ਟਿੱਚ ਜਾਣਦੀ ਹੋਈ ਪੀੜਤਾ ਨਾਲ ਇਨਸਾਫ ਨਹੀਂ ਕਰਦੀ। ਸਰਕਾਰਾਂ ਵੀ ਇਨਸਾਨੀਅਤ ਤੋਂ ਮੂਖ ਮੋੜ ਕੇ ਪੀੜਤਾਂ ਦਾ ਸਹਾਰਾ ਨਹੀਂ ਬਣਦੀਆਂ। ਇਸੇ ਰੋਸ ਵਜੋਂ ਧਰਨੇ ਮਜ਼ਾਹਰਿਆਂ ਲਈ ਪੀੜਤਾਂ ਨੂੰ ਮਜਬੂਰ ਹੋਣਾ ਪੈਂਦਾ ਹੈ। ਖਾਣ-ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟਖੋਰਾਂ ਦੇ ਗੋਰਖਧੰਦੇ ਨੇ ਇਨਸਾਨੀ ਜ਼ਿੰਦਗੀ ਨੂੰ ਕੱਖੋਂ ਹੌਲੀ ਕਰਕੇ ਬਿਮਾਰੀਆਂ ਦੇ ਵੱਸ ਪਾ ਦਿੱਤਾ ਹੈ। ਮਿਲਾਵਟਖੋਰੀ ਨੇ ਜਿੱਥੇ ਇਨਸਾਨੀ ਕਦਰਾਂ-ਕੀਮਤਾਂ ਨੂੰ ਠੁਕਰਾਇਆ ਹੈ, ਉੱਥੇ ਸ਼ੁੱਧ ਚੀਜ਼ਾਂ ਲਈ ਮਨੁੱਖ ਤਰਸ ਰਿਹਾ ਹੈ। ਅਨਮੋਲ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਮਿਲਾਵਟਖੋਰ ਬੇਸ਼ੱਕ ਪਾਪਾਂ ਦੇ ਭਾਗੀ ਬਣਦੇ ਹਨ, ਪਰ ਇਹ ਅੰਨ੍ਹੇ ਲੋਭ ਨੂੰ ਪਹਿਲ ਦਿੰਦੇ ਹਨ। ਨਕਲੀ ਖਾਦ, ਨਕਲੀ ਬੀਜ ਹੋਰ ਚੀਜ਼ਾਂ ਦੇ ਮਿਆਰ ਨਾਲ ਵਾਸਤਾ ਪਾਉਣ ਵਿਚ ਕੋਈ ਰੁਚੀ ਨਹੀਂ ਹੈ। ਕੀਟਨਾਸ਼ਕ ਦਵਾਈਆਂ ਵੀ ਇਨਸਾਨੀ ਕਦਰਾਂ ਕੀਮਤਾਂ ਦਾ ਗਲਾ ਘੁਟਦੀਆਂ ਹਨ। ਭ੍ਰਿਸ਼ਟਾਚਾਰ ਦਾ ਦੈਂਤ ਇਨਸਾਨੀ ਕਦਰਾਂ ਦਾ ਮੂੰਹ ਚਿੜਾਉਂਦਾ ਹੋਇਆ ਆਪਣੀ ਦਾਦਾਗਿਰੀ ਦਾ ਸਿੱਕਾ ਜਮਾ ਰਿਹਾ ਹੈ। ਜਾਇਜ਼/ਨਜਾਇਜ਼ ਕੰਮ ਚਾਂਦੀ ਦੀ ਜੁੱਤੀ ਮਾਰੇ ਬਿਨਾਂ ਸਿਰੇ ਨਹੀਂ ਚੜ੍ਹ ਸਕਦੇ। ਜ਼ਿਆਦਾਤਰ ਮਹਿਕਮਿਆਂ, ਅਦਾਰਿਆਂ ਨੇ ਇਨਸਾਨੀ ਕਦਰਾਂ-ਕੀਮਤਾਂ ਦਾ ਗਲਾ ਘੁੱਟ ਕੇ ਭ੍ਰਿਸ਼ਟਾਚਾਰ ਨੂੰ ਗਲ ਲਾਇਆ ਹੋਇਆ ਹੈ। ਬਿਨਾਂ ਮੱਥਾ ਡੰਮ੍ਹਿਆਂ, ਖੱਜਲ ਖੁਆਰੀ ਦਾ ਸੰਤਾਪ ਭੋਗਣਾ ਪੈਂਦਾ ਹੈ। ਨੈਤਿਕਤਾ ਦੇ ਸੁਨਹਿਰੀ ਅਸੂਲਾਂ ਨੂੰ ਅਪਨਾਏ ਬਿਨਾਂ ਮਨੁੱਖਤਾ ਦੀ ਭਲਾਈ ਨਹੀਂ ਹੋ ਸਕਦੀ। ਅਮਨ-ਅਮਾਨ ਦੇ ਫੁੱਲ ਨਹੀਂ ਖਿੜ ਸਕਦੇ। ਇਨਸਾਨੀ ਕਦਰਾਂ-ਕੀਮਤਾਂ ਵਿਚ ਖੇੜਾ ਹੈ। ਆਪਸੀ ਪਿਆਰ ਹੈ। ਧੋਖਾ, ਹੇਰਾਫੇਰੀ, ਬੇਈਮਾਨੀ ਨੂੰ ਠੋਕਰ ਮਾਰੀ ਜਾਂਦੀ ਹੈ। ਲੋਭ-ਲਾਲਚ ਨੂੰ ਕੋਈ ਸਥਾਨ ਦੇਣ ਦੀ ਬਜਾਏ ਇਨਸਾਨੀ ਰਿਸ਼ਤਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਨਸਾਨੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ। ਆਪਣੀ ਜ਼ਿੰਦਗੀ ਵਿਚ ਇਨ੍ਹਾਂ ਨੂੰ ਅਹਿਮ ਸਥਾਨ ਦੇ ਕੇ ਲੋਕਾਂ ਦੀ ਭਲਾਈ ਕਰਨ ਵਿਚ ਮੋਹਰੀ ਯੋਗਦਾਨ ਆਉਣ। ਖ਼ੁਦ ਇਮਾਨਦਾਰੀ, ਇਨਸਾਫ਼ਪਸੰਦਗੀ, ਨਿਮਰਤਾ, ਸੱਚਾਈ ਦਾ ਮਾਡਲ ਬਣ ਕੇ ਲੋਕਾਂ ਪ੍ਰਤੀ ਆਪਣਾ ਨੈਤਿਕ ਧਰਮ ਨਿਭਾਉਣ। ਫਿਰ ਹੀ ਹੜਤਾਲਾਂ ਤੇ ਧਰਨੇ ਮੁਜ਼ਾਹਰਿਆਂ (ਅਰਥੀ -ਫੂਕ) ਤੋਂ ਛੁਟਕਾਰਾ ਮਿਲ ਸਕਦਾ ਹੈ। ਇਸ ਸਭ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਨਸਾਨੀ ਕਦਰਾਂ-ਕੀਮਤਾਂ ਦੇ ਆਸ਼ਕ ਬਣੇ ਬਿਨਾਂ ਸੁੱਖ-ਸ਼ਾਂਤੀ ਤੇ ਖੇੜਿਆਂ ਭਰਪੂਰ ਜੀਵਨ ਦਾ ਆਨੰਦ ਨਹੀਂ ਲਿਆ ਜਾ ਸਕਦਾ। ਆਪਸੀ ਪਿਆਰ, ਆਪਸੀ ਸਹਿਚਾਰ, ਮਿਲਵਰਤਨ ਦੇ ਫੁੱਲ ਇਨਸਾਨੀ ਕਦਰਾਂ ਦੇ ਬਗੀਚੇ ਵਿਚ ਖਿੜ ਸਕਦੇ ਹਨ। ਇਨਸਾਨੀ ਕਦਰਾਂ-ਕੀਮਤਾਂ ਦੀ ਚੜ੍ਹਤ ਜ਼ਿੰਦਗੀ ਨੂੰ ਵਰਦਾਨ ਬਣਾ ਸਕਦੀ ਹੈ, ਮੋਰਾਂ ਵਾਂਗ ਪੈਲਾਂ ਪੁਆ ਸਕਦੀ ਹੈ। ਇਨ੍ਹਾਂ ਕਦਰਾਂ ਨੂੰ ਅਪਣਾਏ ਬਿਨਾਂ ਸੱਭਿਆ ਸਮਾਜ ਦੀ ਆਸ ਨਹੀਂ ਕੀਤੀ ਜਾ ਸਕਦੀ। ਜ਼ਿੰਦਗੀ ਸਰਾਪ ਬਣ ਸਕਦੀ ਹੈ।

ਸੰਪਰਕ: 98140-51099

# ਛਿਲੜਾਂ ਨੂੰ ਸੁੱਟੋ ਨਾ, ਇਹ ਬਹੁਤ ਹੀ ਗੁਣਕਾਰੀ ਨੇ

ਡਾ. ਅਮਰੀਕ ਸਿੰਘ ਕੰਡਾ



ਸੰਤਰੇ ਦੇ ਛਿਲਕਿਆਂ ਨੂੰ ਛਾਂ ਵਿਚ ਸੁਕਾ ਕੇ ਉਸ ਨੂੰ ਪੀਹ ਲਓ, ਥੋੜ੍ਹੀ ਜਿਹੀ ਮਲਾਈ ਅਤੇ ਮੁਲਤਾਨੀ ਮਿੱਟੀ ਨਾਲ ਬਣਿਆ ਹੋਇਆ ਇਹ ਫੇਸ ਪੇਕ ਤੁਹਾਡੀ ਚਮੜੀ ਨੂੰ ਸਾਫ ਅਤੇ ਚਮਕਦਾਰ ਬਣਾ ਦਿੰਦਾ ਹੈ।

ਸੰਤਰੇ ਦੇ ਛਿਲਕਿਆਂ ਨੂੰ ਚਾਹ ਦੇ ਉੱਬਲਦੇ ਪਾਣੀ ਵਿਚ ਪਾ ਦਿਓ, ਇਸ ਨਾਲ ਚਾਹ ਖੁਸ਼ਬੂਦਾਰ ਅਤੇ ਸੁਆਦੀ ਬਣੇਗੀ।

ਤੋਰੀ ਦੇ ਛਿਲਕਿਆਂ ਨੂੰ ਬਾਰੀਕ-ਬਾਰੀਕ ਕੱਟੋ ਫਿਰ ਨਮਕ, ਮਿਰਚ ਅਤੇ ਹਿੰਗ ਦੇ ਨਾਲ ਥੋੜ੍ਹੇ ਜਿਹੇ ਤੇਲ ਵਿਚ ਪਾ ਕੇ ਉਸ ਦੀ ਸਬਜ਼ੀ ਬਣਾ ਲਓ। ਘੱਟ ਤੇਲ ਵਾਲੀ ਮਸਾਲੇ ਦੀ ਬਣੀ ਹੋਈ ਇਹ ਸਬਜ਼ੀ ਸੁਆਦ ਵਿਚ ਵਧੀਆ ਹੋਣ ਦੇ ਨਾਲ-ਨਾਲ ਪੌਸ਼ਟਿਕ ਵੀ ਬਣੇਗੀ।

ਤਾਜ਼ੇ ਹਰੇ ਮਟਰ ਦੇ ਸਾਫ ਛਿਲਕਿਆਂ ਨੂੰ ਧੋ ਕੇ ਉਨ੍ਹਾਂ ਦਾ ਪਾਣੀ ਸੁਕਾ ਲਓ, ਹੁਣ ਉਨ੍ਹਾਂ ਉਪਰ ਉੱਤਰਣ ਵਾਲੀ ਪਤਲੀ ਜਿਹੀ ਪਰਤ ਨੂੰ ਉਤਾਰ ਕੇ ਛਿਲਕਿਆਂ ਨੂੰ ਬਾਰੀਕ ਕੱਟ ਲਓ, ਥੋੜ੍ਹੇ ਜਿਹੇ ਮਸਾਲੇ ਵਿਚ ਅਤੇ ਹਲਕੀ ਜਿਹੀ ਖਟਿਆਈ ਦੇ ਨਾਲ ਬਣੀ ਖੱਟੀ-ਮਿੱਠੀ ਸਬਜ਼ੀ ਪਰੌਂਠਿਆਂ ਦੇ ਨਾਲ ਬਹੁਤ ਹੀ ਸੁਆਦ ਬਣੇਗੀ ਚਾਹੋ ਤਾਂ ਇਸ ਨੂੰ ਬਾਰੀਕ-ਬਾਰੀਕ ਕੱਟ ਕੇ ਆਲੂ ਵੀ ਪਾ ਸਕਦੇ ਹੋ।

ਕੇਲੇ ਦੇ ਛਿਲਕਿਆਂ ਦੇ ਅੰਦਰ ਵਾਲੇ ਮੁਲਾਇਮ ਹਿੱਸੇ ਨੂੰ ਚਮੜੇ ਦੀ ਕਿਸੇ ਚੀਜ਼, ਜਿਵੇਂ ਜੁੱਤੀ, ਸੈਂਡਲ, ਚੱਪਲ ਜਾਂ ਪਰਸ ਆਦਿ ਉੱਪਰ ਚੰਗੀ ਤਰ੍ਹਾਂ ਮਲੋ ਜਦੋਂ ਉਹ ਚੰਗੀ ਤਰ੍ਹਾਂ ਸੁੱਕ ਜਾਣ ਤਾਂ ਕੱਪੜੇ ਨਾਲ ਰਗੜ ਕੇ ਚੰਗੀ ਤਰ੍ਹਾਂ ਸਾਫ ਕਰ ਲਓ, ਚੀਜ਼ਾਂ ਚਮਕਣ ਲੱਗ ਪੈਣਗੀਆਂ।

ਨਿੰਬੂ ਦੇ ਛਿਲਕਿਆਂ ਨੂੰ ਚਿਹਰੇ ਅਤੇ ਕੂਹਣੀਆਂ 'ਤੇ ਮਲਣ 'ਤੇ ਉਸ ਜਗ੍ਹਾ ਦੀ ਚਮੜੀ ਸਾਫ਼ ਅਤੇ ਚਮਕ ਉੱਠੇਗੀ। ਚਾਹੋ ਤਾਂ ਛਿਲਕਿਆਂ ਨੂੰ ਗਲਿਸਰੀਨ ਵਿਚ ਭਿਉਂ ਕੇ ਵੀ ਕੰਮ ਵਿਚ ਲਿਆ ਸਕਦੇ ਹੋ। ਪਿਆਜ਼ ਅਤੇ ਆਂਡੇ ਦੇ ਛਿਲਕਿਆਂ ਨੂੰ ਉਸ ਜਗ੍ਹਾ 'ਤੇ ਰੱਖ ਦਿਓ ਜਿੱਥੇ ਛਿਪਕਲੀਆਂ ਜ਼ਿਆਦਾ ਹੋਣ, ਛੇਤੀ ਉਸ ਜਗ੍ਹਾ ਤੋਂ ਛਿਪਕਲੀਆ ਭੱਜ ਜਾਣਗੀਆਂ।

ਗੁਲਾਬ ਦੇ ਬੂਟਿਆਂ ਨੂੰ ਜੇਕਰ ਫੁੱਲ ਵਧੀਆ ਨਹੀਂ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਜੜ੍ਹਾਂ ਵਿਚ ਆਂਡਿਆਂ ਦੇ ਛਿਲਕਿਆਂ ਨੂੰ ਪਾ ਦਿਓ ਇਹ ਬਹੁਤ ਹੀ ਵਧੀਆ ਖਾਦ ਦਾ ਕੰਮ ਦਿੰਦੇ ਹਨ।

ਪਿੱਤਲ ਦੇ ਬਰਤਨ ਜਾਂ ਸ਼ੋਅ ਪੀਸ ਗੰਦੇ ਹੋ ਜਾਣ ਤਾਂ ਨਿੰਬੂ ਦੇ ਛਿਲਕਿਆਂ ਵਿਚ ਥੋੜ੍ਹਾ ਜਿਹਾ ਨਮਕ ਪਾ ਕੇ ਉਨ੍ਹਾਂ ਪਿੱਤਲ ਦੀ ਚੀਜ਼ਾਂ ਉੱਤੇ ਮਲੋ। ਉਹ ਚੀਜ਼ਾਂ ਚਮਕ ਪੈਣਗੀਆਂ।

ਹਰੀਆਂ ਸਬਜ਼ੀਆਂ ਦੇ ਛਿਲਕਿਆਂ ਨੂੰ ਅਤੇ ਪਾਲਕ, ਸਾਗ ਆਦਿ ਤੋਂ ਬਚੀਆਂ ਹੋਈਆਂ ਡੰਡੀਆਂ ਨੂੰ ਉਬਾਲ ਕੇ ਉਸ ਦੇ ਪਾਣੀ ਨਾਲ ਸਿਰ ਨਹਾਓ ਵਾਲ ਮਜ਼ਬੂਤ ਅਤੇ ਚਮਕਦਾਰ ਹੋਣ ਦੇ ਨਾਲ-ਨਾਲ ਤੇਜ਼ੀ ਨਾਲ ਵਧਣਗੇ।

ਸਿੰਘਾੜੇ ਦੇ ਛਿਲਕਿਆਂ ਨੂੰ ਸਾਫ਼ ਕਰ ਕੇ ਸਬਜ਼ੀ ਬਣਾਉਣ ਦੇ ਕੰਮ ਲਿਆਇਆ ਜਾ ਸਕਦਾ ਹੈ। ਸਿੰਘਾੜੇ ਦੇ ਛਿਲਕਿਆਂ ਦੀ ਬਣੀ ਹੋਈ ਸਬਜ਼ੀ ਬਹੁਤ ਹੀ ਸੁਆਦ ਅਤੇ ਪੌਸ਼ਟਿਕ ਹੁੰਦੀ ਹੈ।

ਜੇ ਪ੍ਰੈਸ਼ਰ ਕੁੱਕਰ ਅੰਦਰ ਤੋਂ ਬਹੁਤ ਹੀ ਗੰਦਾ ਹੋਇਆ ਹੋਵੇ ਤਾਂ ਉਸ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਨਿੰਬੂ ਦਾ ਛਿਲਕਾ ਪਾ ਦਿਓ ਕੁੱਕਰ ਚਮਕ ਉੱਠੇਗਾ।

ਬਦਾਮ ਦੇ ਛਿਲਕਿਆਂ ਨੂੰ ਸਾੜ ਕੇ ਉਸ ਵਿਚ ਨਮਕ, ਲੌਂਗ, ਫਟਕੜੀ ਅਤੇ ਵੱਡੀ ਇਲਾਇਚੀ ਨੂੰ ਪੀਸ ਕੇ ਮਿਲਾਓ ਫਿਰ ਕੱਪੜੇ ਨਾਲ ਛਾਣ ਕੇ ਰੱਖ ਲਓ। ਇਸ ਪਾਊਡਰ ਨਾਲ ਦਿਨ ਵਿਚ ਘੱਟ ਤੋਂ ਘੱਟ ਦੋ ਵਾਰ ਦੰਦ ਸਾਫ ਕਰਨ ਨਾਲ ਦੰਦ ਰੋਗ ਮੁਕਤ, ਮਜ਼ਬੂਤ ਅਤੇ ਚਮਕੀਲੇ ਹੋ ਜਾਣਗੇ।

ਕੇਲੇ ਦੇ ਸੁਕਾਏ ਹੋਏ ਛਿਲਕਿਆਂ ਨੂੰ ਸ਼ਾਮ ਨੂੰ ਜਲਾ ਕੇ ਰੱਖਣ ਨਾਲ ਕਮਰੇ ਦੀ ਦੁਰਗੰਦ ਦੂਰ ਹੋ ਜਾਵੇਗੀ ਅਤੇ ਵਾਤਾਵਰਨ ਸਾਫ ਹੋ ਜਾਵੇਗਾ।

ਨਿੰਬੂ ਅਤੇ ਸੰਤਰੇ ਦੇ ਸੁਕਾਏ ਹੋਏ ਛਿਲਕਿਆਂ ਨੂੰ ਪੀਹ ਲਓ ਫਿਰ ਇਸ ਨਾਲ ਦੰਦਾਂ ਨੂੰ ਸਾਫ ਕਰੋ ਦੰਦ ਸਾਫ ਅਤੇ ਮਜ਼ਬੂਤ ਹੋਣਗੇ ਤੇ ਮੂੰਹ ਵਿਚੋਂ ਬਦਬੂ ਨਹੀਂ ਆਵੇਗੀ। ਚਿਹਰੇ 'ਤੇ ਜੇਕਰ ਚੇਚਕ, ਖਸਰਾ ਜਾਂ ਫਿੰਨਸੀਆਂ ਦੇ ਦਾਗ਼ ਹੋਣ ਤਾਂ ਇਕ ਚਮਚਾ ਸੰਤਰੇ ਦੇ ਛਿਲਕਿਆਂ ਦਾ ਪਾਊਡਰ ਵਿਚ ਦੋ ਚਮਚੇ ਦੁੱਧ ਅਤੇ ਦੋ ਚਮਚੇ ਬਦਾਮ ਪੀਸ ਲਓ ਇਸ ਨੂੰ ਚਿਹਰੇ ਅਤੇ ਗਰਦਨ 'ਤੇ ਚੰਗੀ ਤਰ੍ਹਾਂ ਮਲਣ ਦੇ ਬਾਅਦ ਇਕ ਘੰਟੇ ਤੱਕ ਲੱਗਿਆ ਰਹਿਣ ਦਿਓ, ਫਿਰ ਠੰਢੇ ਪਾਣੀ ਨਾਲ ਧੋ ਦਿਓ ਲਗਾਤਾਰ ਪ੍ਰਯੋਗ ਕਰਨ 'ਤੇ ਦਾਗ਼-ਧੱਬੇ ਦੂਰ ਹੋ ਜਾਣਗੇ।

ਚਿਹਰੇ ਉੱਪਰ ਦਾਗ਼ ਧੱਬੇ ਦੂਰ ਕਰਨ ਨਿੰਬੂ ਦੇ ਛਿਲਕਿਆਂ ਨੂੰ ਪ੍ਰਯੋਗ ਕੀਤਾ ਜਾ ਸਕਦਾ ਹੈ, ਨਿੰਬੂ ਦੇ ਛਿਲਕਿਆਂ ਨੂੰ ਪੀਸ ਕੇ ਪਾਊਡਰ ਬਣਾ ਲਓ ਫਿਰ ਉਸ ਪਾਊਡਰ ਵਿਚ ਮੱਖਣ ਮਿਲਾ ਕੇ ਚਿਹਰੇ ਦੇ ਉਪਰ ਮਲਣ ਨਾਲ ਦਾਗ਼-ਧੱਬੇ ਦੂਰ ਹੋ ਜਾਣਗੇ।

ਜੇਕਰ ਅੱਧੇ ਸਿਰ ਦਾ ਦਰਦ ਪਰੇਸ਼ਾਨ ਕਰਦਾ ਹੋਵੇ ਤਾਂ ਨਿੰਬੂ ਦੇ ਛਿਲਕਿਆ ਨੂੰ ਪਾਣੀ ਦੇ ਨਾਲ ਪੀਹ ਕੇ ਉਸ ਦਾ ਲੇਪ ਕਰਨ ਨਾਲ ਅੱਧਾ ਸਿਰ ਦਰਦ ਛੇਤੀ ਹੀ ਠੀਕ ਹੋ ਜਾਵੇਗਾ।

ਮੋਬਾਈਲ : 98557-35666

# ਹਾਸਿਆਂ ਦਾ ਵਣਜਾਰਾ ਭਜਨਾ ਅਮਲੀ

ਹਰਮੀਤ ਸਿਵੀਆਂ

ਕਈ ਇਨਸਾਨ ਖ਼ੁਦ ਤਾਂ ਹਸਮੁੱਖ ਹੁੰਦੇ ਹੀ ਹਨ। ਉਹ ਦੂਜਿਆਂ ਨੂੰ ਵੀ ਹਾਸੇ ਵੰਡਦੇ ਹਨ। ਹਸਾਉਣਾ ਵੀ ਇਕ ਕਲਾ ਹੈ ਜੋ ਹਰੇਕ ਕੋਲ ਨਹੀਂ ਹੁੰਦੀ, ਇਸੇ ਲਈ ਤਾਂ ਅੱਜਕੱਲ੍ਹ ਖੁੰਬਾਂ ਵਾਂਗ ਉੱਗ ਰਹੇ ਗਾਇਕਾਂ ਦੇ ਮੁਕਾਬਲੇ ਕਾਮੇਡੀ ਕਲਾਕਾਰ ਗਿਣਤੀ ਦੇ ਹੀ ਹਨ। ਇਨ੍ਹਾਂ ਵਿਚੋਂ ਹੀ ਇਕ ਚਰਚਿਤ ਕਾਮੇਡੀ ਕਲਾਕਾਰ ਹੈ ਗੁਰਦੇਵ ਢਿੱਲੋਂ ਉਰਫ਼ ਭਜਨਾ ਅਮਲੀ।

ਕਾਮੇਡੀ ਖੇਤਰ ਦੀਆਂ ਮੂਹਰਲੀਆਂ ਸਫਾਂ 'ਤੇ ਨਜ਼ਰ ਮਾਰਿਆਂ ਸਾਡੇ ਸਾਹਮਣੇ ਭਜਨਾ ਅਮਲੀ ਨਾਮ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸ ਦਾ ਤੁਰਨ ਦਾ ਢੰਗ ਹੀ ਅਜਿਹਾ ਹੈ ਕਿ ਉਸ ਨੂੰ ਦੇਖਦਿਆਂ ਹੀ ਹਾਸੇ ਦੀਆਂ ਫੁਹਾਰਾਂ ਫੁੱਟ ਪੈਂਦੀਆਂ ਹਨ। ਜਗਰਾਉਂ ਤਹਿਸੀਲ ਦੇ ਪਿੰਡ ਲੰਮੇ ਦੇ ਕਰਤਾਰ ਸਿੰਘ ਢਿੱਲੋਂ ਅਤੇ ਮਾਤਾ ਹਰਨਾਮ ਕੌਰ ਦੇ ਗ੍ਰਹਿ ਵਿਖੇ ਜਨਮੇ ਗੁਰਦੇਵ ਨੂੰ ਬਚਪਨ ਵਿਚ ਗਾਇਕੀ ਦਾ ਜਨੂੰਨ ਸੀ। ਇਹ ਜਨੂੰਨ ਉਸ ਨੂੰ ਹੌਲੀ ਹੌਲੀ ਉਸ ਸਮੇਂ ਦੇ ਚਰਚਿਤ ਗਾਇਕ ਹਰਚਰਨ ਗਰੇਵਾਲ ਕੋਲ ਲੈ ਆਇਆ। ਫਿਰ ਉਨ੍ਹਾਂ ਕੋਲ ਕਾਫ਼ੀ ਸਮਾਂ ਰਿਹਾ, ਫਿਰ ਉਨ੍ਹਾਂ ਨਾਲ ਬਤੌਰ ਸਟੇਜ ਸਕੱਤਰ ਕੰਮ ਕੀਤਾ। ਉਸਤੋਂ ਬਾਅਦ ਉਸਦਾ ਮੇਲ ਗਾਇਕ ਅਤੇ ਕਾਮੇਡੀ ਕਲਾਕਾਰ ਜੋੜੀ ਕੇ ਦੀਪ- ਜਗਮੋਹਨ ਕੌਰ ਨਾਲ ਹੋਇਆ। ਉਸਤੋਂ ਬਾਅਦ ਉਸ ਦਾ ਰੁਝਾਨ ਕਾਮੇਡੀ ਵੱਲ ਹੋਇਆ ਤੇ ਉਸ ਦੀ ਕਾਮੇਡੀ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ।



ਕਾਮੇਡੀ ਵਿਚ ਆਉਣ ਤੋਂ ਪਹਿਲਾਂ ਗੁਰਦੇਵ ਢਿੱਲੋਂ ਨੇ ਗਾਇਕੀ ਵਿਚ ਵੀ ਆਪਣਾ ਨਾਮ ਬਣਾਇਆ ਸੀ। 1982 ਵਿਚ ਦਿੱਲੀ ਦੀ ਕੰਪਨੀ ਵੱਲੋਂ ਇਕ ਐਲਪੀ ਰਿਕਾਰਡ ਗੁਰਦੇਵ ਢਿੱਲੋਂ ਤੇ ਜਗਮੋਹਨ ਕੌਰ ਦੀ ਆਵਾਜ਼ ਵਿਚ ਆਇਆ ਸੀ ਜਿਸ ਦਾ ਨਾਂ ਸੀ 'ਤੇਰੇ ਨਾਂ 'ਤੇ ਬਿੱਲੋ ਆਉਂਦੇ ਸਾਲ ਨੂੰ ਤੀਆਂ ਲੱਗਣਗੀਆਂ।' ਇਸ ਤੋਂ ਇਲਾਵਾ ਪਰਮਿੰਦਰ ਸੰਧੂ, ਕੁਲਦੀਪ ਕੌਰ, ਸਨੇਹ ਲਤਾ, ਨੀਲਮ ਸ਼ਰਮਾ ਨਾਲ ਵੀ ਉਸ ਦੇ ਗੀਤ ਰਿਕਾਰਡ ਹੋਏ। ਗਾਇਕੀ ਦੇ ਨਾਲ ਨਾਲ ਉਹ ਕਾਮੇਡੀ ਵੀ ਕਰਦਾ ਰਿਹਾ, ਪਰ ਸਰੋਤਿਆਂ ਨੇ ਉਸ ਦੀ ਗਾਇਕੀ ਨਾਲੋਂ ਉਸ ਦੀ ਕਾਮੇਡੀ ਨੂੰ ਜ਼ਿਆਦਾ ਪਸੰਦ ਕੀਤਾ। ਜਿਸ ਕਰਕੇ ਉਸਨੇ ਕਾਮੇਡੀ ਨੂੰ ਹੀ ਅਪਣਾ ਲਿਆ ਅਤੇ ਸਾਡੇ ਸਮਾਜ ਦੇ ਇਕ ਪਾਤਰ ਅਮਲੀ ਦੇ ਕਿਰਦਾਰ ਵਿਚ ਭਜਨਾ ਅਮਲੀ ਦੇ ਨਾਂ ਨਾਲ ਚਰਚਿਤ ਹੋਇਆ। ਕਾਮੇਡੀ ਦੀਆਂ ਉਸ ਦੀਆਂ ਕਾਫ਼ੀ ਕੈਸਿਟਾਂ ਆਈਆਂ। ਜਿਨ੍ਹਾਂ ਵਿਚ 'ਤਾਰਾ ਡੁੱਬ ਗਿਆ', 'ਭਜਨਾ ਅਮਲੀ','ਮਹਿਫਲ ਅਮਲੀ ਦੀ','ਹੱਡਬੀਤੀ ਅਮਲੀ ਦੀ','ਭਜਨਾ ਅਮਲੀ ਸੁੰਦਰਤਾ ਮੁਕਾਬਲੇ ਵਿਚ', 'ਘਰ ਜਵਾਈ' ਅਤੇ 'ਅਮਲੀ ਖੋਤੇ ਤੇ' ਆਦਿ ਜ਼ਿਕਰਯੋਗ ਹਨ। ਅੱਜਕੱਲ੍ਹ ਉਸ ਨਾਲ ਸੰਤੀ ਸਹਿ ਕਲਾਕਾਰ ਵਜੋਂ ਕੰਮ ਕਰ ਰਹੀ ਹੈ। ਉਸਦੀ ਕਾਮੇਡੀ ਵਿਚ ਅਕਸਰ ਹੀ ਸਮਾਜ ਨੂੰ ਸੇਧ ਦੇਣ ਵਾਲੀ ਗੱਲ ਹੁੰਦੀ ਹੈ। ਉਹ ਨਸ਼ਿਆਂ ਦੀ ਲਾਹਣਤ ਨੂੰ ਸਿੱਧੇ ਅਸਿੱਧੇ ਢੰਗ ਨਾਲ ਇਕ ਅਮਲੀ ਦੇ ਦੁਖਾਂਤ ਰਾਹੀਂ ਪੇਸ਼ ਕਰਦਾ ਹੈ। ਆਪਣੀ ਇਸੇ ਕਲਾ ਕਰਕੇ ਉਹ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਜਰਮਨ, ਸਿੰਗਾਪੁਰ, ਦੁਬਈ, ਇਟਲੀ ਤੇ ਜਾਪਾਨ ਆਦਿ ਦੇ ਸ਼ੋਅ ਕਰ ਚੁੱਕਾ ਹੈ। ਗੁਰਦੇਵ ਢਿੱਲੋਂ ਅੱਜ ਕਾਮੇਡੀ ਖੇਤਰ ਦਾ ਚਰਚਿਤ ਹਸਤਾਖਰ ਹੈ ਅਤੇ ਆਪਣੀ ਪਤਨੀ ਦਲਜੀਤ ਕੌਰ, ਤਿੰਨ ਬੇਟੀਆਂ ਅਤੇ ਇਕ ਬੇਟੇ ਸਮੇਤ ਲੁਧਿਆਣਾ ਵਿਖੇ ਰਹਿ ਰਿਹਾ ਹੈ।

ਸੰਪਰਕ :80547-57806

# ਕੈਲਗਰੀ ਦੇ ਸਮਾਜਸੇਵੀ ਅਤੇ ਮੀਡੀਆ ਕਿੰਗ ਮਾਸਟਰ ਸੁਖਦੇਵ ਸਿੰਘ ਧਾਲੀਵਾਲ ਨੂੰ ਪੁੱਤਰ ਦੀ ਮੌਤ ਕਾਰਣ ਅਸਹਿ ਸਦਮਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਲੰਮੇ ਸਮੇ ਤੋਂ ਸਮਾਜ ਸੇਵਾ ਅਤੇ ਮੀਡੀਆ ਦੇ ਖੇਤਰ ਵਿੱਚ ਸਤਿਕਾਰਯੋਗ ਸ਼ਖਸ਼ੀਅਤ ਮਾਸਟਰ ਸੁਖਦੇਵ ਸਿੰਘ ਧਾਲੀਵਾਲ ਨੂੰ ਉਸ ਸਮੇ ਅਸਹਿ ਸਦਮਾ ਲੱਗਾ ਜਦੋਂ ਉਹਨਾਂ ਦੇ ਬੀਸੀ ਵਿਖੇ ਐਬਸਫੋਰਡ ਰਹਿੰਦੇ ਪੁੱਤਰ ਹਰਦੀਪ ਸਿੰਘ ਧਾਲੀਵਾਲ ਉਰਫ ਹਾਰਡੀ ਧਾਲੀਵਾਲ ਅਕਾਲ ਚਲਾਣਾ ਕਰ ਗਏ। ਮਾਸਟਰ ਸੁਖਦੇਵ ਸਿੰਘ ਧਾਲੀਵਾਲ ਇਹਨੀ ਦਿਨੀਂ ਪੰਜਾਬ ਗਏ ਹੋਏ ਸਨ ਪਰ ਇਸ ਲੱਕ-ਤੋੜਵੇਂ ਸੁਨੇਹੇ ਦੇ ਮਿਲਦਿਆਂ ਹੀ ਉਹ ਵਾਪਿਸ ਐਬਸਫੋਰਡ ਆ ਗਏ। ਹਾਰਡੀ ਧਾਲੀਵਾਲ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 7 ਮਾਰਚ 2024 ਨੂੰ ਦੁਪਹਿਰ 12 ਵਜੇ ਫਰੇਜ਼ਰ ਰਿਵਰ ਫਿਊਨਰਲ ਹੋਮ, 2061 ਰਿਵਰਸਾਈਡ ਰੋਡ ਐਬਸਫੋਰਡ ਬੀ ਸੀ ਵਿਖੇ ਹੋਵੇਗਾ ਅਤੇ ਮ੍ਰਿਤਕ ਦੇਹ ਦੇ ਸਸਕਾਰ ਉਪਰੰਤ ਖਾਲਸਾ ਦੀਵਾਨ ਗੁਰੂਦਵਾਰਾ ਸਾਹਿਬ 33094 ਸਾਊਥ ਫਰੇਜ਼ਰ ਵੇਅ ਐਬਸਫੋਰਡ ਵਿਖੇ ਅੰਤਿਮ ਅਰਦਾਸ ਹੋਵੇਗੀ। ਕੈਲਗਰੀ ਤੋਂ ਸਾਬਕਾ ਐਮ ਪੀ ਦਵਿੰਦਰ ਸ਼ੋਰੀ,ਕੈਲਗਰੀ ਸ਼ਹਿਰ ਦੀ ਮੇਅਰ ਜੋਤੀ ਗੌਂਡੇਕ, ਰੋਮੀ ਸਿੱਧੂ, ਰੇਡੀਓ ਰੈੱਡ ਐਫ ਐਮ ਕੈਲਗਰੀ ਤੋਂ ਰਿਸ਼ੀ ਨਾਗਰ, ਸੰਦੀਪ ਪੰਧੇਰ, ਗੁਰਵਰਿੰਦਰ ਸਿੰਘ ਧਾਲੀਵਾਲ,ਪ੍ਰਾਈਮ ਏਸ਼ੀਆ ਟੀ ਵੀ ਤੋਂ ਅਵਨੀਤ ਸਿੰਘ ਤੇਜਾ,ਪੰਜਾਬੀ ਅਖ਼ਬਾਰ ਤੋਂ ਹਰਬੰਸ ਬੁੱਟਰ, ਰੇਡੀਓ ਸਭਰੰਗ ਤੋਂ ਰਾਜੇਸ਼ ਅੰਗਰਾਲ, ਤਰਨਜੀਤ ਮੰਡ ,ਸੁਖਮਿੰਦਰ ਗਰੇਵਾਲ, ਸੁਖਪਾਲ ਪਰਮਾਰ, ਜਰਨੈਲ ਸਿੰਘ ਧਾਲੀਵਾਲ, ਗੁਰਨੈਬ ਸਿੰਘ ਧਾਲੀਵਾਲ, ਜਸਵੀਰ ਵਾਲੀਆ, ਗੁਰਜੰਟ ਸਿੰਘ ਸਰਾਂ, ਹਰਿੰਦਰ ਸਿੱਧੂ, ਭੋਲਾ ਸਿੰਘ ਚੌਹਾਨ, ਗੁਰਜੀਤ ਘੋਲੀਆ, ਹਰਮੀਤ ਸਿੰਘ ਖੁੱਡੀਆਂ, ਨਮਜੀਤ ਸਿੰਘ ਰੰਧਾਵਾ, ਸੁੱਖ ਬਰਾੜ , ਦਰਸ਼ਨ ਸਿੱਧੂ, ਅਰਪਨ ਲਿਖਾਰੀ ਸਭਾ ਵੱਲੋਂ ਸਤਨਾਮ ਢਾਹ ਅਤੇ ਕੇਸਰ ਸਿੰਘ ਨੀਰ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਧਾਲੀਵਾਲ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ । ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੀ ਇਸ ਦੁੱਖ ਦੀ ਇਸ ਘੜੀ ਵਿੱਚ ਧਾਲੀਵਾਲ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ। ਧਾਲੀਵਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮਾਸਟਰ ਸੁਖਦੇਵ ਸਿੰਘ ਧਾਲੀਵਾਲ ਨਾਲ 403 615 0572 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਓ ਮੇਰੇ ਪਿਆਰੇ ਪਿੰਡ !

ਉਹ ਮੇਰੇ ਪਿੰਡ !
ਓ ਮੇਰੇ ਪਿਆਰੇ ਪਿੰਡ 'ਰਣਸੀਂਹ'
ਜਦੋਂ ਤੋਂ ਤੇਰੇ ਤੋਂ ਦੂਰ ਹੋਈ ਹਾਂ
ਬੜੀ ਖੁਸ਼ ਹੋਈ ਹਾਂ
ਪਿੰਡ ਤੋਂ ਕਨੇਡਾ ਆ ਕੇ ਬੜੀ ਤੰਦਰੁਸਤ ਹੋਈ ਹਾਂ

**ਮੇਰੀ ਗੱਲ ਇਹ ਸੁਣਕੇ,**
ਕਈ ਲੋਕ ਭਾਂਵੇ ਬੁੜ-ਬੁੜ ਕਰਨ
ਭਾਂਵੇ ਮੱਥੇ ਤਿਉੜੀਆਂ ਪਾਉਣ
ਪਰ ਮੈਂ ਬਾਗੋ-ਬਾਗ ਹੋਈ ਹਾਂ
ਆਪਣੇ ਆਪ ਨਾਲ਼ ਖੁੱਲ੍ਹ ਕੇ
ਗੱਲਾਂ ਕਰਨ ਜੋਗੀ ਹੋਈ ਹਾਂ
ਅੱਧੀ ਤੋ ਪੂਰੀ ਹੋਈ ਹਾਂ
ਸੁੱਤੀ ਤੋਂ ਜਾਗਦੀ ਹੋਈ ਹਾਂ
ਮੈਨੂੰ ਮਹਿਸੂਸ ਹੁੰਦਾ
ਜਿਵੇਂ ਮੈਂ ਦੁਬਾਰਾ ਜਿਉਂਦੀ ਹੋ ਗਈ ਹੋਵਾਂ
ਚਿਹਰੇ ਤੋਂ ਉਦਾਸੀ ਨੇ ਦੂਰ ਉਡਾਰੀ ਮਾਰੀ ਹੈ
ਰੌਣਕ ਮੇਰੇ ਚਿਹਰੇ ਤੇ ਗਿੱਧਾ ਪਾਉਂਦੀ ਆਈ ਹੈ
ਓ ਮੇਰੇ ਪਿਆਰੇ ਪਿੰਡ, ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

**ਗੱਲ ਕੀ !**
ਮੈਂ ਆਜ਼ਾਦ ਹੋ ਗਈ ਹਾਂ
ਸਿਰ ਨੂੰ ਉਤਾਂਹ ਚੁੱਕ ਕੇ ਤੁਰਨ ਜੋਗੀ ਹੋਈ ਹਾਂ
ਬੋਲਣ ਜੋਗੀ ਹੋਈ ਹਾਂ
ਆਤਮ ਵਿਸ਼ਵਾਸ਼ ਨਾਲ
ਆਪਣਾ ਵਿਚਾਰ ਰੱਖਣ ਜੋਗੀ ਹੋਈ ਹਾਂ
ਮਨ ਦੀ ਗੱਲ ਕਹਿਣ
ਤੇ ਮਨ ਦੀ ਗੱਲ ਮਨਾਉਣ ਜੋਗੀ ਹੋਈ ਹਾਂ
ਤੁਰੀ ਫਿਰਦੀ ਲਾਸ਼ ਤੋ
ਮਨੁੱਖਤਾ ਦੇ ਭਲੇ ਦੀਆਂ ਗੱਲਾਂ ਕਰਨ ਲੱਗੀ ਹਾਂ
ਪੰਜਾਬ ਰੋਡਵੇਜ਼ ਦੀ ਢਿਚਕੂ ਢਿਚਕੂ ਕਰਦੀ
ਬੱਸ ਤੋ ਉੱਤਰ ਕੇ
ਵਧੀਆ ਕਾਰ ਚਲਾਉਣ ਜੋਗੀ ਹੋਈ ਹਾਂ
ਓ ਪਿਆਰੇ ਪਿੰਡ !ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

**ਜੋ ਮੈਂ ਸੁਪਨੇ ਤੇਰੀ ਮਿੱਟੀ ਵਿੱਚ ਖੇਡਦਿਆਂ ਲਏ**
ਉਹ ਕਨੇਡਾ ਆ ਕੇ ਫ਼ਲਦਾਰ ਹੋਏ
ਮੇਰੀ ਝੋਲੀ ਵਿੱਚ ਡਿੱਗਣ ਲੱਗੇ ਨੇ
ਮੈਂ ਉਨ੍ਹਾਂ ਨੂੰ ਧੋਵਾਂ ਤੇ ਖਾਵਾਂ
ਓ ਪਿਆਰੇ ਪਿੰਡ ! ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

**ਇੱਥੇ ਨਾਂ ਕੋਈ ਦਬਕਾ ਮਾਰੇ**
ਨਾਂ ਕੋਈ ਬੱਸ ਵਿੱਚ ਚੂੰਡੀ ਵੱਢੇ
ਨਾਂ ਕੋਈ ਟੋਟਾਂ, ਨਾਂ ਪੁਰਜ਼ਾ ਕਹਿ ਕੇ ਸੱਦੇ
ਇੱਥੇ, ਨਾਂ ਰੁੱਗ ਪੱਠਿਆਂ ਦੀ ਖ਼ਾਤਰ
ਨਾਂ ਹੀ ਮੁੱਠੀ ਦਾਣਿਆਂ ਦੀ ਖ਼ਾਤਰ
ਕੋਈ ਮੇਰੀ ਸਲਵਾਰ ਦੇ ਨਾਲ਼ੇ ਵੱਲ ਤੱਕੇ
ਜਦੋ ਮਰਜ਼ੀ ਘਰੇ ਆਵਾਂ ਤੇ ਘਰੋਂ ਬਾਹਰ ਜਾਵਾ
ਓ ਪਿਆਰੇ ਪਿੰਡ !ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

ਇੱਥੇ ਕੁੜੀ ਮੁੰਡੇ ਵਿੱਚ ਫਰਕ ਨਾ ਕੋਈ
ਜੇ ਮੁੰਡਾ ਬੱਸ ਚਲਾਵੇ ਤਾਂ
ਕੁੜੀ ਟਰੇਨ ਭਜਾਵੇ
ਇੱਥੇ ਕੋਈ ਨਾਂ ਕਹੇ, 'ਨੀ ਤੂੰ ਸਿਰ ਢੱਕ'
ਇੱਥੇ ਨਾਂ ਕੋਈ ਕਹੇ, 'ਤੂੰ ਸਕਰਟ ਲਾਹ ਕੇ ਸਲਵਾਰ ਪਾ'
ਇੱਥੇ ਨਾਂ ਕੋਈ ਕਹੇ, ਤੂੰ ਕਿਸ ਤੋ ਇਜਾਜ਼ਤ ਲੈ ਕੇ
ਟੂ ਪੀਸ ਪਾ ਕੇ ਬੀਚ ਤੇ ਆਈ
ਓ ਪਿਆਰੇ ਪਿੰਡ !ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

ਇੱਥੇ ਮੈਂ ਆਪਣੇ ਪਤੀ ਦਾ ਹੱਥ ਫੜ ਕੇ ਤੁਰਾਂ
ਇੱਥੇ ਮੈਂ ਆਪਣੇ ਪਤੀ ਨਾਲ ਹੱਸ-ਹੱਸ ਗੱਲਾਂ ਕਰਾਂ
ਗੱਲਾਂ ਕਰਦੀ-ਕਰਦੀ ਬਰਾਬਰ ਤੁਰਾਂ
ਸਮੀਕਰਨ ਨਾਲ ਤੁਰਾਂ
ਹੱਥ ਵਿੱਚ ਹੱਥ ਫੜ ਕੇ ਤੁਰਾਂ
ਜੇ ਜੀਅ ਕਰੇ ਤਾਂ ਬੇਝਿਜਕ ਹੋ ਕੇ
ਆਪਣੇ ਪਤੀ ਨੂੰ 'ਕਿਸ' ਕਰਾ
ਦੇਖ ਕੇ ਇੱਥੇ ਕੋਈ ਨਹੀਂ ਕਹਿੰਦਾ
'ਸਾਲੇ ਚਾਲੂ ਜਿਹੇ
ਸਾਲੇ ਬੇਗੈਰਤ ਜਿਹੇ
ਸਾਲੇ ਬੇਸ਼ਰਮ ਜਿਹੇ'
ਓ ਪਿਆਰੇ ਪਿੰਡ !ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

ਮੰਨ ਭਾਵੇਂ ਨਾ ਮੰਨ
ਸੱਚੀ ! ਜਦੋਂ ਤੋ ਤੇਰੀਆਂ ਰੂੜੀਆਂ ਤੋਂ ਦੂਰ ਹੋਈ ਹਾਂ ਬੜੀ ਹੀ ਖੁਸ਼ ਹੋਈ ਹਾਂ
ਜਦੋਂ ਤੋ ਘਟੀਆਂ ਰੀਤੀ ਰਿਵਾਜਾਂ 'ਤੇ
ਰੂੜੀਵਾਦ ਸੋਚ ਤੋ ਦੂਰ ਹੋਈ ਹਾਂ
ਮੈਂ ਨਵੀਂ ਨਕੋਰ ਹੋਈ ਹਾਂ
ਸੰਨੀ ਡੇਅ ਵਰਗੀ ਹੋਈ ਹਾਂ
ਓ ਪਿਆਰੇ ਪਿੰਡ ! ਜਦੋਂ ਤੋਂ ਤੇਰੇ ਤੋ ਦੂਰ ਹੋਈ ਹਾਂ
ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ

ਪਰ !
ਪਰ !
ਮੈਂ ਤੇਰੀ ਮਿੱਟੀ ਦੀ ਸੁਗੰਧ ਨੂੰ ਬਹੁਤ ਪਿਆਰ ਕਰਦੀ ਹਾਂ
ਉਹ ਮਿੱਟੀ ਮੇਰੀਆਂ ਨਾਸਾਂ, ਨਹੁੰਆਂ 'ਤੇ ਕੰਨਾਂ ਵਿੱਚ
ਪੱਕਾਂ ਘਰ ਬਣਾ ਕੇ ਬੈਠੀ ਹੈ
ਉਹ ਮਿੱਟੀ ਦੀ ਸੁਗੰਧ ਹੀ ਮੇਰੇ ਕੋਲ਼ੋਂ ਵਾਰ ਵਾਰ
ਤੇਰੇ ਦਰਸ਼ਨ ਕਰਵਾਉਂਦੀ ਹੈ
ਜ਼ੰਗਾਲ ਲੱਗੇ ਤਾਲੇ ਨੂੰ ਖੁਲ਼ਵਾਉਂਦੀ ਹੈ
ਜ਼ੰਗਾਲ ਲੱਗੇ ਤਾਲੇ ਨੂੰ ਖੁਲ਼ਵਾਉਂਦੀ ਹੈ



ਸੰਨੀ ਧਾਲੀਵਾਲ ਐਡਮਿੰਟਨ

# ਡਾ. ਗੁਰਦੇਵ ਸਿੰਘ ਗਿੱਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਡਾ. ਗੁਰਦੇਵ ਸਿੰਘ ਗਿੱਲ ਦਾ ਜਨਮ 28 ਨਵੰਬਰ, 1931 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਖੜੌਂਦੀ ਪਿੰਡ ਵਿੱਚ ਹੋਇਆ ਸੀ। ਸਿਰਫ਼ 18 ਸਾਲ ਦੀ ਉਮਰ ਵਿੱਚ, ਸਾਲ 1949 ਵਿੱਚ ਉਹ ਆਪਣੇ ਪਰਿਵਾਰ ਨਾਲ ਅਮੈਰਿਕਾ ਪਹੁੰਚੇ ਸਨ ਤੇ ਫਿਰ ਉਹ ਵੈਨਕੂਵਰ ਆਈਲੈਂਡ 'ਤੇ ਆ ਸਥਾਪਿਤ ਹੋਏ। ਪੇਪਰ ਮਿਲ ਵਿੱਚ ਕੰਮ ਕੀਤਾ ਤੇ ਯੂਨਿਵਰਸਿਟੀ ਔਫ਼ ਬ੍ਰਿਟਿਸ਼ ਕੋਲੰਬੀਆ ਤੋਂ ਮੈਡਿਕਲ ਡਿਗਰੀ ਲੈ ਕੇ ਫੈਮਿਲੀ ਫਿਜ਼ਿਸ਼ਨ ਵਜੋਂ ਕੰਮ ਸ਼ੁਰੂ ਕੀਤਾ। ਕੈਨੇਡਾ ਵਿੱਚ ਉਹ ਸਿਰਫ਼ ਭਾਰਤੀ ਮੂਲ ਦੇ ਹੀ ਪਹਿਲੇ ਪੰਜਾਬੀ ਡਾਕਟਰ ਨਹੀਂ ਸਨ ਸਗੋਂ ਸਾਊਥ ਏਸ਼ੀਅਨਾਂ ਵਿੱਚੋਂ ਉਹ ਪਹਿਲੇ ਅਜਿਹੇ ਵਿਅਕਤੀ ਸਨ। ਸਾਲ 1990 ਵਿੱਚ ਉਹਨਾਂ ਨੂੰ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਪਹਿਲਾ ਔਡਰ ਔਫ਼ ਬ੍ਰਿਟਿਸ਼ ਕੋਲੰਬੀਆ ਦਿੱਤਾ ਗਿਆ। ਪਿਛਲੇ ਸਾਲ 17 ਦਸੰਬਰ ਨੂੰ 92 ਵਰ੍ਹਿਆਂ ਦੇ ਡਾ. ਗੁਰਦੇਵ ਸਿੰਘ ਗਿੱਲ ਦਾ ਦੇਹਾਂਤ ਹੋ ਗਿਆ ਸੀ।**




**ਡੀਅਰ ਰਿਸ਼ੀ,**

ਮੈਨੂੰ ਤੇਰੇ ਨਾਲ ਦੋ ਵਾਰ ਸੰਪਰਕ ਕਰਨ ਦਾ ਮੌਕਾ ਮਿਲਿਆ...ਦਰਅਸਲ ਪਹਿਲੀ ਵਾਰ 1999 ਵਿੱਚ ਤੂੰ ਮੇਰੇ ਨਾਲ ਸੰਪਰਕ ਕੀਤਾ ਸੀ ਤੇ ਦੂਜੀ ਵਾਰ ਸਾਲ 2003 ਵਿੱਚ ਮੈਂ ਤੇਰੇ ਨਾਲ! ਪਹਿਲੀ ਵਾਰ ਤੂੰ ਸਾਡੇ ਪਿੰਡ ਆਇਆ ਸੀ ਤੇ ਦੂਜੀ ਵਾਰ ਉਸ ਵੇਲੇ ਦੇ ਭਾਰਤ ਦੇ ਰਾਸ਼ਟਰਪਤੀ ਡਾ. ਏਪੀਜੇ ਅਬਦੁਲ ਕਲਾਮ ਸਾਡੇ ਪਿੰਡ ਗਏ ਸਨ ਤੇ ਤੂੰ ਉਹਨਾਂ ਦੀ ਮੀਡੀਆ ਟੋਲੀ ਵਿੱਚ ਸੀ। ਤੂੰ 1999 ਵਿੱਚ ਮੇਰੇ ਬਾਰੇ ਹਿੰਦੀ ਅਖ਼ਬਾਰ ਵਿੱਚ ਆਰਟਿਕਲ ਵੀ ਲਿਖਿਆ ਸੀ ਤੇ ਮੈਂ ਤੈਨੂੰ ਧੰਨਵਾਦ ਦੀ ਚਿੱਠੀ ਵੀ ਲਿਖੀ ਸੀ। ਤੂੰ ਬਹੁਤ ਖੁਸ਼ ਸੀ ਕਿ ਵਿਦੇਸ਼ਾਂ ਵਿੱਚ ਜਾ ਕੇ ਭਾਰਤੀਆਂ, ਪੰਜਾਬੀਆਂ ਨੇ ਬਹੁਤ ਮੱਲਾਂ ਮਾਰੀਆਂ ਨੇ ਤੇ ਕਿਵੇਂ ਉਹ ਮੁੜ ਆਪਣੇ ਪਿੰਡਾਂ ਨੂੰ ਖੁਸ਼ਹਾਲ ਬਣਾਉਣ ਲੱਗੇ ਹੋਏ ਨੇ।

ਦਰਅਸਲ ਮੈਂ ਆਪਣੇ ਪਿੰਡ ਖੜੌਂਦੀ ਵਿੱਚ ਨਵਾਂ ਸੀਵਰੇਜ ਸਿਸਟਮ ਪੁਆ ਕੇ ਆਇਆ ਸੀ ਤੇ ਮੈਂ ਤੇ ਮੇਰੇ ਵਰਗੇ ਅਨੇਕ ਸੱਜਣਾਂ ਨੇ ਚੋਖੀ ਰਕਮ ਇਕੱਠੀ ਕਰਕੇ ਪਿੰਡ ਨੂੰ ਚੰਡੀਗੜ੍ਹ ਨੂੰ ਮਾਤ ਦਿੰਦਾ ਬਣਾ ਦਿੱਤਾ ਸੀ ਤੇ ਇਹੀ ਦੇਖਣ ਵਾਸਤੇ ਦੇਸ਼ ਦਾ ਰਾਸ਼ਟਰਪਤੀ ਸਾਡੇ ਪਿੰਡ ਆਇਆ ਸੀ।

ਰਿਸ਼ੀ, ਅਜੇ ਥੋੜ੍ਹੇ ਦਿਨ ਹੀ ਹੋਏ ਸਨ ਜਦੋਂ ਮੈਂ ਇਧਰ ਪਹੁੰਚਿਆ...ਦਸੰਬਰ ਵਿੱਚ ਪਿਛਲੇ ਸਾਲ... ਤਾਂ ਮੇਰੀ ਮੁਲਾਕਾਤ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਸਿਹਤ ਮੰਤਰੀ ਪੀਟਰ ਐਲਬਰਟ ਡਿਉਐੱਕ ਨਾਲ ਹੋਈ। ਉਹ ਮੈਨੂੰ ਇਸ ਕਰਕੇ ਰਿਸੀਵ ਕਰਨ ਆਇਆ ਹੋਇਆ ਸੀ ਕਿਉਂਕਿ, ਇਕ ਤਾਂ ਉਹ ਮੈਨੂੰ ਨਿਜੀ ਤੌਰ 'ਤੇ ਜਾਣਦਾ ਸੀ ਤੇ ਦੂਜਾ, ਜਦੋਂ ਮੈਨੂੰ ਔਡਰ ਔਫ਼ ਬ੍ਰਿਟਿਸ਼ ਕੋਲੰਬੀਆ ਮਿਲਿਆ ਤਾਂ ਉਹ ਉਥੇ ਮੌਜੂਦ ਸੀ। ਮੇਰੇ ਵਾਲੇ ਮਹਿਕਮੇ ਦਾ ਉਹ ਇੰਚਾਰਜ ਮੰਤਰੀ ਵੀ ਸੀ।

ਖੈਰ! ਚਿੱਠੀ ਲਿਖਣ ਦਾ ਮੇਰਾ ਮਕਸਦ ਕੁਝ ਹੋਰ ਸੀ...ਇੰਟਰੋਡਕਸ਼ਨ ਦੇਣ ਵਿੱਚ ਹੀ ਇਕ ਸਫਾ ਲਿਖ ਦਿੱਤਾ।

ਅੱਜ ਕਨੇਡਾ ਵਿੱਚ ਲਗਪਗ 60 ਲੱਖ ਵਿਅਕਤੀਆਂ ਨੂੰ ਫੈਮਿਲੀ ਡਾਕਟਰ ਨਸੀਬ ਨਹੀਂ ਹੈ। ਦੁਨੀਆ ਦੇ ਸੱਤ ਅਮੀਰ-ਤਰੀਨ ਮੁਲਕਾਂ ਵਿੱਚ ਕਨੇਡਾ ਸ਼ਾਮਲ ਹੈ ਤੇ ਨਾ ਲੋਕਾਂ ਨੂੰ ਅੱਜ ਘਰ ਮਿਲ ਰਿਹਾ ਹੈ ਤੇ ਨਾ ਹੀ ਡਾਕਟਰ। ਤੁਹਾਡੇ ਸੂਬੇ ਐਲਬਰਟਾ ਵਿੱਚ ਲਗਪਗ 7 ਲੱਖ ਲੋਕਾਂ ਕੋਲ ਫੈਮਿਲੀ ਫਿਜ਼ਿਸ਼ਨ ਨਹੀਂ ਹੈ। ਤੁਹਾਡਾ ਆਪਣਾ ਹੀ ਸਟੈਸਟ ਕੈਨੇਡਾ ਦੱਸਦਾ ਹੈ ਕਿ ਸਾਲ 2019 ਵਿੱਚ 12 ਸਾਲ ਤੋਂ ਉੱਪਰ 40 ਲੱਖ ਕੈਨੇਡੀਅਨ ਬੱਚਿਆਂ ਕੋਲ ਉਸ ਵੇਲੇ ਕੋਈ ਹੈਲਥ ਕੇਅਰ ਪ੍ਰੋਵਾਇਡਰ ਨਹੀਂ ਸੀ ਜਦੋਂ ਉਹਨਾਂ ਨੂੰ ਇਸ ਦੀ ਲੋੜ ਸੀ।

ਰਿਸ਼ੀ ਬੇਟਾ, ਜਿਹੜਾ ਵੋਟ ਬੈਂਕ ਪੀਅਰ ਐਲਿਅਟ ਟਰੂਡੋ ਪੱਕਾ ਕਰ ਗਿਆ, ਉਸ ਦਾ ਲਾਭ ਹੁਣ ਉਸ ਦਾ ਬੇਟਾ ਲੈ ਰਿਹਾ ਹੈ। ਪੀਅਰ ਟਰੂਡੋ ਦੋ ਵਾਰੀ ਕਨੇਡਾ ਦਾ ਪ੍ਰਧਾਨ ਮੰਤਰੀ ਰਿਹਾ - ਪਹਿਲੀ ਵਾਰ 1968 ਤੋਂ 1979 ਤੱਕ ਤੇ ਫਿਰ ਦੂਜੀ ਵਾਰ 1980 ਤੋਂ 1984 ਤੱਕ। ਕੋਈ ਕਹਿ ਸਕਦਾ ਹੈ ਕਿ ਉਸ ਵੇਲੇ ਸੀਨੀਅਰ ਟਰੂਡੋ ਆਪਣੇ ਬੇਟੇ ਜਸਟਿਨ ਟਰੂਡੋ ਲਈ ਪ੍ਰਧਾਨ ਮੰਤਰੀ ਬਣਨ ਵਾਸਤੇ ਗ੍ਰਾਊਂਡ ਤਿਆਰ ਕਰ ਰਿਹਾ ਸੀ? ਤੇ ਕੋਈ ਹੁਣ ਕਹਿ ਸਕਦਾ ਹੈ ਕਿ ਜਸਟਿਨ ਟਰੂਡੋ ਆਪਣੇ ਦੋ ਪੁੱਤਰਾਂ ਵਿੱਚੋਂ ਕਿਸੇ ਇਕ ਵਾਸਤੇ ਉਸੇ ਤਰ੍ਹਾਂ ਦਾ ਕੰਮ ਕਰ ਰਿਹਾ ਹੈ? ਹੁਣ ਵਾਲਿਆਂ ਨੂੰ ਪਹਿਲੇ ਟਰੂਡੋ ਦਾ ਪਤਾ ਨਹੀਂ ਤੇ ਆਉਣ ਵਾਲਿਆਂ ਨੂੰ ਅੱਜ ਵਾਲੇ ਟਰੂਡੋ ਦਾ ਕੱਖ ਪਤਾ ਨਹੀਂ ਹੋਣਾ। ਹੁਣ ਵਾਲਾ ਵੀ ਵੋਟ ਬੈਂਕ ਹੀ ਪੱਕਾ ਕਰ ਰਿਹਾ ਹੈ।

ਦੋ-ਦੋ ਕਮਰਿਆਂ ਵਿੱਚ ਖੁੱਲ੍ਹੇ ਕਾਲਜਾਂ ਤੇ ਹੋਰ ਵਿਦਿਅਕ ਅਦਾਰਿਆਂ ਰਾਹੀਂ ਤਿਆਰ ਕੀਤੀਆਂ ਚੋਰ ਮੋਰੀਆਂ ਵਿਚੋਂ ਸਾਲ 2023 ਵਿੱਚ ਹੀ 9 ਲੱਖ ਵਿਦਿਆਰਥੀ, ਡੇਢ ਲੱਖ ਉਹਨਾਂ ਦੇ ਸਪਾਊਜ਼, 50 ਤੋਂ 60 ਹਜ਼ਾਰ ਉਹਨਾਂ ਦੇ ਮਾਪੇ ਕਨੇਡਾ ਲੰਘ ਆਏ। ਇਹਨਾਂ ਤੋਂ ਇਲਾਵਾ 5 ਲੱਖ ਦੇ ਕਰੀਬ ਪੀ.ਆਰ., ਸਾਢੇ 3 ਲੱਖ ਟੈਂਪਰੇਰੀ ਫੌਰੇਨ ਵਰਕਰਜ਼ ਤੇ 1 ਲੱਖ ਤੋਂ ਵੱਧ ਰੈਫਿਊਜੀ ਵੀ ਕਨੇਡਾ ਵਿਚ ਆ ਗਏ। ਟੀਆਰ ਤੋਂ ਪੀਆਰ ਦਾ ਰਸਤਾ ਖੋਲ੍ਹਿਆ ਗਿਆ। ਖੁਲ੍ਹੇ-ਆਮ ਐਲ.ਐਮ.ਆਈ.ਏ. ਦੀ ਵਿਕਰੀ ਹੋ ਰਹੀ ਹੈ...ਇਸ ਗੱਲ ਦਾ ਹਰ ਇਕ ਵਿਅਕਤੀ ਨੂੰ ਪਤਾ ਹੈ ਤੇ ਤੈਨੂੰ ਲੱਗਦਾ ਹੈ ਕਿ ਸਰਕਾਰ ਨੂੰ ਇਸ ਗੱਲ ਦੀ ਭਿਣਕ ਵੀ ਨਹੀਂ ਲੱਗੀ ਹੋਵੇਗੀ? ਲੋਕ ਵਿਜ਼ਿਟਰ ਵੀਜ਼ਾ ਲੈ ਕੇ ਆਉਂਦੇ ਨੇ ਤੇ ਵਰਕ ਪਰਮਿਟ ਵਿੱਚ ਤਬਦੀਲ ਕਰਵਾ ਲੈਂਦੇ ਨੇ! ਸਰਕਾਰਾਂ ਇਹ ਸਭ ਕੁਝ ਇਹ ਸਭ ਆਪਣੇ ਨਿਜੀ ਭਵਿੱਖ ਨੂੰ ਤੇ ਵੋਟ ਬੈਂਕ ਨੂੰ ਵੇਖਦਿਆਂ ਜਾਣ ਬੁੱਝ ਕੇ ਕਰਵਾ ਰਹੀਆਂ ਹਨ।

ਰਿਸ਼ੀ, ਤੁਹਾਡੇ ਮੁਲਕ ਕਨੇਡਾ ਵਿੱਚ ਅੱਜ 60 ਲੱਖ ਲੋਕਾਂ ਕੋਲ ਪ੍ਰਾਇਮਰੀ ਡਾਕਟਰ ਨਹੀਂ ਹੈ। ਜੇ ਉਹ ਸਮੇਂ ਸਿਰ ਦਵਾਈ ਖਾ ਲੈਣ ਤਾਂ ਗੰਭੀਰ ਬੀਮਾਰ ਨਾ ਹੋਣ। ਪਰ ਡਾਕਟਰਾਂ ਦੀ ਅਣਹੋਂਦ ਕਰਕੇ ਉਹ ਹਸਪਤਾਲਾਂ



ਵਿੱਚ ਜਾਣ ਲਈ ਮਜਬੂਰ ਨੇ ਤੇ ਹਸਪਤਾਲਾਂ ਵਿੱਚ ਵਾਰੀ ਹੀ ਨਹੀਂ ਆਉਂਦੀ! ਆਵੇ ਵੀ ਕਿਵੇਂ? ਡਾਕਟਰ ਹੈ ਨਹੀਂ! ਡਾਕਟਰ ਕਿਥੋਂ ਆਉਣਗੇ...ਮੈਡਿਕਲ ਕਾਲਜਾਂ ਤੋਂ। ਪੂਰੇ ਮੁਲਕ ਵਿੱਚ ਸਿਰਫ਼ 17 ਮੈਡਿਕਲ ਕਾਲਜ ਨੇ। ਪਹਿਲਾ ਮੈਡਿਕਲ ਕਾਲਜ 1823 ਵਿੱਚ ਤੇ ਆਖ਼ਰੀ ਕਾਲਜ 2005 ਵਿੱਚ ਖੁਲ੍ਹਿਆ ਸੀ।

ਰਿਸ਼ੀ ਪੁੱਤਰ, ਸਾਲ 2005 ਵਿੱਚ ਕਨੇਡਾ ਦੀ ਅਬਾਦੀ ਸੀ 3 ਕਰੋੜ 22 ਲੱਖ। ਇਸ ਸਾਲ ਤੁਹਾਨੂੰ ਦੱਸਿਆ ਗਿਆ ਹੈ ਕਿ ਇਹ ਅੰਕੜਾ ਵਧ ਕੇ 3 ਕਰੋੜ 90 ਲੱਖ ਨੂੰ ਜਾ ਅੱਪੜਿਆ ਹੈ। 70 ਲੱਖ ਨਵੇਂ ਲੋਕ ਆ ਗਏ ਪਰ ਡਾਕਟਰ ਇਕ ਵੀ ਵਾਧੂ ਨਹੀਂ ਤਿਆਰ ਹੋ ਸਕਿਆ। ਪ੍ਰਤੀ ਇਕ ਲੱਖ ਲੋਕਾਂ ਵਾਸਤੇ 247 ਫੈਮਿਲੀ ਡਾਕਟਰ ਹਨ।

ਰਿਸ਼ੀ, ਇਕ ਗੱਲ ਮੈਨੂੰ ਸਾਬਕਾ ਪ੍ਰਧਾਨ ਮੰਤਰੀ ਨੇ ਦੱਸੀ ਇਥੇ! ਜੌਨ ਟਰਨਰ ਕਨੇਡਾ ਦੇ ਪ੍ਰਧਾਨ ਮੰਤਰੀ ਹੁੰਦੇ ਸਨ। ਇਕ ਦਿਨ ਉਹਨਾਂ ਮੈਨੂੰ ਦੱਸਿਆ ਕਿ ਸਭ ਤੋਂ ਵੱਧ ਲੌਬਿੰਗ ਦੇਸ਼ ਦੇ ਹੈਲਥ ਮਨਿਸਟਰ ਨਾਲ ਕੀਤੀ ਜਾਂਦੀ ਹੈ। ਇੰਸ਼ੋਰੈਂਸ ਕੰਪਨੀਆਂ ਤੇ ਫਾਰਮਾਸਿਊਟਿਕਲ ਕੰਪਨੀਆਂ ਦਾ ਇੰਟਰੈਸਟ ਇਸੇ ਗੱਲ ਵਿੱਚ ਹੈ ਕਿ ਉਹਨਾਂ ਨੂੰ ਚੋਖਾ ਲਾਭ ਮਿਲਦਾ ਰਹੇ। ਪ੍ਰਾਇਮ ਮਨਿਸਟਰ ਟਰਨਰ ਨੇ ਮੈਨੂੰ ਦੱਸਿਆ ਕਿ ਇੰਸ਼ੋਰੈਂਸ ਕੰਪਨੀਆਂ ਚਾਹੁੰਦੀਆਂ ਨੇ ਪ੍ਰਾਇਵੇਟ ਹੈਲਥ ਕੇਅਰ ਸਿਸਟਮ ਲਿਆਂਦਾ ਜਾਵੇ ਤਾਂ ਜੋ ਵੱਧ ਤੋਂ ਵੱਧ ਮੁਨਾਫਾ ਹੋਵੇ ਤੇ ਫਾਰਮਾਸਿਊਟਿਕਲ ਕੰਪਨੀਆਂ ਨਵੀਆਂ ਨਵੀਆਂ ਦਵਾਈਆਂ ਦੇ ਕੇ ਬਿਮਾਰੀ ਨੂੰ ਲਮਕਾਉਂਦਾ ਰੱਖਣ ਵਿੱਚ ਵਿਸ਼ਵਾਸ ਰੱਖਦੀਆਂ ਨੇ।

ਰਿਸ਼ੀ, ਪ੍ਰਾਇਮ ਮਨਿਸਟਰ ਟਰਨਰ ਕਹਿੰਦੇ, ਸਰਕਾਰਾਂ ਦਾ ਹਿਤ ਇਸੇ ਵਿੱਚ ਹੈ ਕਿ ਇਹ ਕੰਮ ਲਟਕਾ ਕੇ ਰੱਖੋ ਤੇ ਅੱਕ ਕੇ ਲੋਕ ਆਪੇ ਕਹਿਣ ਲੱਗ ਪੈਣਗੇ ਕਿ ਪ੍ਰਾਇਵੇਟ ਕੇਅਰ ਲਿਆਉ ਤੇ ਦਵਾਈਆਂ ਨਾਲ ਉਹਨਾਂ ਉੱਪਰ ਤਜਰਬੇ ਹੁੰਦੇ ਰਹਿਣਗੇ। ਇਕ ਦਵਾਈ ਖਾਉ, ਚਾਰ ਸਾਇਡ ਇਫੈਕਟ ਹੋਣਗੇ...ਫਿਰ ਉਹਨਾਂ ਦੀ ਦਵਾਈ ਲਉ...ਤੇ ਅੱਕ ਕੇ ਹੈਲਥ ਇੰਸ਼ੋਰੈਂਸ ਕਰਵਾ ਲਉ।

ਬੇਟੇ, ਤੈਨੂੰ ਸ਼ਾਇਦ ਨਾ ਪਤਾ ਹੋਵੇ ਕਿ ਕਈ ਫਾਰਮਾਸਿਊਟਿਕਲ ਕੰਪਨੀਆਂ ਲੱਖਾਂ ਡਾਲਰ ਖ਼ਰਚ ਕਰਕੇ ਕਈ ਡਾਕਟਰਾਂ ਨੂੰ ਕਰਪਟ ਕਰ ਰਹੀਆਂ ਹਨ। ਉਹ ਉਹਨਾਂ ਨੂੰ ਆਪਣੀ ਦਵਾਈ ਲਿਖਣ ਨੂੰ ਕਹਿੰਦੀਆਂ ਨੇ ਤੇ ਉਹਨਾਂ ਨੂੰ ਵਿਦੇਸ਼ਾਂ ਦੇ ਟੂਰ ਦੇ ਕੇ ਉਹਨਾਂ ਦੇ ਰਹਿਣ-ਸਹਿਣ-ਖਾਣ ਦੇ ਖ਼ਰਚੇ ਚੁੱਕਦੀਆਂ ਹਨ। ਕਈ ਕੰਪਨੀਆਂ ਤਾਂ ਉਹਨਾਂ ਦੀ ਪੜ੍ਹਾਈ ਲਿਖਾਈ ਦਾ ਖ਼ਰਚਾ ਵੀ ਚੁੱਕਦੀਆਂ ਨੇ। ਇੰਸ਼ੋਰੈਂਸ ਕੰਪਨੀਆਂ ਦਾ ਜ਼ੋਰ ਲੱਗਿਆ ਹੋਇਆ ਹੈ ਕਿ ਯੂਨਿਵਰਸਲ ਫਾਰਮਾਕੇਅਰ ਨਾ ਆਵੇ ਤਾਂ ਕਿ ਉਹਨਾਂ ਦੀ ਦਵਾਈਆਂ ਦੀ ਕਵਰੇਜ ਵਾਲੀ ਇੰਸ਼ੋਰੈਂਸ ਵਿਕਦੀ ਰਹੇ। ਜੇ ਯੂਨਿਵਰਸਲ ਫਾਰਮਾਕੇਅਰ ਆ ਗਿਆ ਤਾਂ ਦਵਾਈਆਂ ਮੁਫ਼ਤ ਮਿਲਣ ਲੱਗ ਪੈਣਗੀਆਂ ਤੇ ਇੰਸ਼ੋਰੈਂਸ ਫਿਰ ਲੋਕ ਕਿਉਂ ਕਰਵਾਉਣਗੇ? ਇਹਨਾਂ ਇੰਸ਼ੋਰੈਂਸ ਕੰਪਨੀਆਂ ਨੂੰ ਬੱਸ, ਇਸੇ ਗੱਲ ਦੀ ਤਕਲੀਫ਼ ਹੈ।

ਰਿਸ਼ੀ ਬੇਟਾ, ਇਸ ਸਮੇਂ ਪੂਰੇ ਮੁਲਕ ਵਿੱਚ ਹੈਲਥ ਕੇਅਰ ਸੰਕਟ ਚੱਲ ਰਿਹਾ ਹੈ। ਜਿੰਨੀ ਅਬਾਦੀ ਵਧੀ ਹੈ, ਜਿੰਨੇ ਸ਼ਹਿਰ ਵਧੇ ਹਨ...ਸੋਚਿਆ ਕਦੀ ਕਿ ਉਨੇ ਹਸਪਤਾਲ ਵੀ ਵਧੇ ਨੇ ਕਦੀ? ਅੱਜ ਅਸੀਂ ਕਹਿ ਰਹੇ ਹਾਂ ਕਿ 60 ਲੱਖ ਲੋਕਾਂ ਕੋਲ ਫੈਮਿਲੀ ਫਿਜ਼ਿਸ਼ਨ ਨਹੀਂ ਹੈ...ਕੀ ਤੁਸੀਂ ਇਸ ਸੁਣ ਸਕਦੇ ਹੋ ਕਿ ਅਧਿਆਪਕ ਨਾ ਹੋਣ ਕਰਕੇ 60 ਲੱਖ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਨਾ ਭੇਜਿਆ ਜਾਵੇ? ਕੋਈ ਸਰਕਾਰ ਨਵਾਂ ਹਸਪਤਾਲ ਕਿਉਂ ਨਹੀਂ ਬਣਾਉਂਦੀ? ਕਿਉਂਕਿ ਲੋਕਾਂ ਦਾ ਜਦੋਂ ਤ੍ਰਾਹ ਨਿਕਲ ਗਿਆ ਤਾਂ ਪ੍ਰਾਇਵੇਟ ਹੈਲਥ ਕੇਅਰ ਦੇ ਦਰਵਾਜ਼ੇ ਆਪਣੇ ਆਪ ਖੁਲ੍ਹ ਜਾਣਗੇ।

ਕਦੀ ਕਿਸੇ ਕੈਂਸਰ ਪੇਸ਼ੈਂਟ ਨੂੰ ਪੁੱਛ ਕੇ ਦੇਖੋ...ਕਿਸੇ ਕਿਡਨੀ ਪੇਸ਼ੈਂਟ ਨੂੰ ਪੁੱਛੋ ਕਿ ਕਿਹੜੀਆਂ ਕਿਹੜੀਆਂ ਦਿੱਕਤਾਂ ਨੇ ਉਹਨਾਂ ਨੂੰ! ਕੈਂਸਰ ਮਰੀਜ਼ ਨੂੰ ਹੋਣ ਵਾਲੀ ਕਿਸੇ ਵੀ ਹੋਰ ਮਾਮੂਲੀ ਬਿਮਾਰੀ ਦਾ ਇਲਾਜ ਇਸ ਕਰਕੇ ਨਹੀਂ ਕੀਤਾ ਜਾਂਦਾ ਕਿ ਉਹਨੇ ਕਿਹੜਾ ਬਚਣੈ? ਡਾਇਐਲਿਸਿਸ 'ਤੇ ਚੱਲ ਰਹੇ ਕਿਡਨੀ ਮਰੀਜ਼ ਨੂੰ ਮੰਨ ਲਉ ਚਾਰ ਪੰਜ ਡੋਨਰ ਮਿਲ ਵੀ ਜਾਣ ਤੇ ਉਹਨਾਂ ਸਾਰਿਆਂ ਦਾ ਟੈਸਟ ਇਕੋ ਵੇਲੇ ਨਹੀਂ ਕੀਤਾ ਜਾਂਦਾ ਤੇ ਜਿਹੜਾ ਡਾਇਐਲਿਸਿਸ 'ਤੇ ਨਹੀਂ ਹੈ, ਉਸ ਵਾਸਤੇ ਦੋ ਡੋਨਰਾਂ ਦਾ ਇਕੱਠਾ ਟੈਸਟ ਕਰ ਲਿਆ ਜਾਂਦਾ ਹੈ। ਕੀ ਮਜ਼ਾਕ ਬਣਾਇਆ ਹੋਇਆ ਇਹਨਾਂ ਨੇ!

ਰਿਸ਼ੀ, ਮੇਰੀ ਚਿੱਠੀ ਲੰਬੀ ਹੁੰਦੀ ਜਾ ਰਹੀ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਖਾਂ ਵਿੱਚ ਲੱਗਣ ਵਾਲਾ ਇਕ ਟੀਕਾ ਕੈਨੇਡਾ ਵਿੱਚ 1800 ਡਾਲਰ ਕੀਮਤ ਵਿੱਚ ਲੱਗਦਾ ਹੈ ਜਦੋਂ ਕਿ ਉਹੀ ਟੀਕਾ ਨਿਊ ਜ਼ੀਲੈਂਡ ਵਿੱਚ 7-800 ਡਾਲਰ ਦਾ ਲੱਗਦੈ, ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿਤੇ? ਪਰ ਜਦੋਂ ਫਾਰਮਾਸਿਊਟਿਕਲ ਕੰਪਨੀਆਂ ਇਹਨਾਂ ਰਾਜਨੀਤਕ ਪਾਰਟੀਆਂ ਨੂੰ ਭਰਪੂਰ ਚੰਦਾ ਦਿੰਦੀਆਂ ਹੋਣ ਤਾਂ ਫਿਰ 'ਮੂੰਹ ਖਾਵੇ, ਅੱਖਾਂ ਸ਼ਰਮਾਉਣ' ਵਾਲੀ ਕਹਾਵਤ ਲਾਗੂ ਹੁੰਦੀ ਐ।

ਤੈਨੂੰ ਇਹ ਸਭ ਦੱਸਣ ਦਾ ਮੇਰਾ ਮਕਸਦ ਇਹ ਸੀ ਕਿ ਤੂੰ ਆਪਣੇ ਪ੍ਰੋਗਰਾਮ ਰਾਹੀਂ ਸਰੋਤਿਆਂ ਨੂੰ ਕਹਿ ਕਿ ਆਪੋ ਆਪਣੇ ਐਮਪੀ ਨੂੰ ਘੱਟੋ ਘੱਟ ਇਹ ਤਾਂ ਪੁੱਛਣ ਕਿ ਉਹ ਯੂਨਿਵਰਸਲ ਫਾਰਮਾਕੇਅਰ ਬਾਰੇ ਕੀ ਕਰ ਰਹੇ ਹਨ ਤੇ ਜੇ ਉਹ ਕੁਝ ਨਹੀਂ ਕਰ ਰਹੇ ਤਾਂ ਕਿਉਂ ਨਹੀਂ ਕਰ ਰਹੇ? ਜੇ ਸਾਡਾ ਹੈਲਥ ਕੇਅਰ ਸਿਸਟਮ ਢਹਿਢੇਰੀ ਹੋ ਗਿਆ, ਜਿਹੜਾ ਕਿ ਹੋ ਹੀ ਗਿਆ ਹੈ, ਇਸ ਨੂੰ ਮੁੜ ਸਥਾਪਤ ਕਰਨਾ ਅਸਾਨ ਨਹੀਂ ਹੋਵੇਗਾ ਤੇ ਕਨੇਡੀਅਨ ਡ੍ਰੀਮ ਦੇ ਟੁੱਟਣ ਵਿੱਚ ਇਸ ਨੂੰ ਵੀ ਸ਼ਾਮਿਲ ਕਰ ਲਿਆ ਜਾਵੇਗਾ।

ਚੰਗਾ ਰਿਸ਼ੀ, ਮੈਂ ਤੈਨੂੰ ਬਹੁਤਾ ਉਦਾਸ ਨਹੀਂ ਕਰਨਾ ਚਾਹੁੰਦਾ! ਪਰ ਚੰਗੇ ਦੀ ਆਸ ਜ਼ਰੂਰ ਰੱਖਣੀ ਚਾਹੀਦੀ ਐ!

ਆਪਣਾ ਧਿਆਨ ਰੱਖੀਂ!

ਤੇਰਾ,

**ਡਾ. ਗੁਰਦੇਵ ਸਿੰਘ ਗਿੱਲ**


Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
STOP
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਘੱਗ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਹਾਈ ਸਕੂਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮੁੰਬਈ ਦਾ ਜੰਮਪਲ ਹੈ। ਲੜਕੇ ਦੀ ਇੱਕ ਭੈਣ ਕਨੇਡਾ ਵੈੱਲ ਸੈਟਲਡ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 400 2100 ***240***

## ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖ਼ੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈਂਕ, ਐਮ ਟੈਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਵਿਨੀਪੈਗ, ਕਨੇਡਾ ਹੀ ਰਹਿ ਰਿਹਾ ਹੈ । ਸੰਪਰਕ: 1- 204 914 3200 ***244 ***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸਬੰਧਿਤ ਕੈਲਗਰੀ ਰਹਿੰਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਘੱਟੋ ਘੱਟ ਗਰੈਜੂਏਟ ਅਤੇ ਕੱਦਾਵਰ ਹੋਵੇ। ਮਾਝੇ ਨੂੰ ਪਹਿਲ। ਸੰਪਰਕ 587 839 7750 ਈ ਮੇਲ: Virknarinder66@gmail.com ***240***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਦੇ ਵਿਨੀਪੈੱਗ ਰਹਿੰਦੇ ਲੜਕੇ ,ਉਮਰ 28 ਸਾਲ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈਕ ਸਿਵਲ ਇੰਜੀਨੀਅਰ,ਲਈ ਖਾਨਦਾਨੀ ਪਰਿਵਾਰ ਦੀ ਹਾਣ ਪ੍ਰਵਾਣ ਦੀ ਸੁੰਦਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਅਤੇ ਨਸ਼ਾ ਰਹਿਤ ਹੈ। ਪਰਿਵਾਰ ਕੋਲ ਪੰਜਾਬ ਵਿੱਚ 28 ਏਕੜ ਜ਼ਮੀਨ ਹੈ। ਵਿਨੀਪੈੱਗ-ਫਰੀਦਕੋਟ ਏਰੀਆ ਨੂੰ ਪਹਿਲ। ਸੰਪਰਕ ਵਟਸਐਪ :1 438 355 2014 ਜਾਂ ਇੰਡੀਆ: 98784 41852 ***240***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈੱਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ।ਸੰਪਰਕ :1 (780) 604-0209 ***244 ***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

## ਲੜਕੀ ਦੀ ਲੋੜ

ਜੱਟ ਸਿੱਖ ਸੰਧੂ ਪਰਿਵਾਰ ਦੇ ਵਰਕ ਪਰਮਿਟ ਹੋਲਡਰ ਲੜਕੇ ਉਮਰ 30 ਸਾਲ ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: 2 ਸਾਲ ਡਿਪਲੋਮਾ ਇਨ ਕਨੇਡਾ, ਇੰਡੀਆ ਤੋਂ ਬੀਬੀਏ ਗ੍ਰੈਜੂਏਸ਼ਨ ਲਈ ਹਾਣ ਪਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਆਪਣੇ ਭਰਾ ਨਾਲ ਹੀ ਕੈਲਗਰੀ ਰਹਿੰਦਾ ਹੈ ਅਤੇ ਡਰਾਈਵਾਲ ਦਾ ਕੰਮ ਕਰਦਾ ਹੈ। ਸੰਪਰਕ: 403 900 9000 ਜਾਂ 416 723 4029 ***240 ***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਿੱਲ ਪਰਿਵਾਰ ਦੀ (ਵਿਧਵਾ) ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ : ਐਮ ਏ ,ਬੀਐੱਡ,ਲਈ ਵੈਸ਼ਨੂੰ ,ਚੰਗੇ ਪੜ੍ਹੇਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਡੇਢ ਕੁ ਸਾਲ ਦੀ ਉਮਰ ਦੀ ਬੇਟੀ ਵੀ ਹੈ। ਸੰਪਰਕ 1 289 659 5681 ***239***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ-ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿੱਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 or 587 579 4899 ***UN****

## ਲੜਕੀ ਦੀ ਲੋੜ

ਅਮਰੀਕਾ ਵਿੱਚ ਵਰਕ ਪਰਮਿਟ ਤੇ ਕੰਮ ਕਰਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ,ਬੀ ਟੈਕ (ਡਰੌਪ ਆਊਟ) ਗੁਰਸਿੱਖ ਪਰਿਵਾਰ ਨਾਲ ਸਬੰਧਿਤ, ਲਈ ਕੈਨੇਡਾ ਜਾਂ ਅਮਰੀਕਾ ਵਿੱਚ ਨਾਗਰਿਕਤਾ ਪ੍ਰਾਪਤ ਜਾਂ ਵਰਕ ਪਰਮਿਟ ਤੇ ਰਹਿ ਰਹੀ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਕਰੋ 825-785-5487 ਜਾਂ ਈ ਮੇਲ: mslummay@gmail.com ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਆਏ ਲੜਕੇ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ ,ਐਲ ਐਲ ਬੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 672 972 9683 ਜਾਂ 91-9814122621 ***241***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ,ਵੈੱਲ ਸੈਟਲਡ,ਸਿੱਖ ਰਾਜਪੂਤ,ਤਲਾਕ ਸ਼ੁਦਾ ਲੜਕੇ, ਉਮਰ 34 ਸਾਲ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 433 7245 ਜਾਂ 403 863 1809 ***241***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਸਾਲ,ਕੱਦ 6 ਫੁੱਟ 2 ਇੰਚ, ਵਿੱਦਿਅਕ ਯੋਗਤਾ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਸੁਭਾਅ ਵਾਲਾ ਨਸ਼ੇ ਤੋਂ ਰਹਿਤ ਵੈਜੀਟੇਰੀਅਨ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਸੰਪਰਕ: 403 667 9796 ***241***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਾਮਗੜ੍ਹੀਆ ਸਿੱਖ ਕਲਸੀ ਪਰਿਵਾਰ ਦੀ ਤਲਾਸ਼ੁਦਾ ਲੜਕੀ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ ਬੀ ਏ ਲਈ ਹਾਣ ਪ੍ਰਵਾਣ ਦੇ ਰਾਮਗੜ੍ਹੀਆਂ ਸਿੱਖ ਪਰਿਵਾਰ ਵਿੱਚੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈੱਗ ਨੂੰ ਪਹਿਲ। ਸੰਪਰਕ: 1 204 599 9184 ***241***

## ਲੜਕੇ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ,ਰਾਮਦਾਸੀਆ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 4 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ,ਪੀ ਜੀ ਡੀ ਸੀ ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ: 403 926 7372 ਜਾਂ 94648 35098 ***241***

## ਲੜਕੇ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੀ ਸੋਹਣੀ ਸੁਨੱਖੀ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਜਨਮ ਦਸੰਬਰ 1989,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ : ਬੀ ਐੱਸ ਸੀ ,ਆਈ ਟੀ, ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੀ ਹੈ, ਲਈ ਹਾਣ ਪ੍ਰਵਾਣ ਦੇ ਬਿਲਕੁੱਲ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 570 7133 ***241***

## ਲੜਕੀ ਦੀ ਲੋੜ

ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿਜਟਿਰ ਵੀਜੇ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸ਼ੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ। ਸੰਪਰਕ: 403 681 0037 ਜਾਂ 403 614 0001 ***240***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜਨਮ ਦਸੰਬਰ 1991, ਕਲੀਨ ਸੇਵ, ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ: ਐਮ ਟੈੱਕ, ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸੁਦਾ,ਕੈਲਗਰੀ ਰਹਿੰਦੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵਾਲਮਾਰਟ ਫਲੀਟ ਵਿੱਚ ਡਰਾਈਵਰ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। (Girl upper caste no bar) ਸੰਪਰਕ: 587 707 4291 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀਲਿਖੀ,(Innocently Divorced) ਵਾਸਤੇ ਪੜ੍ਹੇਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 163 ਸੈਂਟੀਮੀਟਰ, ਵਿੱਦਿਅਕ ਯੋਗਤਾ : Criminology diploma ਹੋਲਡਰ ਅਤੇ ਹੁਣ ਹੈਲਥ ਕੇਅਰ ਅਸਿਸਟੈਂਟ ਦੀ ਜੌਬ ਕਰ ਰਹੀ ਲਈ ਵੈਜੀਟੇਰੀਅਨ ,ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: ਵਟਸਐਪ 91 8264464235 ਜਾਂ 1 204 730 7535 ***240***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਵੈਸ਼ਨੂੰ ਜੱਟ ਸਿੱਖ ਧਾਲੀਵਾਲ,ਉਮਰ 30 ਸਾਲਕੱਦ 5 ਫੁੱਟ 9 ਇੰਚ, ਪੈਟਰੋਲੀਅਮ ਇੰਜੀਨੀਅਰ ਦੀ ਜੌਬ ਕਰ ਰਹੇ ਲੜਕੇ ਲਈ ਬੀ ਐਸ ਸੀ ਨਰਸਿੰਗ,ਆਰ ਐਨ, ਕੱਦ 5 ਫੁੱਟ 4 ਇੰਚ, ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਕੇਸ ਵੀ ਵਿਚਾਰਨ ਯੋਗ। ਸੰਪਰਕ ਵਟਸਐਪ : 1 306 209 3896 ***240 RG ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਨਾਈ ਸਿੱਖ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ, ਵਿੱਦਿਅਕ ਯੋਗਤਾ: 4 Year Software Engineering University of Calgary ਤੋਂ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ,ਸੋਹਣੀ ਸੁਨੱਖੀ, ਲੰਮੀ ਪਤਲੀ, ਨਰਮ ਸੁਭਾਅ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਸੈਟਲ ਹੈ ਅਤੇ ਕਨੇਡਾ ਵਿੱਚ ਚੰਗੀ ਜੌਬ ਕਰਦਾ ਹੈ। ਸੰਪਰਕ: 403 889 6509 ਜਾਂ 91 855 8070708 ***239***

## ਲੜਕੀ ਦੀ ਲੋੜ

ਇਟਾਲੀਅਨ ਸਿਟੀਜਨ ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਉਮਰ 39,ਕੱਦ 5 ਫੁੱਟ 11 ਇੰਚ, ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜ਼ਾ ਜਾਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਨੇ ਇਟਲੀ ਤੋਂ ਇਲੈਕਟਰੀਕਲ ਦੀ ਪੜਾਈ ਕੀਤੀ ਅਤੇ ਇਲੈਕਟਰਾਨਿਕ ਕੰਪਨੀ ਵਿੱਚ ਕੰਮ ਦਾ ਤਜ਼ਰਬਾ ਵੀ ਹੈ। ਲੜਕੇ ਦਾ ਪਿਛੋਕੜ ਪੰਜਾਬ ਤੋਂ ਜਗਰਾਵਾਂ ਨਾਲ ਹੈ। ਸੰਪਰਕ: 587 707 3871 ***239***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 867 4005 ***239***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਇੰਡੀਆ ਤੋਂ ਬੀ ਐਸ ਸੀ ਨਰਸਿੰਗ,ਫਿਰ ਕਨੇਡਾ ਆਕੇ ਦੋ ਸਾਲ ਹੋਰ ਪੜ੍ਹਾਈ ਕੀਤੀ ਅਤੇ ਹੁਣ ਆਰ ਐਨ ਦੀ ਜੌਬ ਕਰ ਰਹੀ ਹੈ। ਲੜਕੀ ਕੋਲ ਓਨਟਾਰੀਓ ਅਤੇ ਅਲਬਰਟਾ ਵਿੱਚ ਜੌਬ ਕਰਨ ਲਈ ਲਾਇਸੈਂਸ ਹੈ। ਹਾਣ ਪ੍ਰਵਾਣ ਦੀ ਯੋਗਤਾ,ਚੰਗੀ ਪੜ੍ਹਾਈ ਵਾਲੇ ਨਸ਼ਾ ਰਹਿਤ ਕਨੇਡਾ ਵਿੱਚ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1-825 561 7779 ***239***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈਗ- 431 733 3000



**ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ**

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.



**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


## ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ

ਕੈਲਗਰੀ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਸਥਾਪਿਤ ਕੀਤੀ ਗਈ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ ਨਮਸਤੇ ਰੈਸਟੋਰੈਂਟ ਨਾਰਥ ਈਸਟ ਵਿਖੇ ਦੁਪਹਿਰ 2:30 ਵਜੇ ਤੋਂ ਲੈਕੇ 4:30 ਤੱਕ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੇ ਪ੍ਰਧਾਨ ਕੈਮ ਖਾਂਬਾ ਨੇ ਦੱਸਿਆ ਕਿ ਭਵਿੱਖ ਵਿੱਚ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਰੂਪ ਰੇਖਾ ਤਿਆਰ ਕਰਨ ਦਾ ਵਿਚਾਰ ਹੈ। ਕੈਲਗਰੀ ਵਿੱਚ ਨਵੇਂ ਆਏ ਅਤੇ ਪਹਿਲਾਂ ਤੋਂ ਹੀ ਰਹਿ ਰਹੇ ਰਾਮਗੜ੍ਹੀਆ ਭਾਈਚਾਰੇ ਦੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਉਹ ਇਸ ਦਿਨ ਸਮੇਂ ਸਿਰ ਪਹੁੰਚਕੇ ਆਪਣੇ ਵਿਚਾਰ ਦੇਣ ਤਾਂ ਕਿ ਭਵਿੱਖ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਗੁਰੂਘਰ ਦੀ ਸਥਾਪਨਾ ਅਤੇ ਹੋਰ ਪਰਜੈਕਟਾਂ ਸਬੰਧੀ ਉਸਾਰੂ ਵਿਚਾਰ ਹੋ ਸਕੇ। ਵਧੇਰੇ ਜਾਣਕਾਰੀ ਲਈ ਕੈਮ ਖਾਂਬਾ ਨਾਲ 403 975 0128 ਉੱਪਰ ਸੰਪਰਕ ਕਰ ਸਕਦੇ ਹੋ।

## Name Change

I, **Mandeep Singh s/o Arjan Singh** ,holder of Indian passport no. **L8674984** issued at Chandigarh on 28/04/2014 and valid up to 27/04/2024), resident of **Ward no.06 Shahid Bhagat Singh Nagar, Moga, 142001 Punjab, India** and presently residing at **112 Anaheim Cresent NE, Calgary (AB) T1Y 7C6, Canada** do hereby changed my name from **Mandeep Singh** to **Mandeep Singh Devgan** with immediate effect.

Date: 5 Mar 2024 Cont: 1 825 438 9025

## Name Change

I, **ANITHA RAVIKANTHA KIDIYOOR** daughter of **NAGESH KOTIAN**, holder of Indian Passport No.# **M 4814209**, issued at **MUSCAT**, on **14/01/2015**, permanent resident of **H NO: 7-50A VIGNESH KRUPA, SAALMARA KALABAIL UDYVARA, UDUPI DIST, KARANAT ,INDIA** and presently residing at **22 SADDLELAND CRES NE CALGARY(AB) T3J5K9 Canada** hereby change my name from **ANITHA RAVIKANTHA KIDIYOOR** to **SINGH, ANITHA RAJ**, with immediate effect.

**Date: 10/FEB/ 2024 Cont.: 1 403 613 3803**

### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜ਼ਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.

**sikhsocietysknewland@gmail.com**

# ਬਾਲਾਂ ਨੂੰ ਲਾਇਬ੍ਰੇਰੀ ਦੀਆਂ ਪੁਸਤਕਾਂ ਪੜ੍ਹਨ ਲਈ ਕਿਵੇਂ ਪ੍ਰੇਰੀਏ ?




ਅਮਰੀਕ ਸਿੰਘ
ਤਲਵੰਡੀ ਕਲਾਂ,
ਗਿੱਲ ਨਗਰ ਗਲੀ ਨੰ-13.
ਮੁੱਲਾਂਪੁਰ ਦਾਖ਼ਾ (ਲੁਧਿਆਣਾ)
9463542896


ਬਾਲਾਂ ਵਿੱਚ ਅਨੇਕਾਂ ਗੁਣ ਛਿਪੇ ਹੁੰਦੇ ਹਨ ਉਨ੍ਹਾਂ ਨੂੰ ਬਾਹਰ ਕੱਢਣ ਦੀ ਜ਼ਿੰਮੇਵਾਰੀ ਸਾਡੀ ਸਭ ਦੀ ਬਣਦੀ ਹੈ।ਪਹਿਲੀ ਜ਼ਿੰਮੇਵਾਰੀ ਮਾਂ ਪਿਓ ਅਤੇ ਪਰਿਵਾਰ ਦੀ ਬਣਦੀ ਹੈ। ਬੱਚੇ ਗੀਤ ਕਵਿਤਾਵਾਂ ਕਹਾਣੀਆਂ ਨੂੰ ਬਹੁਤ ਪਸੰਦ ਕਰਦੇ ਹਨ।ਉਨ੍ਹਾਂ ਨੂੰ ਵੱਧ ਤੋਂ ਵੱਧ ਗੀਤ ਕਵਿਤਾਵਾਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ।ਪੁਰਾਣੇ ਸਮੇਂ ਵਿੱਚ ਬੱਚੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੇ ਦੁਆਲੇ ਬਹਿਕੇ ਉਨ੍ਹਾਂ ਤੋਂ ਕਹਾਣੀਆਂ ਅਤੇ ਬਾਤਾਂ ਬੜੇ ਪਿਆਰ ਨਾਲ ਸੁਣਦੇ ਸਨ।ਛੋਟੇ ਬੱਚਿਆਂ ਨੂੰ ਸੁਆਉਣ ਲਈ ਸੁਣਾਈਆਂ ਜਾਂਦੀਆਂ ਲੋਰੀਆਂ ਵੀ ਇਸਦਾ ਹੀ ਹਿੱਸਾ ਸਨ।ਉਨ੍ਹਾਂ ਨੂੰ ਘਰਾਂ ਵਿੱਚ ਆਉਂਦੇ ਅਖ਼ਬਾਰਾਂ ਵਿਚੋਂ ਬਾਲ ਰਚਨਾਵਾਂ ਪੜ੍ਹਕੇ ਸੁਣਾਈਆਂ ਜਾਣ।ਓਹੋ ਜਿਹੀਆਂ ਲਿਖਤਾਂ ਲਿਖਣ ਦੀ ਪ੍ਰੇਰਨਾ ਦਿੱਤੀ ਜਾਵੇ।ਜਦੋਂ ਬੱਚਾ ਸਕੂਲ ਆ ਜਾਵੇ ਓਦੋਂ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਬੱਚੇ ਵਿਚਲੀਆਂ ਕਲਾਤਮਕ ਰੁਚੀਆਂ ਅਤੇ ਗੁਣਾਂ ਨੂੰ ਸਹਿਜੇ-ਸਹਿਜੇ ਬਾਹਰ ਕੱਢਿਆ ਜਾਵੇ।ਪਹਿਲੀ ਜਮਾਤ ਦੇ ਕਾਇਦੇ ਵਿਚਲੀਆਂ ਕਵਿਤਾਵਾਂ ਗੀਤ ਜ਼ਬਾਨੀ ਯਾਦ ਕਰਨ ਨੂੰ ਕਿਹਾ ਜਾਵੇ।ਬਾਲ ਸਭਾ ਵਿੱਚ ਜਿੱਥੇ ਵੱਡੇ ਬਾਲਾਂ ਨੂੰ ਮੌਕੇ ਦਿੱਤੇ ਜਾਣ ਉੱਥੇ ਇਨ੍ਹਾਂ ਛੋਟੇ ਬੱਚਿਆਂ ਨੂੰ ਵੀ ਬਰਾਬਰ ਮੌਕੇ ਦਿੱਤੇ ਜਾਣੇ ਚਾਹੀਦੇ ਹਨ।ਸਕੂਲ ਵਿੱਚ ਬਾਲ ਰਸਾਲੇ ਲਗਵਾਏ ਜਾਣੇ ਚਾਹੀਦੇ ਹਨ।ਹਰ ਰੋਜ਼ ਕੁੱਝ ਸਮੇਂ ਲਈ ਬੱਚਿਆਂ ਨੂੰ ਲਾਇਬ੍ਰੇਰੀ ਵਿੱਚ ਜ਼ਰੂਰ ਲਿਜਾਇਆ ਜਾਵੇ ਉੱਥੇ ਬਾਲਾਂ ਦੀਆਂ ਰੁਚੀਆਂ ਵੱਲ ਅਧਿਆਪਕ ਧਿਆਨ ਦੇਣ।ਕਿਤਾਬਾਂ ਅਤੇ ਰਸਾਲਿਆਂ ਵਿਚਲੀਆਂ ਮਨ ਪਸੰਦ ਰਚਨਾਵਾਂ ਉਨ੍ਹਾਂ ਨੂੰ ਬੋਲਕੇ ਜਾਂ ਗਾ ਕੇ ਸੁਣਾਉਣ ਲਈ ਕਿਹਾ ਜਾਵੇ ਉਸ ਤੋਂ ਬਾਅਦ ਬੱਚਿਆ ਨੂੰ ਕਿਹਾ ਜਾਵੇ ਹੁਣ ਇਹੋ ਜਹੀਆਂ ਰਚਨਾਵਾਂ ਆਪ ਲਿਖਣ ਦੀ ਕੋਸ਼ਿਸ਼ ਕਰੋ।ਜੇ ਅਧਿਆਪਕ ਆਪ ਕੁੱਝ ਲਿਖ ਸਕਦਾ ਹੋਵੇ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਹੋਵੇਗਾ।ਬਾਲਾਂ ਦੀਆਂ ਲਿਖਤਾਂ ਉੱਪਰ ਬੱਚਿਆਂ ਨੂੰ ਹੱਸਣ ਅਤੇ ਮਜ਼ਾਕ ਕਰਨ ਤੋਂ ਵਰਜਿਆ ਜਾਵੇ।ਜਿਹੋ ਜਿਹਾ ਵੀ ਬੱਚੇ ਲਿਖਦੇ ਹੋਣ ਪ੍ਰਵਾਨ ਕਰੋ ਅਤੇ ਹੋਰ ਚੰਗਾ ਲਿਖਣ ਦੀ ਪ੍ਰੇਰਨਾ ਦਿਓ। ਬਾਲਾਂ ਨੂੰ ਹੱਲਾ-ਸ਼ੇਰੀ ਦੇਣੀ ਨਾ ਭੁੱਲੋ। ਇਲਾਕੇ ਦੇ ਚੰਗੇ ਵੱਡੇ ਬਾਲ ਸਾਹਿਤਕਾਰਾਂ ਨਾਲ ਗਾਹੇ-ਬਗਾਹੇ ਰੂਬਰੂ ਪਰੋਗਰਾਮ ਕਰਵਾਉਂਦੇ ਰਹੋ।ਉਨ੍ਹਾਂ ਦੇ ਅਨੁਭਵ ਅਤੇ ਤਜਰਬੇ ਬੱਚਿਆਂ ਨਾਲ ਸਾਂਝੇ ਕਰਵਾਉਂਦੇ ਰਹੋ ਉਨ੍ਹਾਂ ਨੂੰ ਮਿਲੇ ਮਾਣ ਸਨਮਾਨਾਂ ਦੀ ਗੱਲ ਬੱਚਿਆਂ ਨਾਲ ਸਾਂਝੀ ਕਰੋ ਤਾਂ ਕਿ ਬੱਚੇ ਇਸ ਪਾਸੇ ਵੱਲ ਉਤਸ਼ਾਹਤ ਹੋਣ।ਸਕੂਲ਼ੀ ਬੱਚਿਆਂ ਦਾ ਜੇ ਬਾਲ ਮੈਗਜ਼ੀਨ ਪ੍ਰਕਾਸ਼ਿਤ ਕਰਵਾਇਆ ਜਾਵੇ ਤਾਂ ਬਹੁਤ ਹੀ ਮਹੱਤਵ ਪੂਰਨ ਤੇ ਪਵਿੱਤਰ ਕਾਰਜ ਹੋਵੇਗਾ।ਅਖ਼ਬਾਰਾਂ ਵਿੱਚੋ ਕੱਟ ਕੇ ਚੰਗੀਆਂ ਬਾਲ ਰਚਨਾਵਾਂ ਨੋਟਿਸ ਬੋਰਡ ਉਪਰ ਚਿਪਕਾਈਆਂ ਜਾਣ।ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਬੱਚਿਆ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।ਬਾਹਰੋਂ ਜਿਤਕੇ ਆਏ ਬੱਚਿਆਂ ਨੂੰ ਸਕੂਲ਼ ਵੱਲੋਂ ਪ੍ਰਾਰਥਨਾ ਸਮੇਂ ਸਨਮਾਨ ਦਿੱਤਾ ਜਾਵੇ।ਰੇਡੀਓ ਅਤੇ ਟੀ.ਵੀ.ਤੇ ਚੱਲ ਰਹੇ ਬਾਲ ਪਰੋਗਰਾਮਾਂ ਵਿੱਚ ਵੱਧ ਤੋਂ ਵੱਧ ਬੱਚੇ ਲਿਜਾਏ ਜਾਣ।ਵੱਡੇ-ਵੱਡੇ ਸਾਹਿਤਕਾਰਾਂ ਦੀਆਂ ਜੀਵਨੀਆਂ ਬੱਚਿਆਂ ਨਾਲ ਜ਼ਰੂਰ ਸਾਝੀਆਂ ਕੀਤੀਆਂ ਜਾਣ। ਇਸ ਗੱਲ ਤੇ ਸਾਰੇ ਵਿਦਵਾਨ ਇੱਕ ਮੱਤ ਹਨ ਕਿ ਲਾਇਬ੍ਰੇਰੀ ਦੀਆਂ ਚੰਗੀਆਂ ਪੁਸਤਕਾਂ ਹੀ ਦੇਸ਼ ਨੂੰ ਚੰਗੇ ਸੁਲਝੇ ਸਿਆਣੇ ਨਾਗਰਿਕ ਦੇ ਸਕਦੀਆਂ ਹਨ।ਕਲਾ ਰੂਪੀ ਬੀਜ ਫਿਰ ਹੀ ਪੁੰਗਰੇਗਾ ਜੇ ਅਧਿਆਪਕ ਉਸਨੂੰ ਲੋੜੀਂਦਾ ਮਹੌਲ ਦੇਣਗੇ ਨਹੀਂ ਤਾਂ ਅਣਜੰਮੇ ਬੀਜ ਵਾਂਗ ਬੱਚੇ ਵਿਚਲੀ ਕਲਾ ਮਿੱਟੀ ਵਿੱਚ ਮਿਲ ਜਾਵੇਗੀ। ਸੋ ਇਨ੍ਹਾਂ ਛੋਟੇ-ਛੋਟੇ ਉਪਰਾਲਿਆਂ ਨਾਲ ਅਸੀਂ ਬੱਚਿਆਂ ਅੰਦਰ ਛੁਪੀ ਕਲਾ ਬੜੇ ਅਰਾਮ ਨਾਲ ਬਾਹਰ ਕੱਢ ਸਕਦੇ ਹਾਂ ਅਤੇ ਬੱਚਿਆਂ ਨੂੰ ਲਾਇਬ੍ਰੇਰੀ ਦੀਆਂ ਪੁਸਤਕਾਂ ਨਾਲ ਜੋੜਨ ਵਿੱਚ ਸਫਲ ਹੋ ਸਕਦੇ ਹਾਂ।ਜਿਵੇਂ ਅਸੀਂ ਕਹਿੰਦੇ ਹਾਂ ਅੱਜ ਦੇ ਬੱਚੇ ਕੱਲ੍ਹ ਦੇ ਨੇਤਾ ਹੁੰਦੇ ਹਨ ਫਿਰ ਅੱਜ ਦੇ ਬੱਚੇ ਕੱਲ੍ਹ ਦੇ ਮਹਾਨ ਸਾਹਿਤਕਾਰ ਕਿਓਂ ਨਹੀਂ ਬਣ ਸਕਦੇ?

ਆਓ ਆਪਾਂ ਸਾਰੇ ਰਲਕੇ ਬੱਚਿਆਂ ਪ੍ਰਤੀ ਆਪਣੇ ਬਣਦੇ ਫਰਜ਼ ਪਛਾਣੀਏ ਅਤੇ ਨਿਭਾਈਏ।

ਮੇਰਾ ਇੱਕ ਸ਼ਿਅਰ ਹੈ:-

**ਕਿਤਾਬਾਂ ਬਿਨ ਹੈ ਜ਼ਿੰਦਗੀ**
**ਅਧੂਰੀ,ਕਿਤਾਬਾਂ ਬਿਨ ਨਾ ਪੈਂਦੀ**
**ਪੂਰੀ।**
**ਸਫਲ ਜ਼ਿੰਦਗੀ ਲਈ**
**'ਤਲਵੰਡੀ'ਕਿਤਾਬਾਂ ਪੜ੍ਹਨੀਆਂ**
**ਬਹੁਤ ਜ਼ਰੂਰੀ।**




# ਲਾਲ ਚੂੜਾ ਛਣਕਦਾ-2



ਮੇਰੇ ਮਨ ਦੀਆਂ ਨਜ਼ਰਾਂ ਨੇ ਗਿਆਨ ਚੰਦ ਧਵਨ ਨੂੰ ਉਸੇ ਕਮਰੇ 'ਚ ਬੈਠਾ ਚਿਤਵਿਆ ਤੇ ਮੈਂ ਮਾਤਾ ਨੂੰ ਪੁੱਛਿਆ,

"ਮਾਤਾ ਜੀ, ਧਵਨ ਸਾਹਬ ਇਸ ਕਮਰੇ 'ਚ ਜ਼ਿਆਦਾਤਰ ਕਿੱਥੇ ਬੈਠਦੇ ਸਨ?"

ਮੇਰੀ ਇਹ ਗੱਲ ਸੁਣਦਿਆਂ ਮਾਤਾ ਨੇ ਉਸੇ ਤਖ਼ਤਪੋਸ਼ ਵੱਲ ਧਿਆਨ ਨਾਲ ਵੇਖਿਆ ਜਿਸ ਉੱਪਰ ਉਹ ਬੈਠੀ ਹੋਈ ਸੀ ਤੇ ਫਿਰ ਜੁਆਬ ਦਿੱਤਾ,

"ਬੱਚੇ, ਆਹੀ ਉਹ ਤਖ਼ਤਪੋਸ਼ ਹੈ ਜਿਸ 'ਤੇ ਧਵਨ ਸਾਹਬ ਨੇ ਸਾਰੀ ਉਮਰ ਬਹਿ ਕੇ ਲਿਖਿਆ।" ਇੰਨਾ ਕਹਿੰਦਿਆਂ ਉਨ੍ਹਾਂ ਲੰਬਾ ਸਾਹ ਭਰਿਆ ਜਿਵੇਂ ਕਿ ਬਹੁਤ ਪਹਿਲਾਂ ਦੇ ਸਮੇਂ 'ਚ ਚਲੇ ਗਏ ਹੋਣ। ਉਨ੍ਹਾਂ ਨੂੰ ਚੁੱਪ ਵੇਖਦਿਆਂ ਮੈਂ ਅਗਲਾ ਸੁਆਲ ਪੁੱਛਿਆ,

"ਮਾਤਾ ਜੀ ਉਨ੍ਹਾਂ ਦੇ ਹੱਥ ਲਿਖਤ ਕਾਗਜ਼ ਪਏ ਨੇ ਕਿਧਰੇ?"

ਇਸ ਦੇ ਜੁਆਬ 'ਚ ਮਾਤਾ ਬੋਲੀ, "ਹੁਣ ਆਹ ਪਿੱਛੇ ਜਿਹੇ ਇਸ ਅਲਮਾਰੀ ਨੂੰ ਸਿਉਂਕ (ਦੀਮਕ) ਲੱਗ ਗਈ ਅਤੇ ਕਾਗਜ਼ ਗਲ਼ ਸੜ ਗਏ। ਮੈਂ ਉਹਨਾਂ ਦਾ ਟੋਕਰਾ ਭਰ ਕੇ ਕੂੜੇ 'ਚ ਸੁੱਟ ਦਿੱਤਾ।"

ਕੂੜੇ 'ਚ ਸੁੱਟਣਾ ਸੁਣ ਕੇ ਮੇਰੀ ਭੁੱਬ ਨਿਕਲਣ ਵਾਲੀ ਹੋ ਗਈ। ਰੋਮ-ਰੋਮ ਦਰਦ ਨਾਲ ਵਿੰਨ੍ਹਿਆ ਗਿਆ। ਰੋ ਵੀ ਨਹੀਂ ਸੀ ਸਕਦਾ। ਬਸ, ਸੁਆਲ ਹੀ ਕਰ ਸਕਦਾ ਸੀ। ਮੈਂ ਮਨ ਹੀ ਮਨ ਕਿਹਾ ਕਿ ਅਸਲ 'ਚ ਸਿਉਂਕ ਕਾਗਜ਼ਾਂ ਨੂੰ ਨਹੀਂ, ਪੰਜਾਬੀ ਜ਼ੁਬਾਨ ਦੇ ਵਾਰਸਾਂ ਨੂੰ ਲੱਗ ਚੁੱਕੀ ਹੈ।

ਫਿਰ ਮੈਂ ਅੱਗੇ ਪੁੱਛਿਆ,

"ਮਾਤਾ ਜੀ ਕੋਈ ਹੋਰ ਯਾਦ ਜੋ ਤੁਹਾਡੇ ਚੇਤੇ 'ਚ ਹੋਵੇ?" ਇਸਦੇ ਜੁਆਬ 'ਚ ਉਹ ਬੋਲੀ,

"ਬੱਚੇ, ਮੇਰੀ ਨਵੀਂ ਨਵੀਂ ਸ਼ਾਦੀ ਹੋਈ ਸੀ। ਉਦੋਂ ਅਸਾਂ ਕਿਸ਼ਨਗੰਜ ਦੇ ਕੁਆਰਟਰਾਂ 'ਚ ਰਹਿੰਦੇ ਸਾਂ। ਵਿਆਹ ਤੋਂ ਹਫ਼ਤਾ ਕੁ ਬਾਅਦ ਮੇਰੇ ਪਤੀ ਦਫ਼ਤਰੋਂ ਲੇਟ ਹੋ ਗਏ। ਮੈਂ ਸ਼ਾਮੀਂ ਰੋਟੀ ਬਣਾ ਕੇ ਉਹਨਾਂ ਦੀ ਉਡੀਕ ਪਈ ਕਰਦੀ ਸਾਂ। ਮੈਂ ਇਕ ਦੋ-ਵਾਰ ਦਰਵਾਜ਼ੇ ਵੱਲ ਗਈ ਤੇ ਪਿਤਾ ਜੀ ਨੇ ਮੈਨੂੰ ਇਉਂ ਤੁਰੀ ਫਿਰਦੀ ਨੂੰ ਦੇਖ ਲਿਆ। ਉਹਨਾਂ ਨੇ ਤਾਂ ਮੇਰੇ 'ਤੇ ਈ ਗੀਤ ਲਿਖ ਛੱਡਿਆ।"

ਮੈਂ ਪੁੱਛਿਆ ਕਿ ਮਾਤਾ ਉਹ ਕਿਹੜਾ ਗੀਤ ਸੀ ਤਾਂ ਉਹ ਦੱਸਣ ਲੱਗੇ ਕਿ ਉਹ ਗੀਤ ਸੀ:

ਲੌਂਢੇ ਵੇਲੇ ਮਾਹੀਏ ਆਉਣਾ ਮੰਨ ਪਕਾਵਾਂ ਕਣਕ ਦਾ
ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ

"ਬੇਟਾ ਇਸ ਨੂੰ ਵੀ ਸੁਰਿੰਦਰ ਕੌਰ ਪ੍ਰਕਾਸ਼ ਕੌਰ ਨੇ ਈ ਗਾਇਆ ਸੀ।" ਮਾਤਾ ਨੇ ਦੱਸਿਆ।

ਮਹਾਨ ਕਵੀ ਤੇ ਗੀਤਕਾਰ ਜੀ. ਸੀ. ਧਵਨ ਉਰਫ ਲਾਲਾ ਗਿਆਨ ਚੰਦ ਧਵਨ ਦਾ ਜਨਮ 2 ਮਈ 1902 ਨੂੰ ਤਿੱਲੀਆਂ ਵਾਲੀ ਖੂਹੀ ਵੱਛੋ ਵਾਲੀ ਲਾਹੌਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਮਿਹਰ ਚੰਦ ਧਵਨ ਸੀ। ਸਕੂਲ ਪੜ੍ਹਦੇ ਸਮੇਂ ਉਹਨਾਂ ਨੂੰ ਕਵਿਤਾ ਦੀ ਚੇਟਕ ਲੱਗ ਗਈ। ਗਿਆਨ ਚੰਦ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਲਾਹੌਰ ਤੋਂ ਹੀ ਕੀਤੀ। ਇਸ ਪਿੱਛੋਂ ਉਨ੍ਹਾਂ ਨੂੰ ਲਾਹੌਰ ਰੇਲਵੇ ਸਟੇਸ਼ਨ ਤੇ ਕਲਰਕ ਦੀ ਨੌਕਰੀ ਮਿਲ ਗਈ। ਵੰਡ ਤੋਂ ਬਾਅਦ ਉਹੀ ਰੇਲਵੇ ਦੀ ਨੌਕਰੀ ਕਿਸ਼ਨਗੰਜ ਦਿੱਲੀ ਵਿਖੇ ਤਬਦੀਲ ਹੋ ਗਈ। ਇਵੇਂ ਹੀ ਜਦੋਂ ਉੱਧਰਲੇ ਮਕਾਨ ਬਦਲੇ ਇੱਧਰ ਅਲਾਟਮੈਂਟ ਹੋਣੀ ਸੀ ਤਾਂ ਧਵਨ ਸਾਹਿਬ ਨੂੰ ਸਾਊਥ ਐਕਸ-1 ਦੀ ਮੇਨ ਮਾਰਕਿਟ ਵਿੱਚ 'ਮਹਿਰਾ ਜਵੈਲਰਜ਼' ਦੇ ਬਿਲਕੁਲ ਨਾਲ ਵਾਲੀ ਜੀ-24 ਬਿਲਡਿੰਗ ਅਲਾਟ ਹੋ ਗਈ। ਪਰ ਉਹਨਾਂ ਨੇ ਇਸ ਕੀਮਤੀ ਬਿਲਡਿੰਗ ਨੂੰ ਲੈਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਮੈਂ ਕਵੀ ਆਦਮੀ ਹਾਂ। ਅਤੇ ਇੱਥੇ ਸ਼ੋਰ-ਸ਼ਰਾਬਾ ਬਹੁਤ ਹੈ ਜਿਸ ਕਰਕੇ ਮੈਥੋਂ ਲਿਖਿਆ ਨਹੀਂ ਜਾਣਾ। ਫੇਰ ਉਹਨਾਂ ਨੂੰ ਗਰੇਟਰ ਕੈਲਾਸ਼ ਦੀ ਗਲੀ ਅੰਦਰ, ਸ਼ਾਂਤ ਜਿਹੇ ਇਲਾਕੇ 'ਚ ਮਕਾਨ ਨੰਬਰ ਐੱਚ-27 ਅਲਾਟ ਕਰ ਦਿੱਤਾ ਗਿਆ। ਇਸ ਦਰਮਿਆਨ ਉਹਨਾਂ ਦੀ ਕਲਮ ਨਿਰੰਤਰ ਚੱਲਦੀ ਰਹੀ।

ਧਵਨ ਸਾਹਿਬ ਦੇ ਗੀਤ ਪੰਜਾਬੀ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਧਵਨ ਸਾਹਿਬ ਨੇ ਗੀਤਾਂ ਵਿੱਚ ਆਪਣਾ ਨਾਮ ਪਾਉਣ ਦੀ ਲੋੜ ਨਹੀਂ ਸਮਝੀ। ਇਸੇ ਕਰਕੇ ਹੁਣ ਦੇ ਵਿਦਵਾਨ ਉਹਨਾਂ ਦੇ ਗੀਤਾਂ ਨੂੰ ਲੋਕ-ਗੀਤ ਹੀ ਦੱਸੀ ਜਾ ਰਹੇ ਹਨ।

ਪਾਠਕਾਂ ਦੀ ਜਾਣਕਾਰੀ ਲਈ ਮੈਂ ਕੁੱਝ ਅਜਿਹੇ ਰਿਕਾਰਡਾਂ ਦੀ ਤਫ਼ਸੀਲ ਸਾਂਝੀ ਕਰ ਰਿਹਾ ਹਾਂ, ਜੋ ਮੇਰੀ ਲਾਇਬਰੇਰੀ ਵਿੱਚ ਮੌਜੂਦ ਹਨ ਤੇ ਜਿਹਨਾਂ ਉੱਪਰ ਗੀਤਕਾਰ ਗਿਆਨ ਚੰਦ ਧਵਨ ਦਾ ਨਾਮ ਲਿਖਿਆ ਹੋਇਆ ਹੈ:

ਬਾਜਰੇ ਦਾ ਸਿੱਟਾ ਵੇ ਅਸਾਂ ਤਲੀ ਤੇ ਮਰੋੜਿਆ
ਰੁਠੜਾ ਜਾਂਦਾ ਮਾਹੀਆ ਵੇ ਅਸਾਂ ਗਲੀ ਵਿੱਚੋਂ ਮੋੜਿਆ
ਕਲਾਕਾਰ- ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-94028
ਕੰਪਨੀ- ਐੱਚ.ਐਮ.ਵੀ.

—o—

ਜੁੱਤੀ ਕਸੂਰੀ ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਹਨਾਂ ਰਾਹਾਂ ਦੀ ਮੈਂ ਸਾਰ ਨਾ ਜਾਣਾਂ
ਉਹਨੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ
ਕਲਾਕਾਰ- ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-94034
ਕੰਪਨੀ- ਐੱਚ.ਐਮ.ਵੀ.

—o—

ਧਾਗਾ ਵੇ, ਧਾਗੇ ਦਾ ਰੰਗ ਮਹਿੰਦੀ
ਮੈਂ ਨਾ ਬਾਝ ਤੇਰੇ ਪਲ ਰਹਿੰਦੀ
ਵੈਰੀਆ ਧਾਗਾ ਵੇ
ਧਾਗਾ, ਮੈਂ ਕਰਦੀ ਹਿਜ਼ਰ ਤੇਰੇ ਵਿੱਚ ਜਾਗਾ
ਵੈਰੀਆ ਧਾਗਾ ਵੇ.. ..
ਕਲਾਕਾਰ- ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-94047
ਕੰਪਨੀ- ਐੱਚ.ਐਮ.ਵੀ.

ਅੰਬਰਸਰੇ ਦੀਆਂ ਵੜੀਆਂ ਵੇ ਮੈਂ ਖਾਂਦੀ ਨਾ
ਤੂੰ ਮਰੇਨਾਂ ਛੜੀਆਂ ਹੁਣ ਮੈਂ ਸਹਿੰਦੀ ਨਾ
ਛਣਾ ਛਣਕ, ਤੇਰੀ ਬੋਦੀ ਮੇਰੇ ਹੱਥ,
ਮੇਰੀ ਗੁੱਤ ਤੇਰੇ ਹੱਥ
ਜੇ ਤੂੰ ਰੱਖਣਾ ਏ ਰੱਖ, ਜੇ ਤੂੰ ਛੱਡਣਾ ਏ ਛੱਡ
ਮੈਂਹੀਓ ਤੇਰੇ ਨਾਲ ਵਸੀਆਂ, ਵੇ ਹੋਰ ਕੋਈ ਵਸੇ ਵੀ ਨਾ
ਮੈਂਹੀਓ ਤੇਰੇ ਨਾਲ ਕੱਟੀਆਂ, ਵੇ ਹੋਰ ਕੋਈ ਕੱਟੇ ਵੀ ਨਾ
ਕਲਾਕਾਰ- ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-94030
ਕੰਪਨੀ- ਐੱਚ.ਐਮ.ਵੀ.

—o—

ਉੱਥੇ ਲੈ ਚੱਲ ਚਰਖਾ ਮੇਰਾ ਵੇ ਜਿੱਥੇ ਤੇਰੇ ਹਲ਼ ਚੱਲਦੇ
ਸੱਜਰੀ ਵਿਆਹੀ ਮੇਰਾ ਜੀਅ ਨਹੀਂਓ ਲੱਗਦਾ
ਕਲਾਕਾਰ- ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-94118
ਕੰਪਨੀ- ਐੱਚ.ਐਮ.ਵੀ.

—o—

ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ
ਕੀਤਾ ਮੁੜ੍ਹਕੇ ਪਾਣੀ-ਪਾਣੀ, ਭਿੱਜ ਗਿਆ ਮੇਰਾ ਸੂਟ ਜਪਾਨੀ
ਪਿਘਲੇ ਗਰਮੀ ਨਾਲ ਜਵਾਨੀ, ਮੱਖਣਾਂ ਨਾਲ ਜੋ ਪਾਲ਼ੀ
ਵੇ ਲੈ ਦੇ ਮੈਨੂੰ.. ..
ਕਲਾਕਾਰ- ਪ੍ਰਕਾਸ਼ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE-1869
ਕੰਪਨੀ- ਐੱਚ.ਐਮ.ਵੀ.

—o—

ਲੌਂਢੇ ਵੇਲੇ ਮਾਹੀਏ ਆਉਣਾ ਮੰਨ ਪਕਾਵਾਂ ਕਣਕ ਦਾ
ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ
ਕਲਾਕਾਰ- ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- ECLP-2289
ਕੰਪਨੀ- ਐੱਚ.ਐਮ.ਵੀ.

—0—

ਬੱਲੇ ਬੱਲੇ ਬਈ ਨਵੀਂ ਵਹੁਟੀ ਦੁੱਧ ਰਿੜਕੇ
ਗੋਲ-ਮੋਲ ਸੋਹਣਾ ਮੁੱਖ, ਚੌਧਵੀਂ ਦਾ ਜਿਵੇਂ ਚੰਨ
ਕਲਾਕਾਰ- ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 45-N93322
ਕੰਪਨੀ- ਐੱਚ.ਐਮ.ਵੀ.
ਸਾਲ- 1971

—0—

ਵੇ ਮੁੰਡਿਆ ਅਟਾਰੀ ਦਿਆ
ਪੁੱਤਾ ਪਟਵਾਰੀ ਦਿਆ
ਕੁੜੀ ਮੋਹ ਲਈ ਮੁਰੱਬਿਆਂ ਵਾਲੀ
ਕਲਾਕਾਰ- ਪ੍ਰਕਾਸ਼ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE 1885
ਕੰਪਨੀ- ਐੱਚ.ਐਮ.ਵੀ.

—o—

ਭਾਵੇਂ ਜੇਠ ਤਾਂ ਵਿਆਹੇ ਜਾਣ ਸਾਰੇ
ਦਿਉਰ ਮੈਂ ਕੁਆਰਾ ਰੱਖਣਾ
ਕਲਾਕਾਰ- ਪ੍ਰਕਾਸ਼ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE1885
ਕੰਪਨੀ- ਐੱਚ.ਐਮ.ਵੀ.

ਪ੍ਰਕਾਸ਼ ਕੌਰ, ਸੁਰਿੰਦਰ ਕੌਰ ਦੇ ਗਾਏ ਅਨੇਕਾਂ ਹੀ ਗੀਤਾਂ ਤੋਂ ਇਲਾਵਾ ਇਹਨਾਂ ਦੀ ਨਿੱਕੀ ਭੈਣ ਨਰਿੰਦਰ ਕੌਰ ਨੇ ਵੀ ਧਵਨ ਸਾਹਿਬ ਦੇ ਬਹੁਤ ਗੀਤ ਗਾਏ:

ਛੱਡ ਕੇ ਮਾਪੇ ਪਿੰਡ ਦੀਆਂ ਗਲ਼ੀਆਂ, ਚੱਲੀ ਦੇਸ ਪਰਾਏ ਨੀਂ
ਬਹਿਣ ਲੱਗੇ ਅੱਜ ਡੋਲੀ ਲਾਡੋ, ਚੈਨ ਨਾ ਸਾਨੂੰ ਆਏ ਨੀਂ
ਰੋਵੇ ਮਾਂ, ਰੋਵਣ ਸਭ ਸਖੀਆਂ, ਝੜੀਆਂ ਸਾਉਣ ਦੀਆਂ ਲਾ ਰੱਖੀਆਂ
ਰੋਂਦੇ ਚਾਚੇ ਤਾਏ ਨੀਂ, ਬਹਿਣ ਲੱਗੀ ਅੱਜ ਡੋਲੀ ਲਾਡੋ.. ..
ਕਲਾਕਾਰ- ਨਰਿੰਦਰ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26426
ਕੰਪਨੀ- ਕੋਲੰਬੀਆ

—o—

ਗੋਰੇ-ਗੋਰੇ ਪੈਰਾਂ 'ਚ ਝਾਂਜਰ ਛਣਕਦੇ, ਲਾਇਆ ਏ ਸੋਹਲਾ ਸ਼ਿੰਗਾਰ ਤੂੰ
ਚੱਲੀ ਏਂ ਸੌਹਰੇ ਪਿੰਡ ਅੱਜ ਗੋਰੀ, ਮਾਹੀਏ ਦਾ ਬਣਕੇ ਪਿਆਰ ਤੂੰ
ਵੇਹੜੇ ਵਿੱਚ ਤਾਂ ਬੈਠ ਕੇ ਕੱਠੀਆਂ, ਗੱਲਾਂ ਕਰਦੀਆਂ ਮਿੱਠੀਆਂ-ਮਿੱਠੀਆਂ
ਸੁੱਖ ਸਮੇਂ ਦੀਆਂ ਪਾਵੀਂ ਚਿੱਠੀਆਂ, ਦੇਵੀਂ ਨਾ ਮਨੋਂ ਵਿਸਾਰ ਤੂੰ
ਚੱਲੀ ਏਂ ਸੌਹਰੇ ਪਿੰਡ.. ..
ਕਲਾਕਾਰ- ਨਰਿੰਦਰ ਕੌਰ ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26426
ਕੰਪਨੀ- ਕੋਲੰਬੀਆ

ਆਪਣੇ ਸਮੇਂ ਦੀ ਪ੍ਰਸਿੱਧ ਗਾਇਕਾ ਰਿਪੂਦਮਨ ਸ਼ੈਲੀ ਨੇ ਵੀ ਧਵਨ ਸਾਹਿਬ ਦੇ ਬਹੁਤ ਗੀਤ ਗਾਏ:

ਮੇਰਾ ਡਿੱਗ ਪਿਆ ਕਿਧਰੇ ਝੁਮਕਾ, ਜਲੰਧਰ ਸੈਲ ਕਰੇਂਦੀ ਦਾ
ਸੁਣਕੇ ਝਿੜਕਾਂ ਦਿੰਦਾ ਸੌਹਰਾ, ਹੋ ਗਿਆ ਦਿਉਰ ਡੌਰਾ-ਭੌਰਾ
ਨਾਲੇ ਪਿਆ ਨਣਾਨ ਨੂੰ ਦੌਰਾ, ਕੁੱਝ ਘੜਾ ਢਹਿ ਪਿਆ ਹੱਥੋਂ
ਖੂਹ 'ਤੇ ਪਾਣੀ ਭਰੇਂਦੀ ਦਾ, ਮੇਰਾ ਡਿੱਗ ਪਿਆ.. ..
ਕਲਾਕਾਰ- ਰਿਪੂ ਦਮਨ ਸ਼ੈਲੀ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26435
ਕੰਪਨੀ- ਕੋਲੰਬੀਆ

—o—

ਕੁੜਤੀ ਮੇਰੀ ਛੀਂਟ ਦੀ, ਦੁਪੱਟਾ ਮੇਰਾ ਲਹਿਰੀਆ
ਲੈਣ ਕਾਹਨੂੰ ਆਇਓਂ ਸਾਨੂੰ ਪੇਕੇ ਹੁਣ ਵੈਰੀਆ
ਜਾਹ ਮਾਂ ਦੀਆਂ ਪੱਕੀਆਂ ਖਾ
ਹੁਣ ਢੋਲਾ ਵੇ, ਜਾਂਦਾ ਈ ਤੇਰੇ ਨਾਲ ਸਾਡਾ ਪੋਲਾ ਵੇ
ਕਲਾਕਾਰ- ਰਿਪੂ ਦਮਨ ਸ਼ੈਲੀ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE-1870
ਕੰਪਨੀ- ਐੱਚ.ਐਮ.ਵੀ.

ਗਾਇਕ, ਆਸਾ ਸਿੰਘ ਮਸਤਾਨਾ ਨੇ ਧਵਨ ਸਾਹਿਬ ਦੇ ਪਤਾ ਨਹੀਂ ਕਿੰਨੇ ਕੁ ਗੀਤ ਰਿਕਾਰਡ ਕਰਵਾਏ ਹਨ, ਪਰ ਜਿਹਨਾਂ ਦੇ ਤਵੇ ਮੇਰੇ ਕੋਲ ਮੌਜੂਦ ਹਨ, ਉਨ੍ਹਾਂ ਵਿੱਚੋਂ ਕੁੱਝ ਹਨ:

ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚੱਲ ਮੇਰੇ ਨਾਲ ਕੁੜੇ
ਗਾਇਕ- ਆਸਾ ਸਿੰਘ ਮਸਤਾਨਾ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE-1870
ਕੰਪਨੀ- ਐੱਚ.ਐਮ.ਵੀ.

ਮਰਦ: ਸੁਣ ਸਹਿਤੀਏ ਵੈਰਨੇ ਕਹਿਰਨੇ ਨੀਂ
ਮੰਗਣ ਗਿਆਂ ਨੂੰ ਕੋਈ ਨਾ ਮਾਰਦਾ ਨੀਂ
ਕਰੇਂ ਮਾਣ ਤੂੰ ਰੰਗਪੁਰ ਖੇੜਿਆਂ ਦਾ
ਮੈਂ ਵੀ ਮਾਲਕ ਸਾਂ ਤਖ਼ਤ ਹਜ਼ਾਰ ਦਾ ਨੀਂ
ਔਰਤ: ਜਾਹ ਵੇ ਜੋਗੀਆ ਹੱਟਿਆ ਕੱਟਿਆ ਵੇ
ਜਾਣੇਂ ਜੋਗ ਦੀ ਰੱਤਾ ਤੂੰ ਸਾਰ ਨਾ ਵੇ
ਅੱਖਾਂ ਗੁੰਡੀਆਂ ਬੁੱਲ੍ਹਾਂ 'ਚ ਹਸਨਾਂ ਏਂ
ਮੇਰੀ ਭਾਬੀ ਨੂੰ ਸੈਨਤਾਂ ਮਾਰਨਾਂ ਵੇ
ਗਾਇਕ- ਆਸਾ ਸਿੰਘ ਮਸਤਾਨਾ ਤੇ ਜਗਜੀਤ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26480
ਕੰਪਨੀ- ਕੋਲੰਬੀਆ

—0—

ਔਰਤ: ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀਆਂ
ਮੇਰੇ ਵੱਸ ਥੀਂ ਗੱਲ ਬੇ-ਵੱਸ ਹੋਈ
ਕਾਜ਼ੀ, ਮਾਪਿਆਂ ਸਾਈਆਂ ਬੰਨ੍ਹ ਤੋਰੀ
ਮੈਂਡੀ ਤੈਂਡੜੀ ਦੋਸਤੀ ਬੱਸ ਹੋਈ
ਮਰਦ: ਜੋ ਕੁੱਝ ਵਿੱਚ ਰਜ਼ਾ ਦੇ ਲਿਖ ਛੱਡਿਆ
ਮੂੰਹੋਂ ਬੱਸ ਨਾ ਆਖੀਏ ਭੈੜੀਏ ਨੀਂ
ਸੁੰਞਾ ਸੱਖਣਾ ਚਾਕ ਨੂੰ ਰੱਖਿਆ ਈ
ਡੋਬੀ ਆਸ ਵਾਲੀ ਇਹਦੀ ਬੇੜੀ ਏ ਨੀਂ
ਗਾਇਕ- ਆਸਾ ਸਿੰਘ ਮਸਤਾਨਾ ਤੇ ਜਗਜੀਤ ਕੌਰ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26480
ਕੰਪਨੀ- ਕੋਲੰਬੀਆ

ਸੋਹਣਾ ਵਾਰ 'ਤੇ ਘੜੀ ਸੁਲੱਖਣੀ ਜੇ
ਬੱਧਾ ਦੁਲ੍ਹੇ ਸਿਰ ਅੱਜ ਕਰਤਾਰ ਸੇਹਰਾ
ਗਾਇਕ- ਆਸਾ ਸਿੰਘ ਮਸਤਾਨਾ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-5625
ਕੰਪਨੀ- ਕੋਲੰਬੀਆ

ਆਪਣੇ ਸਮੇਂ ਦੇ ਹਾਸਰਸ ਗਾਇਕ, ਹਜ਼ਾਰਾ ਸਿੰਘ ਰਮਤਾ ਨੇ ਵੀ ਧਵਨ ਸਾਹਿਬ ਦੀਆਂ ਲਿਖੀਆਂ ਹਾਸਰਸ ਕਵਿਤਾਵਾਂ ਗਾਈਆਂ, ਜਿਨ੍ਹਾਂ ਵਿੱਚੋਂ ਇੱਕ ਹੈ:

'ਰਮਤੇ ਦਾ ਵਿਆਹ'
ਗਾਇਕ- ਹਜ਼ਾਰਾ ਸਿੰਘ ਰਮਤਾ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- EKCC-10000
ਕੰਪਨੀ- ਕੋਲੰਬੀਆ ਏਸ਼ੀਆ ਦੇ

ਮਹਾਨ ਕਲਾਕਾਰ, ਮੁਹੰਮਦ ਰਫ਼ੀ ਦੀ ਆਵਾਜ਼ ਵਿੱਚ ਧਵਨ ਸਾਹਿਬ ਦੇ ਦੋ ਗੈਰ-ਫਿਲਮੀ ਗੀਤ ਵੀ ਰਿਕਾਰਡ ਹੋਏ:

ਮੁੰਡੇ ਮਰ ਗਏ ਕਮਾਈਆਂ ਕਰਦੇ
ਨੀਂ ਹਾਲੇ ਤੇਰੇ ਬੰਦ ਨਾ ਬਣੇ

—0—

ਸਾਡੀ ਰੁੱਸ ਗਈ ਝਾਂਜਰਾਂ ਵਾਲੀ
ਤੇ ਸਾਡੇ ਭਾਣੇ ਰੱਬ ਰੁੱਸਿਆ
Singer- Mohd. Rafi
Punjabi Folk Rural
Music- M.L. Sonik
Lyrics- Gyan Chand Dhawan
Record No. N-92978
Company- H.M.V.

ਪੰਜਾਬ ਦੇ ਪੇਂਡੂ ਖੇਤਰ ਦੇ ਬਹੁਤ ਵੱਡੇ ਗਾਇਕ ਮੁਹੰਮਦ ਸਦੀਕ ਦੀ ਆਵਾਜ਼ ਵਿੱਚ ਧਵਨ ਸਾਹਿਬ ਦੇ ਰਿਕਾਰਡ ਹੋਏ ਗੀਤ:

ਝੱਗਾ ਵੇਲ ਦਾ ਤੇ ਉੱਤੇ ਲੱਗੇ ਤਾਰੇ
ਨਾ 'ਕੱਲੀ ਕਿਤੇ ਜਾਈਂ ਬੱਲੀਏ
ਤੇਰੇ ਰੰਗ ਦੇ ਨੇ ਦੁਸ਼ਮਣ ਸਾਰੇ
ਗਾਇਕ- ਮੁਹੰਮਦ ਸਦੀਕ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-93107 (1965)

ਮੇਰਾ ਢੋਲ ਨੀਂ ਮੱਕੀ ਦਾ ਰਾਖਾ, ਡੱਬ ਵਿੱਚ ਲਿਆਵੇ ਛੱਲੀਆਂ

———

ਉਹਦੇ ਢੋਲ ਪਟਿਆਲਿਓਂ 'ਆਂਦਾ, ਗਿੱਧੇ ਵਿੱਚ ਨੱਚਦੀ ਦਾ
ਪਿਆ ਭੁੜਕੇ ਲਾਲ ਪਰਾਂਦਾ
ਗਾਇਕ- ਮੁਹੰਮਦ ਸਦੀਕ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-93152 (1966)

ਬਹੁਤ ਘੱਟ ਸਰੋਤੇ ਜਾਣਦੇ ਹੋਣਗੇ ਕਿ ਮੁਹੰਮਦ ਸਦੀਕ ਨੇ ਦੋ ਕਵਾਲੀਆਂ ਵੀ ਰਿਕਾਰਡ ਕਰਵਾਈਆਂ ਸਨ। ਉਹਨਾਂ ਵਿੱਚੋਂ ਇੱਕ ਕਵਾਲੀ ਉਸਦੀ ਸਹਿ-ਗਾਇਕਾ ਸਵਰਨ ਲਤਾ ਨਾਲ ਸੀ। ਇਹ ਦੋਵੇਂ ਕਵਾਲੀਆਂ ਵੀ ਗਿਆਨ ਚੰਦ ਧਵਨ ਦੀਆਂ ਲਿਖੀਆਂ ਹੋਈਆਂ ਹਨ। ਇਹ ਰਿਕਾਰਡ ਬਹੁਤਾ ਨਹੀਂ ਚੱਲਿਆ ਸੀ ਕਿਉਂਕਿ ਸਦੀਕ ਸਾਹਿਬ ਪੇਂਡੂ ਅਖਾੜਿਆਂ ਦੇ ਧਨੀ ਸਨ ਅਤੇ ਉਸ ਸਮੇਂ ਪੇਂਡੂ ਸਰੋਤੇ ਅਖਾੜਿਆਂ ਵਿੱਚ ਦੋਗਾਣਾ ਗਾਇਕੀ ਦੇ ਜੌਹਰ ਦੇਖਣ ਜਾਂਦੇ ਸੀ। ਕਵਾਲੀਆਂ ਨੂੰ ਪੇਂਡੂ ਸਟੇਜੀ ਪੇਸ਼ਕਾਰੀ ਵਿੱਚ ਬਹੁਤਾ ਪਸੰਦ ਨਹੀਂ ਕੀਤਾ ਜਾਂਦਾ ਸੀ। ਜੋ ਸਟੇਜ 'ਤੇ ਮਕਬੂਲ ਹੁੰਦਾ ਸੀ ਉਹੀ ਰਿਕਾਰਡਾਂ ਰਾਹੀਂ ਸੁਣਿਆ ਜਾਂਦਾ ਸੀ। ਪਾਠਕਾਂ ਦੀ ਜਾਣਕਾਰੀ ਲਈ ਇਨ੍ਹਾਂ ਦੋਵਾਂ ਕਵਾਲੀਆਂ ਦੀਆਂ ਕੁੱਝ ਕੁ ਸਤਰਾਂ ਦੇ ਰਿਹਾ ਹਾਂ:

ਤੂੰ ਇਨ੍ਹਾਂ ਸੋਹਣਿਆਂ ਤੇ ਨਾ ਕਦੀ ਇਤਬਾਰ ਕਰੀਂ
ਤੇ ਮਿੱਟੀ ਜੱਗ 'ਤੇ ਨਾ ਆਪਣੀ ਖੁਆਰ ਕਰੀਂ
ਗਾਇਕ- ਮੁਹੰਮਦ ਸਦੀਕ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE-1860 (1967) ਕੰਪਨੀ- ਐੱਚ.ਐਮ.ਵੀ.

ਔਰਤ: ਪਿੱਛੇ ਸਾਡੇ ਆਉਂਦੇ ਕਾਹਨੂੰ ਸੀਟੀਆਂ ਹੋ ਮਾਰਦੇ
ਮਰਦ: ਪਾ ਲੀਏ ਪਿਆਰ ਆਓ ਵੇਲੇ ਨੇ ਪਿਆਰ ਦੇ
ਗਾਇਕ ਜੋੜੀ- ਮੁਹੰਮਦ ਸਦੀਕ ਤੇ ਸਵਰਨ ਲਤਾ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- 7EPE-1860 (1967) ਕੰਪਨੀ- ਐੱਚ.ਐਮ.ਵੀ.

ਮੁਹੰਮਦ ਸਦੀਕ ਤੋਂ ਇਲਾਵਾ ਸਦੀਕ ਦੇ ਛੋਟੇ ਭਰਾ ਸਰਦਾਰ ਅਲੀ ਦੀ ਆਵਾਜ਼ ਵਿੱਚ ਵੀ ਧਵਨ ਸਾਹਿਬ ਦਾ ਗੀਤ ਰਿਕਾਰਡ ਹੋਇਆ ਹੈ:

ਚੀਕੇ ਚਰਖਾ ਗੋਬਿੰਦੀਏ ਤੇਰਾ
ਤੇ ਲੋਕਾਂ ਭਾਣੇ ਮੋਰ ਕੂਕਦਾ
ਗਾਇਕ- ਸਰਦਾਰ ਅਲੀ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- N-93129 (1965) ਕੰਪਨੀ- ਐੱਚ.ਐਮ.ਵੀ.

ਮੋਹਣੀ ਦੱਤਾ, ਵਿਦਿਆ ਨਾਥ ਸੇਠ, ਕੰਵਰ ਲਾਲ ਅਗਨੀਹੋਤਰੀ, ਕੇ. ਦੀਪ ਸਮੇਤ ਆਪਣੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਧਵਨ ਸਾਹਿਬ ਦੇ ਗੀਤ ਗਾਏ, ਪਰ ਅਫ਼ਸੋਸ ਉਹ ਰਿਕਾਰਡ ਸਾਥੋਂ ਸੰਭਾਲੇ ਨਹੀਂ ਗਏ। ਇਸ ਸੂਚੀ ਦੇ ਆਖਰ 'ਚ ਕੰਵਰ ਲਾਲ ਅਗਨੀਹੋਤਰੀ ਦੀ ਆਵਾਜ਼ ਵਿੱਚ 1960 ਦੇ ਕਰੀਬ ਰਿਕਾਰਡ ਹੋਇਆ ਧਵਨ ਸਾਹਿਬ ਦਾ ਇੱਕ ਗੀਤ ਦੇਖੋ:

ਜਦ ਮੁੰਡਾ ਅੱਖ ਮਿਲਾਵੇ ਤੇ ਕੁੜੀ ਅੱਗੋਂ ਸ਼ਰਮਾਵੇ
ਤਾਂ ਸਮਝੋ ਲੜ ਗਿਆ ਪੇਚਾ
ਜਦਾ ਮੁੰਡਾ ਕਰੇ ਇਸ਼ਾਰੇ, ਤੇ ਲੁੱਕ ਜਾਏ ਕੁੜੀ ਚੁਬਾਰੇ
ਤਾਂ ਸਮਝੋ ਲੜ ਗਿਆ ਪੇਚਾ
ਗਾਇਕ- ਕੰਵਰ ਲਾਲ ਅਗਨੀਹੋਤਰੀ
ਗੀਤਕਾਰ- ਗਿਆਨ ਚੰਦ ਧਵਨ
ਰਿਕਾਰਡ ਨੰਬਰ- GE-26419
ਕੰਪਨੀ- ਕੋਲੰਬੀਆ

ਪਾਠਕੋ! 1960 ਤੋਂ ਪਹਿਲਾਂ ਬਣੇ ਲਾਖ ਦੇ ਰਿਕਾਰਡਾਂ ਉੱਪਰ ਜਾਰੀ ਕਰਨ ਦਾ ਸਾਲ ਨਿਯਮਿਤ ਰੂਪ ਵਿੱਚ ਨਹੀਂ ਲਿਖਿਆ ਜਾਂਦਾ ਸੀ। ਜੋ ਰਿਕਾਰਡਾਂ ਉੱਪਰ ਦਰਜ ਤਫ਼ਸੀਲ ਮੈਨੂੰ ਮਿਲੀ, ਮੈਂ ਉਹੀ ਤੁਹਾਡੇ ਨਾਲ ਸਾਂਝੀ ਕੀਤੀ ਹੈ। ਮੈਨੂੰ ਪਤਾ ਹੈ ਕਿ ਇਹ ਸੂਚੀ ਅਤੇ ਇਹ ਜਾਣਕਾਰੀ ਸੰਪੂਰਨ ਨਹੀਂ ਸਗੋਂ ਬਹੁਤ ਅਧੂਰੀ ਹੈ। ਇੱਥੇ ਹੋਰ ਵੀ ਬੜੀ ਤਫ਼ਸੀਲ ਦਿੱਤੀ ਜਾ ਸਕਦੀ ਹੈ। ਪਰ ਜਿਹਨਾਂ ਗੀਤਾਂ ਨੂੰ ਵਿਦਵਾਨ, ਲੋਕ-ਗੀਤਾਂ ਦਾ ਦਰਜਾ ਦੇ ਰਹੇ ਹਨ ਉਹਨਾਂ ਗੀਤਾਂ ਦੇ ਮੂਲ ਗੀਤਕਾਰਾਂ ਬਾਰੇ ਜਾਣਨ ਦੀ ਕਦੇ ਕਿਸੇ ਨੇ ਲੋੜ ਹੀ ਨਹੀਂ ਸਮਝੀ। ਪੰਜਾਬੀ ਗੀਤਕਾਰੀ ਲਈ ਧਵਨ ਸਾਹਿਬ ਦੀ ਦੇਣ ਖੂਹ ਦੇ ਚੱਕ ਵਾਂਗ ਇੱਕ ਬੁਨਿਆਦ ਦਾ ਰੂਪ ਹੈ। 27 ਫਰਵਰੀ 1987 ਨੂੰ ਧਵਨ ਸਾਹਿਬ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ।

ਬੱਸ ਮੇਰੇ ਹਿੱਸੇ ਦਾ ਤਾਂ ਧਵਨ ਐਨਾ ਹੀ ਸੀ। ਇਹ ਤਾਂ ਰਾਹ ਹੈ। ਇਸਦੀ ਪੈੜ ਤਾਂ ਕੋਈ ਕਾਫ਼ਰ ਖੋਜੀ ਹੀ ਕੱਢੇਗਾ। ਜਿਹੜਾ ਵਕਤ 'ਤੇ ਪਈਆਂ ਧੂੜਾਂ ਨੂੰ ਆਪਣੇ ਤੋਂ ਅਲਿਹਦਾ ਨਹੀਂ ਸਮਝੇਗਾ ਅਤੇ ਰੇਤਿਆਂ ਦੀ ਚਾਦਰ ਹੇਠ ਲੁਕੇ ਗੀਤਾਂ ਦਿਆਂ ਨੇਤਰਾਂ ਵਿੱਚ ਨਵੇਂ ਸਿਰੇ ਤੋਂ ਕੋਈ ਦਮਕਦੀ ਸੁਰਮ-ਸਲਾਈ ਪਾਵੇਗਾ।

---

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਅਮਰੀਕਾ ਵਿੱਚ ਤਾਂ ਨੀ ਧੱਕਾ ਹੋ ਰਹਿਆ, ਉੱਥੇ ਕਿੰਨੇ ਕੁ ਜੱਜ ਲੱਗਗੇ ਜਾਂ ਸੀ ਈ ਓ ਬਣਗੇ ?

ਪਿਛਲੇ ਇੱਕ ਮਹੀਨੇ ਵਿੱਚ ਅਬਜਰਵ ਕੀਤਾ ਪੰਜਾਬ

ਪੰਥ ਖਤਰੇ ਚ, ਪੰਜਾਬ ਖਤਰੇ ਚ, ਪੰਜਾਬੀ ਖਤਰੇ ਚ !

ਇਹਨਾ ਤਿੰਨਾ ਨਾਹਰਿਆਂ ਦੀ ਸਿਆਸਤ ਪੰਜਾਬ ਵਿੱਚ ਵਕਤ ਵਿਹਾਅ ਚੁੱਕੀ ਹੈ ਜੋ ਜ਼ਮੀਨ ਤੇ ਲੱਗਦਾ ਹੈ, ਪੰਥ ਖਤਰੇ ਚ ਪਾਉਣ ਵਾਲੀਆਂ ਹਸਤੀਆਂ ਦਾ ਟਾਵਾਂ ਟੱਲਾ ਪੋਸਟਰ ਦਿਸ ਜਾਂਦਾ ਹਫਤੇ ਦਸੀਂ ਦਿਨੀ ਕਿਸੇ ਕੰਧ ਤੇ ਟੰਗਿਆ ਪਰ ਲੋਕ ਆਪਣੀ ਚਾਲੇ ਤੁਰੇ ਜਾਂਦੇ ਨਜਰੀਂ ਆਂਉਦੇ ਹਨ, ਇਹਨਾ ਦੇ ਵੱਡੇ ਸਮਾਗਮਾਂ ਵਿੱਚ ਹੁੰਦੇ ਇੱਕਠਾ ਨਾਲੋਂ ਵੱਧ ਇੱਕਠ ਸਰਸੇ ਵਾਲੇ, ਬਿਆਸ ਵਾਲੇ ਅਤੇ ਈਸਾਈਆ ਦੇ ਗਲੀ ਮੁਹੱਲੇ ਦੇ ਸਤਸੰਗਾ ਵਿੱਚ ਹੁੰਦਾ ਹੈ ਅੱਜਕੱਲ੍ਹ ।

ਪੰਜਾਬੀ ਹਰ ਗਲੀ, ਨੁੱਕੜ, ਖੰਬੇ ਏਥੋ ਤੱਕ ਕੇ ਅਜੇ ਵੀ ਟੋਇਲਟਾ ਤੇ "ਮਰਦਾ ਲਈ" ਅਤੇ "ਔਰਤਾਂ ਲਈ" ਪੰਜਾਬੀ ਵਿੱਚ ਲਿਖਿਆ ਹੁੰਦਾ ਹੈ ਅਤੇ ਫੋਟੋ ਵੀ ਸਰਦਾਰ ਅਤੇ ਸਿਰ ਢਕੀ ਬੀਬੀ ਦੀ ਲੱਗੀ ਹੁੰਦੀ ਹੈ ।

ਰਹੀ ਗੱਲ ਭਈਆਂ ਦੀ ਤਾਂ ਜਿੰਨਾ ਦੀ ਦੂਜੀ ਜਾਂ ਤੀਜੀ ਪੀਹੜੀ ਪੰਜਾਬ ਵਿੱਚ ਐ ?ਹ ਪਿ?ਰ ਪੰਜਾਬੀ ਬੋਲਦੇ ਨੇ ਅਤੇ ਇੱਕ ਦੂਜੇ ਨਾਲ ਕਾਨਫਲਿਕਟ ਦੀ ਸੂਰਤ ਵਿੱਚ ਦੇਸੀ ਗਾਲਾਂ ਹੀ ਚੱਲਦੀਆਂ ਨੇ ।

ਹਾਂ ! ਗਲੀਆਂ ਸੁੰਨੀਆ ਹੋ ਗਈਆਂ ਨੇ, ਘਰ ਘਰ ਦੇ ਜਵਾਕ ਬਾਹਰ ਚਲੇ ਗਏ ਨੇ ਬਾਕੀ ਲੋਕ ਵੀ ਘਰਾਂ ਅੰਦਰ ਬੰਦ ਰਹਿਣ ਲੱਗ ਪਏ ਨੇ ਕਨੇਡਾ ਅਮਰੀਕਾ ਦੀ ਤਰਾਂ, ਸ਼ਾਇਦ ਪਰਾਈਵੇਸੀ ਵਾਲੇ ਸੱਪ ਨੇ ਏਥੇ ਵੀ ਡੰਗ ਮਾਰਨਾ ਸ਼ੁਰੂ ਕਰ ਦਿੱਤਾ ਹੈ ।

ਗਲੀ, ਗੁਆਂਢ, ਪਿੰਡਾਂ ਵਿੱਚ ਮਜੋਰਟੀ ਸਕੂਲੀ ਜਵਾਕ ਨਜਰੀਂ ਆਉਂਦੇ ਨੇ ਜਾਂ ਜਿੰਨਾ ਦਾ ਬਾਹਰ ਦਾ ਕੋਈ ਜੁਗਾੜ ਹਾਲੇ ਨਹੀ ਲੱਗਾ ।




ਕਿਸੇ ਨਾਲ ਵੀ ਗੱਲ ਕਰੀਏ ਤਾਂ ਨੈਗੇਟਿਵ ਮਾਂਇਡਸੈਟ ਬਣੇ ਪਏ ਨੇ ਕੇ ਪੰਜਾਬ ਵਿੱਚ ਕੁਸ਼ ਨੀ ਰੱਖਿਆ ਹਾਲਾਂਕੇ ਸ਼ਹਿਰਾਂ ਵਿੱਚ ਸਬਜੀ ਫਰੂਟ ਦੀ ਰੇਹੜੀ ਵਾਲੇ ਭਈਏ ਅਤੇ ਹੁਣ ਟਾਂਵੇ ਟਾਂਵੇ ਪੇਂਡੂ ਉੱਦਮੀ ਜਿੰਨਾ ਨੂੰ ਮਾਰਕੀਟਿੰਗ ਆਂਉਦੀ ਐ ਓਹ ਘੱਟੋ ਘੱਟ ਦੋ ਢਾਈ ਹਜਾਰ ਦਿਹਾੜੀ ਪਾ ਕੇ ਉੱਠਦੇ ਨੇ ।

ਨੀਵੇਂ ਪੁਲ੍ਹ ਤੇ ਛੋਟੀ ਜਿਹੀ ਰੇਹੜੀ ਤੋਂ ਕੰਮ ਸ਼ੁਰੂ ਕਰਕੇ ਵੱਡੇ ਰੈਸਟੋਰੇਂਟਾ ਦੇ ਬਣੇ ਮਾਲਕ ਨਾਲ ਸ਼ਾਮ ਦੀ ਗਲਾਸੀ ਲਾਉਣ ਲੱਗਾ ਤਾਂ ਵੀਰ ਕਹਿੰਦਾ ਮੈਂ ਕਨੇਡਾ ਦੀ ਫਾਇਲ ਭਰਨੀ ਐ, ਮਖਿਆ ਕਮਾਈ ਕਿੰਨੀ ਕ ਐ ਤਾਂ ਕਹਿੰਦੇ ਤਿੰਨ ਕ ਲੱਖ ਰੁਪੱਈਆ, ਮਖਿਆ ਵੀਰੇ ਜਿੰਦਗੀ ਦੀ ਸਭ ਤੋਂ ਵੱਡੀ ਗਲਤੀ ਕਰੋਗੇ ਕਿਉਕੇ ਅੱਜਕਲ ਤੁਹਾਡੀ ਕਮਾਈ ਕਨੇਡਾ ਵਾਲੀ ਐ ਅਤੇ ਖਰਚੇ ਇੰਡਿਆ ਵਾਲੇ ਨੇ ਸੋ ਕੇਰਾਂ ਘੁੰਮਣ ਵਾਲਾ ਜੁਗਾੜ ਲਾਵੋ ਤੁਹਾਨੂੰ ਆਪੇ ਪਤਾ ਲਗ ਜਾਣਾ ਪਈ ?ਥੇ ਤਾਂ ਪਤਾ ਹੀ ਨੀ ਲਗਦਾ ਕਦੋਂ ਬੰਦਾ ਆਪਣੀ ਇਨਜੋਏ ਕਰਨ ਵਾਲੀ ਉਮਰ ਏਸੇ ਚੱਕਰ ਚ ਕੱਢ ਦਿੰਦਾ ਕਿ ਪੈਨਸ਼ਨ ਲੱਗੀ ਤੇ ਐਸ਼ ਕਰਾਂਗੇ। ਪਰ ਪੈਨਸ਼ਨ ਨੇੜੇ ਪਹੁੰਚਣ ਤੋਂ ਪਹਿਲਾਂ ਹੀ ਡਾਕਟਰ ਐਸ਼ ਤੋਂ ਰੋਕਣ ਲਗ ਪੈਂਦੇ ਨੇ । ਮੁੱਕਦੀ ਗੱਲ ਬੰਦਾ ਐਸ਼ ਵਾਲੇ ਦਿਨਾ ਦੀ ਉਡੀਕ ਵਿੱਚ ਹੀ ਜ਼ਿੰਦਗੀ ਕੱਢ ਦਿੰਦਾ ਹੈ ।

ਬਾਕੀ ਲੋਕ ਪੈਸੇ ਖਰਚਣ ਲੱਗ ਪੇ, ਕਨੇਡਾ ਅਮਰੀਕਾ ਦੇ ਫਾਈਵ ਸਟਾਰਾਂ ਦਾ ਢੂਹਾ ਭੰਨਦੇ ਹੋਟਲ ਛੋਟੇ ਸ਼ਹਿਰਾਂ ਚ ਖੁੱਲਗੇ। ਅਮਰੀਕਨ ਯੂਰਪੀਨ ਵਿਸਕੀਆ ਸਕਾਚਾਂ ਤਾਂ ਰੋਲਦੇ ਨੇ ਲੋਕ ਏਥੇ ਹੁਣ ।

ਇੱਕ ਤੰਦਰੁਸਤ ਭਿਖਾਰੀ ਨੂੰ ਸੌ ਰੁਪਏ ਦੀ ਭੀਖ ਦਾ ਲਾਲਚ ਦੇਕੇ ਉਸਦੀ ਕਮਾਈ ਪੁੱਛੀ ਤਾਂ ਕਹਿੰਦਾ ਮਹੀਨੇ ਦਾ ਪੱਚੀ ਤੀਹ ਹਜਾਰ ਬਣ ਜਾਂਦਾ, ਖਾਣਾ ਪੀਣਾ ਵੀ ਮੰਗ ਕੇ ਸਰ ਜਾਂਦਾ, ਟੈਕਸ ਕੋਈ ਨਹੀ ਭਰੀਦਾ ਬਸ ਬੱਚਤ ਹੀ ਬੱਚਤ ਐ ।

ਜਿਆਦਾਤਰ ਹੁਣ ਲੋਕ ਕਾਰ ਖਰੀਦਣ ਲੱਗੇ ਇਹ ਘੱਟ ਈ ਦੇਖਦੇ ਨੇ ਕੇ ਪਟਰੋਲ ਵਾਲੀ ਐ ਜਾਂ ਡੀਜਲ ਵਾਲੀ ਐ ।

ਹਾਂ ਜਿੰਨਾ ਦੀ ਸੂਈ ਹਜੇ ਵੀ 2012 ਕੁ ਤੋਂ ਪਹਿਲਾਂ ਦੇ ਸਾਲਾਂ ਵਿੱਚ ਅਟਕੀ ਹੋਈ ਐ ਓਹ ਬੰਦੇ ਨਾ ਤਾਂ ਅੱਗੇ ਵਧੇ ਹੋਣਗੇ ਅਤੇ ਨਾ ਵਧ ਸਕਣਗੇ ਕਿਉਕਿ ?ਨਾ ਨੂੰ ਗਰੋਇੰਗ ਇੱਕਾਨੋਮੀ ਲਫਜ ਨੂੰ ਅਕਸੈਪਟ ਕਰਨਾ ਹੀ ਨਹੀ ਆਇਆ ਪਰ ਜੇਕਰ ਇਸਨੂੰ ਸਵੀਕਾਰ ਕਰ ਲੈਂਦੇ ਤਾਂ ਸ਼ਾਇਦ ਟਰਾਲੀਆਂ ਤੇ ਬਣੇ ਚਲਦੇ ਫਿਰਦੇ ਰੈਸਟੋਰੈਂਟਾ ਵਰਗੇ ਉਦਮ ਕਰਕੇ ਅੱਗੇ ਵਧ ਜਾਂਦੇ ।

ਪਹਿਲਾਂ ਮੀਟ ਮੁਰਗਾ ਵਿਆਹ ਸ਼ਾਦੀ 'ਤੇ ਚੱਲਦਾ ਸੀ ਪਰ ਹੁਣ ਤਾਂ ਹਰ ਦੋ ਚਾਰ ਸੌ ਮੀਟਰ ਤੇ ਨੌਨਵੈਜ ਸਪੈਸ਼ਲ ਰੈਸਟੋਰੇਂਟ ਖੁੱਲੇ ਨੇ, ਮੋਗੇ ਵਰਗੇ ਸ਼ਹਿਰ ਵਿੱਚ ਦਿੱਲੀ ਹੈਦਰਾਬਾਦ ਤੋਂ ਆਕੇ ਬੰਦੇ ਰੈਸਟੋਰੈਂਟ ਖੋਲਕੇ ਬੈਠੇ ਨੇ ਅਤੇ ਦਿੱਲੀ ਚਿਕਨ ਨਾਲ ਹੈਦਰਾਬਾਦੀ ਬਰਿਆਨੀ ਪਰੋਸ ਰਹੇ ਨੇ ।

ਐਨ ਐਚ ਏ ਆਈ ਹਾਈਵੇਅ 'ਤੇ ਹਰ ਤੀਹ ਚਾਲੀ ਕਿਲੋਮੀਟਰ ਤੇ ਕਨੇਡਾ ਅਮਰੀਕਾ ਨਾਲੋ ਵੱਡੇ ਸਾਇਜ ਦੇ ਮੈਕਡੌਨਲਡ, ਕੇ ਐਫ ਸੀ, ਬਰਗਰਕਿੰਗ, ਸਬਵੇਅ ਸਮੇਤ ਲਗਭਗ ਸਾਰੇ ਪੱਛਮੀਂ ਰੈਸਟੋਰੇਂਟ ਮਿਲ ਜਾਂਦੇ ਨੇ ਅਤੇ ਯਕੀਨ ਮੰਨਿ? ਕਨੇਡਾ ਅਮਰੀਕਾ ਤੋਂ ਵੱਡਾ ਮੈਨਿਊ ਐ ਸਭ ਕੋਲ ਅਤੇ ਸਵਾਦ ਵੀ ਬਹੁਤ ਤਰਾਂ ਦੇ ਨੇ। ਬਾਕੀ ਕੁੱਝ ਹਾਈਵੇਜ ਤੇ ਤਾਂ ਅਮਰੀਕਾ ਵਾਂਗੂ ਰੈਸਟ ਏਰੀਆ ਟਾਇਪ ਸਿਸਟਮ ਵੀ ਬਣਿਆ ਹੋਇਆ ਪਰ ਸਾਂਭ ਸੰਭਾਲ ਦੀ ਕਮੀਂ ਕਰਕੇ ਹਾਲਾਤ ਅਲਬਰਟਾ ਸਸਕੈਚਵਨ ਬਾਰਡਰ ਵਾਲੇ ਰੈਸਟ ਏਰੀਆ ਵਾਲੀ ਐ ।

ਪੰਜਾਬ ਖਤਰੇ ਚ ਸਿਰਫ ਸੋ ਕਾਲਡ ਪੰਥਕਾਂ ਦੇ ਮੂੰਹੋ ਸੁਣਨ ਨੂੰ ਮਿਲਦੈ। ਪਰ ਸੱਚ ਜਾਣਿਓ ਇਹ ਫੇਸਬੁੱਕ ਤੇ ਹੀ ਐ, ਜਮੀਨ ਤੇ ਜਦੋ ਕਿਤੇ ਕੋਈ ਏਦਾਂ ਦੀ ਗੱਲ ਕਰਦਾ ਲੋਕ ਜਾਂ ਤਾਂ ਓਹਦੇ ਕੋਲੋ ਉਠਕੇ ਚਲੇ ਜਾਂਦੇ ਨੇ ਜਾਂ ਟੋਕ ਦਿੰਦੇ ਨੇ ।

ਕੁੱਲ ਮਿਲਾਕੇ ਪੰਜਾਬ ਪਹਿਲਾਂ ਨਾਲੋ ਵੀ ਵਧੀਆ ਅਤੇ ਖੁਸ਼ਹਾਲ ਵਸਦਾ ਐ, ਛੱਡ ਕੇ ਜਾਣ ਵਾਲਿਆ ਕੋਲੇ ਬਹਾਨੇ ਨੇ। ਕਿਉਕਿ ਕੰਪੀਟੀਸ਼ਨ ਦਾ ਦੌਰ ਆ ਰਹਿਆ ਅਤੇ ਆਪਣੇ ਆਲੇ ਕੰਪੀਟੀਸ਼ਨ ਲੜਨ ਦੀ ਆਦਤ ਤਿੰਨ ਦਹਾਕੇ ਪਹਿਲਾਂ ਛੱਡ ਚੁੱਕੇ ਨੇ , ਨਹੀ ਜੇ ਪੰਜਾਬ ਚ ਧੱਕਾ ਹੁੰਦਾ ਤਾਂ ਕਨੇਡਾ, ਅਮਰੀਕਾ ਵਿੱਚ ਤਾਂ ਨੀ ਧੱਕਾ ਹੋ ਰਹਿਆ, ਓਥੇ ਕਿੰਨੇ ਕ ਜੱਜ ਲੱਗਗੇ ਜਾਂ ਸੀ ਈ ਓ ਬਣਗੇ, ਬਸ ਲੇਬਰ ਕਲਾਸ ਬਣਗੇ । ਹਰ ਜਗਾ ਕਿਉਕਿ ਐਮ ਐਸ ਪੀ ਤੇ ਵੇਚ ਵੇਚ ਸਕਿਉਰ ਇਨਕਮ ਦੀ ਆਦਤ ਪੈ ਗਈ ਅਤੇ ਮੈਂ ਸਮਝਦਾ ਪੰਜਾਬ ਨੂੰ ਸ਼ਾਇਦ ਇਸ ਤਰਾਂ ਦੀ ਸੋਚ ਦੀ ਜਰੂਰਤ ਵੀ ਨਹੀ ਐ ਕਿਉਕਿ ਪੰਜਾਬ ਸ਼ੁਰੂ ਤੋਂ ਇੰਡੀਅਨ ਸਬਕਾਂਟੀਨੈਂਟ ਦਾ ਸਭ ਤੋਂ ਪਰੋਗਰੈਸਿਵ ਖਿੱਤਾ ਰਹਿਆ, ਨਾ ਕਿ ਇੱਕ ਜਗਾ ਬੈਠਣ ਜਾਂ ਸਰਕਾਰਾਂ ਮੂਹਰੇ ਹੱਥ ਅੱਡਣ ਵਾਲਾ। ਸੋ ਡੱਬੇ ਵਿੱਚ ਬੰਦ ਮਾਨਸਿਕਤਾ ਕਨੇਡਾ ਅਮਰੀਕਾ ਜਾ ਕੇ ਹੀ ਖੁੱਲ ਸਕਦੀ ਐ ।

ਹਾਂ ! ਸਿਆਸਤ ਪਹਿਲਾਂ ਤੋਂ ਵੀ ਬਹੁਤ ਭਾਰੂ ਹੋ ਚੁੱਕੀ ਲੋਕਾਂ ਉੱਪਰ, ਲੋਕ ਜਿਆਦਾਤਰ ਵਰਤ ਵਰਤਾਅ ਇਲੈਕਸ਼ਨਾ ਨੂੰ ਲੈ ਕੇ ਰੱਖਦੇ ਨੇ ਕੇ ਇਹ ਮੇਰੇ ਵੱਲ ਹੋਊ ਜਾਂ ਵਿਰੋਧੀ ਧਿਰ ਵੱਲ, ਜਿਸ ਕਰਕੇ ਇਖਲਾਕੀ ਤੌਰ ਤੇ ਗਿਰਨ ਵਾਲੇ ਲੋਕਾਂ ਦੀ ਵੀ ਬਹੁਤ ਭਰਮਾਰ ਐ ਖਾਸਕਰ ਪਿੱਛੇ ਜਿਹੇ ਪੰਥ ਖਤਰੇ ਚ ਪਾਉਣ ਵਾਲੀਆ ਦੋ ਘਟਨਾਵਾਂ ਤੋਂ ਬਾਅਦ ।

ਅਖੀਰ ਵਿੱਚ ਪੰਜਾਬ ਤੇ ਪੰਜਾਬੀ ਹੀ ਰਾਜ ਕਰਨਗੇ ਅਤੇ ਕਨੇਡਾ ਤੇ ਕਨੇਡੀਅਨ ਮਤਲਬ ਜੇ ਭਈਏ ਪੰਜਾਬ ਆਗੇ ?ਹ ਦੋ ਕ ਪੀਹੜੀਆਂ ਤਕ ਪੰਜਾਬੀ ਬਣ ਜਾਣਗੇ ਅਤੇ ਕਨੇਡਾ ਗਏ ਪੰਜਾਬੀ ਦੋ ਕੁ ਪੀਹੜੀਆਂ ਤੱਕ ਪਰਾਊਡ ਕਨੇਡੀਅਨ ਬਣ ਜਾਣਗੇ, ਇਸੇ ਨੂੰ ਸਿਵੀਲਾਈਜਡ ਮਾਈਗਰੇਸ਼ਨ ਕਹਿੰਦੇ ਨੇ ।



(ਮਹਿੰਦਰਪਾਲ ਸਿੰਘ ਬਰਾੜ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਧੰਨਵਾਦ ਸਹਿਤ ਕਾਪੀ ਕੀਤਾ )

---




# ਸੋ ਅਸੀਂ ਨਹੀਂ ਬਣਨਾ ਡੀ ਸੀ -ਭੂ ਸੀ

ਵਿਕ ਗਏ ਖ਼ੁਦ ਅਸੀਂ ਜੂਨ ਸੁਆਰਨ ਦੇ ਲਈ,
ਕਰਜ਼ ਚੁਕਦੇ ਜੋ ਰਹੇ ਕਰਜ਼ ਉਤਾਰਨ ਦੇ ਲਈ।
ਰੁਲ਼ ਗਏ ਧੂੜ ਸਮੇ ਦੀ ਚ ਅਸੀਂ ਕਿ,
ਸਾਨੂੰ ਪੇਸ਼ ਕਰਦੇ ਸੀ ਕਦੇ ਲੋਕ ਉਦਾਹਰਨ ਦੇ ਲਈ।
(ਅਗਿਆਤ)

ਲੈਰੀ ਉਮਰੇ ਜਦ ਦੇਹੀ ਮੌਲਦੀ ਹੈ, ਸੋਚਾਂ ਕਰਵਟ ਲੈਂਦੀਆਂ ਹਨ, ਬਦਲ ਰਹੀ ਸੂਝ ਅਤੇ ਸਿਆਣਪ ਅਨੁਸਾਰ ਦੁਆਲ਼ੇ ਨਿਭਦੇ ਲੋਕਾਂ ਵਿੱਚੋਂ ਹੀ ਕਿਸੇ ਇੱਕ ਵਰਗਾ ਬਨਣ ਦੀ ਰੀਝ ਮਚਲਦੀ ਹੈ। ਮੈਨੂੰ ਯਾਦ ਹੈ ਜਦ ਸਾਡੇ ਦੁਆਲ਼ੇ ਇਹ ਰੁੱਤ ਮੰਡਰਾ ਰਹੀ ਸੀ ਤਾਂ ਬਜ਼ੁਰਗ ਮਾਵਾਂ ਮੂੰਹੋਂ ਸੁਣੇ ਵਿਸ਼ੇਸ਼ ਨਾਮ ਹੀ ਰੋਲ ਮਾਡਲ ਸਨ। ਜਿਨ੍ਹਾਂ ਮਹਾਂਪੁਰਸ਼ਾ ਨੇ ਇਤਿਹਾਸ ਦੀ ਹਿੱਕ ਤੇ ਪੈੜ ਕਰਨ ਦੀ ਜੁਰਅਤ ਕਦੇ ਬਟੋਰੀ ਹੋਣੀ। ਉਸ ਦੇ ਗੁਣ ਪਾ ਲੈਣ ਦੀ ਰੁਚੀ ਪਲਦੀ ਹੈ। ਸਾਡੇ ਵੇਲ਼ੇ ਹੋਰਨਾ ਦੀ ਹੋਈ ਬੀਤੀ ਨੂੰ ਵੀ ਗਹੁ ਨਾਲ਼ ਵੇਖਣ ਦੀ ਪਿਰਤ ਸੀ। ਮਾਪੇ, ਅਧਿਆਪਕ ਜਾਂ ਕਿਤਾਬਾਂ ਤੋਂ ਜਾਂ ਅਤੀਤ ਦੇ ਸਫ਼ਿਆਂ ਤੋਂ ਪੜ੍ਹੇ ਯੁਗਪੁਰਸ਼ ਵੀ ਵਿਸ਼ੇਸ਼ ਸਨ। ਫੇਰ ਸਮੇ ਨਾਲ਼ ਨਿਭਦੇ, ਦੁਆਲ਼ੇ ਵਿਚਰਦੇ ਲੋਕਾਂ ਵਿੱਚੋਂ ਹੀ ਲੋਕ-ਨਜ਼ਰਾਂ ਵਿਚ ਪ੍ਰਵਾਨਗੀ ਪਾ ਰਿਹਾ ਸਖ਼ਸ਼ ਰੋਲ ਮਾਡਲ ਬਣਦਾ ਰਿਹਾ ਹੈ। ਉਸ ਸਖ਼ਸ਼ ਦਾ ਕਿਰਦਾਰ, ਸੁਭਾਅ, ਵਰਤਾਰਾ, ਬੋਲ, ਪਹਿਰਾਵਾ ਆਦਿ ਸਭ ਦੀ ਨਕਲ ਕਰਨ ਨੂੰ ਹੀ ਜੀਅ ਕਰਦਾ ਹੈ। ਉਹੀ ਰੋਲ ਮਾਡਲ ਹੈ। ਇਹ ਜ਼ਰੂਰੀ ਨਹੀਂ ਕਿ ਉਹੀ ਰੋਲ ਮਾਡਲ ਸਾਡੇ ਚੇਤੇ ਤੇ ਸਦਾ ਲਈ ਪਸਰਿਆ ਰਹੇ। ਜਦ ਪਛਾਣ ਦੀ ਸੋਝੀ ਆ ਜਾਵੇ ਜਾਂ ਹੁਣ ਤੱਕ ਚਿਤਵੇ ਰੋਲ ਮਾਡਲ ਦੀ ਕੋਈ ਝੌਲ਼ ਨਜ਼ਰ ਆ ਜਾਵੇ ਤਾਂ ਪਾਲ਼ੇ ਵਿਸ਼ਵਾਸ਼ਾਂ ਦੀਆਂ ਤੇੜਾਂ ਵਿਚ ਚੀਸ ਉਭਰਦੀ ਹੈ। ਮਨ ਉਲ਼ਾਂਭਾ ਪਾਲਦਾ ਹੈ –

ਉਹ ਜੋ ਰੌਸ਼ਨ ਗੱਲ ਕਰਦਾ ਹੈ
ਉਹ ਆਪ ਨਿੱਤ ਨ੍ਹੇਰੇ ਦੀ ਹਾਜ਼ਰੀ ਭਰਦਾ ਹੈ। (ਜੋਗੀ)

ਵਿਸ਼ਵਾਸ਼ ਨੂੰ ਜਰਬ ਆਉਂਦੀ ਹੈ। ਰੋਲ ਮਾਡਲ ਦਾ ਤਿੜਕਣਾ ਮਨ ਨੂੰ ਠੇਸ ਲਾਉਂਦਾ ਹੈ। ਮੈਨੂੰ ਅਫਸੋਸ ਹੈ ਕਿ ਸਾਡੀ ਪੀੜ੍ਹੀ ਆਪ ਰੋਲ ਮਾਡਲ ਨਹੀਂ ਬਣ ਸਕੀ ਜਿਵੇਂ ਸਾਨੂੰ ਪਹਿਲੀ ਪੀੜ੍ਹੀ ਤੋਂ ਧਰਵਾਸ ਮਿਲਦਾ ਰਿਹਾ ਹੈ। ਇਸ ਲਈ ਉਸਰ ਰਹੀ ਪਨੀਰੀ ਦੇ ਸੁਪਨੇ ਤਿੜਕੇ ਹਨ। ਉਹ ਟੁੱਟੇ ਵਿਸ਼ਵਾਸ਼ ਦੇ ਕਚਰੇ ਨੂੰ ਸਮੇਟਣ ਦਾ ਹੀਲਾ ਕਰਦੇ ਹਨ। ਰੱਬ ਉਨ੍ਹਾਂ ਨੂੰ ਰੋਲ ਮਾਡਲ ਵਾਂਗ ਉਸਰਨ ਦਾ ਬਲ ਬਖ਼ਸ਼ੇ। ਕੋਈ ਨਾ ਕੋਈ ਰੋਲ ਮਾਡਲ ਜ਼ਰੂਰੀ ਹੈ। ਇਸ ਨਾਲ਼ ਚੰਗੇ ਮੰਦੇ ਦੀ ਪੁਣ ਛਾਣ ਆ ਜਾਂਦੀ ਹੈ। ਦੂਜਾ ਜਿਉਣ ਦੀ ਲਾਲਸਾ ਅਤੇ ਅੱਗੇ ਵਧਣ ਨੂੰ ਹੁਲਾਰਾ ਮਿਲਦਾ ਹੈ। ਇਹ ਹੋਰ ਜਿਉਣ ਦੀ ਆਸ ਤੇ ਧਰਵਾਸ ਹੈ। ਪਰ ਹੁਣ ਮੰਡੀਹਰ ਨੇ ਆਪਣਾ ਰੋਲ ਮਾਡਲ ਗਾਇਕਾਂ, ਐਕਟਰਾਂ, ਨਾਇਕਾਂ ਜਾਂ ਗੈਂਗ ਟੱਬਰ ਪਾਲ਼ੇ ਹਨ। ਅਜਿਹਾ ਰੋਲ ਮਾਡਲ ਰੋਲ਼ ਕੇ ਵੀ ਰੱਖ ਦਿੰਦਾ ਹੈ। ਮੋਢਿਆਂ ਤੋਂ ਦੀ ਥੁਕਦੀ ਅਜਿਹੀ ਪਨੀਰੀ ਗਲ਼ ਵਿਚ ਮੋਟੀ ਸੰਗਲ਼ੀ, ਕੰਨਾਂ ਵਿਚ ਮੁੰਦਰਾਂ, ਸਿਰ ਤੇ ਆਲ੍ਹਣੇ ਜਿਹੇ ਵਾਲ਼, ਡੌਲ਼ੇ ਤੇ ਖੰਡਾ ਖੁਣਵਾ ਕੇ ਆਮ ਹੀ ਦੇਖੀ ਜਾ ਸਕਦੀ ਹੈ। ਪਰ ਪਿੱਛੇ ਜਿਹੇ ਕਿਸਾਨ ਅੰਦੋਲਨ ਨੇ ਸਾਡੀ ਜਵਾਨ ਪੀੜ੍ਹੀ ਨੂੰ ਹੋਰਨਾ ਦੇ ਕੰਮ ਆਉਣ ਵਾਲ਼ੇ , ਕਿਸੇ ਖਾਸ ਕਾਰਣ ਲਈ ਮਰਨ ਤੱਕ ਨੂੰ ਤਿਆਰ ਅਤੇ ਮਿਹਨਤੀ ਰੋਲ ਮਾਡਲ ਵੀ ਉਸਾਰੇ ਹਨ। ਸਮਾਜਿਕ ਪ੍ਰਵਾਨਗੀ ਤਕ ਅਪੜੇ ਲੋਕ ਹੀ ਰੋਲ ਮਾਡਲ ਬਣ ਕੇ ਉਭਰਦੇ ਹਨ। ਸਭ ਲੋਕ ਆਪੋ ਆਪਣੇ ਤਜਰਬੇ ਅਨੁਸਾਰ ਜਾਂ ਦੁਆਲ਼ੇ ਨਿਭਦੀ ਜ਼ਿੰਦਗੀ ਅਨੁਸਾਰ ਹੀ ਰੁਚੀਆਂ ਅਤੇ ਰੋਲ ਮਾਡਲ ਬਦਲਦੇ ਹਨ। ਇੱਕ ਦਿਲਚਸਪ ਵਾਰਤਾ ਇਸ ਦੀ ਪੁਸ਼ਟੀ ਵਜੋਂ ਪੇਸ਼ ਹੈ – ਇੱਕ ਵਾਰੀ ਕਿਸੇ ਡੀ. ਸੀ. ਦੇ ਘਰ ਦੇ ਸਾਹਮਣੇ ਪਟਵਾਰੀ ਨੇ ਘਰ ਪਾ ਲਿਆ। ਗਲ਼ੀ ਵਿਚ ਕੁਲਫੀ ਵਾਲ਼ਾ ਆਇਆ। ਪਟਵਾਰੀ ਦੇ ਜੁਆਕ ਕੁਲਫੀ ਖਾਣ ਲੱਗੇ। ਡੀ. ਸੀ. ਦੀ ਘਰ ਵਾਲ਼ੀ ਨੇ ਆਪਣੇ ਬੱਚਿਆਂ ਨੂੰ ਗਲ਼ਾ ਖਰਾਬ ਹੋਣ ਦੇ ਡਰੋਂ ਮਨ੍ਹਾ ਕਰ ਦਿੱਤਾ। ਫੇਰ ਮਰੂੰਡੇ ਵਾਲ਼ਾ ਆਇਆ। ਡੀ. ਸੀ. ਕਹੇ ਇਹ ਗਲਤ ਖਾਣਾ ਨਹੀਂ ਖਾਣਾ। ਫੇਰ ਬਾਂਦਰ ਵਾਲ਼ਾ ਆਇਆ। ਪਟਵਾਰੀ ਦੇ ਜੁਆਕ ਉਸ ਨਾਲ਼ ਖੇਡਦੇ ਹਸਦੇ ਰਹੇ। ਡੀ. ਸੀ. ਕਹੇ ਤੁਸੀਂ ਗੰਦੇ ਲੋਕਾਂ ਤੋਂ ਦੂਰ ਰਹੋ। ਇੱਕ ਦਿਨ ਡੀ. ਸੀ. ਬੱਚਿਆਂ ਨੂੰ ਘੁੰਮਣ ਫਿਰਨ ਲਈ ਲੈ ਗਿਆ ਤੇ ਪੁੱਛਿਆ ਕਿ ਤੁਸੀਂ ਵੱਡੇ ਹੋ ਕੇ ਕੀ ਬਣੋਗੇ। ਬੱਚਿਆਂ ਨੇ ਕਿਹਾ – ਅਸੀਂ ਪਟਵਾਰੀ ਬਣਾਂਗੇ।

ਡੀ. ਸੀ. ਆਖੇ ਕਿੰਨੇ ਮਹਿੰਗੇ ਸਕੂਲ ਪੜ੍ਹ ਕੇ ਤੁਸੀਂ ਡੀ. ਸੀ. ਕਿਉਂ ਨੀਂ ਬਣਨਾ ? ਬੱਚਿਆਂ ਨੇ ਕਿਹਾ ਕਿ ਪਟਵਾਰੀ ਦੇ ਬੱਚੇ ਸਾਡੇ ਨਾਲ਼ੋਂ ਆਜ਼ਾਦ ਹਨ, ਗਲ਼ੀ ਵਿਚ ਖੇਡਦੇ ਹਨ, ਸਾਡੇ ਤੋਂ ਵੱਧ ਤਾਕਤਵਰ ਹਨ, ਸੋ ਅਸੀਂ ਨਹੀਂ ਬਣਨਾ ਡੀ. ਸੀ. -ਭੂ ਸੀ।



www.canadacommercialrealty.ca

**Francis Lee**
Associate Broker / REALTOR ®
Cell: (403) 680-6130
O: (403) 278-8899

REALTOR
Canyon Creek
MaxWell

CANADA COMMERCIAL REAL ESTATE

MaxWell Canyon Creek
#203, 20 Sunpark Plaza SE Calgary, AB T2X 3T2
E-mail: francislee@canadacommercialrealty.ca

Maxwell Canyon Creek
Associate Broker
IC&I Full Commercial Member

Francis Lee is highly trained *Commercial Professional* providing outstanding services with clients looking for commercial properties and business

## ਦੇਖੋ,ਇਸ ਹਫਤੇ ਕਿੰਨੇ ਬਿਜਨਿਸ ਵਿਕਾਊ ਹਨ,ਜੇ ਚਾਹੋ ਤਾਂ ਤੁਸੀਂ ਵੀ ਕਨੇਡਾ ਵਿਚ ਬਿਜਨਿਸਮੈਨ ਬਣ ਸਕਦੇ ਹੋ!

**EXCEPTIONALLY WELL-LOCATED TRUCK STOP**
Asking: $30,000,000 Revenue 2022 : $55,965,918 ,Gas Liter 2022 : 27,720,000 -
- Comprises of a gas station, card lock, C - store, leased franchise restaurant with 16 Acres land which was s built in 2019 and additional 7 Acres development potential is significant.

**APARTMENT & FULL SERVICE FRANCHISE HOTEL**
Asking: $21,500,000, Revenue (Rental: $1,252,560, Hotel:$2,944,266
-88 rooms bachelor suite, 124 rooms of the hotel, 8 meeting rooms.
in this city

**HIGHEND EXTENSION STAY FRANCHISE HOTEL**
Asking: $19,900,000, Revenue ( 2023: $3,917,744 ) NOI (2023 : $1,507,195)
Popular national branding flag with rare extended stay, 121-rooms that was built in 2017 with 2.26 Acres located within a major metropolitan area.

**HILTON FRANCHISE HOEL WITH LEASED REASTAURANT**
Asking: $17,500,000, Revenue: (2023: $4,024,601, 2022:$3,634,128,
121 Rooms, 3 meeting room and leased restaurant (9,000/m) situated 2.87 Acres which was built in 2015.

**BEST WESTERN PLUS FRANCHISE HOTEL WITH LEASED RETAURANT (C/S)**
Asking: $15,370,000, Revenue (2023: $3,973,637), NOI (2023: $1,396,000)
- Four-story limited-service hotel 105 guest rooms, pool with waterslide, a 5,250 Sqft freestanding restaurant and 2.47 Acres land located at big city Alberta .

**GREAT CASH FLOW HOTEL IN CENTRAL AB**
Asking $14,790,000, Revenue 2022: $4,602,995 (Room: $4,287,453, Rental: $315,542) , 2023 :$3,952,342(11 months), NOI 2022 :$2,692,961
-138 room. Leased restaurant, Lounge, and free-standing building Liquor store
situated on 4.23 Acres land.

**STRONG CASH FLOW BEST WESTERN PLUS HOTEL**
Asking: $13,490,000, Revenue: (2022: $3,279,814 ,2023 : $4,092,277, ), NOI (2022: $1,402,801, 2023: $1,946,781)
-96 guest rooms limit service hotel situated 2.54 Acres land which was built in 2013 .

**BEST WESTERN PLUS HOTEL**
Asking: $12,700,000, Revenue (Year end March 31 2023: $3,168,812)
NOI : $1,188,58388 rooms, 2 elevators with 3acres land which was built in 2013 located at very busy heavy major industry in major Hwy.

**FRANCHISE HOTEL AT RESORT AREA**
Asking: $13,250,000, Revenue (Year End April 30) 2022:$3,094,502 , 2023: $3,652,872 ,2023 January to October (10months) : $3,393,301
NOI 2022: $1,556,707, 2023 : $1,665,729
- 65-room, 2.48 Acres land with 93 paved parking stalls for the future extension which was built in 2018.
- Main economic influence is transportation, tourism & snow mobile and the ski resort is in the process of development.

**FRANCHOSE HOTEL IN NOERHTERN AB (SOLD0)**
Asking: $6,500,000 , Revenue ( 2023 : $1,819,753)
Limit service 90 rooms franchise hotel with 2.175 Acres land which was built in 2009.

**FRANCHISE HOTEL IN CENTRAL AB**
Asking : $5,490,000, Revenue 2022 : $1,033,093, 2023 (Jan to October ) :$989,103
Well built as Best Western standard in Four Storey 66 rooms and 2.35 Acres land hotel with very Highway exposure.

**HOTEL IN CENTRAL AB**
Asking : $3,890,00, Revenue(2022: $855,855) , NOI (2022 : $372,310)
-Well maintained 2 storey 45 Rooms hotel that was built in 1999 with 2.95 Acres land located at on Hwy #13 well established city in Central AB .

**FRANCHISE HOTEL IN CENTRAL AB (NEW)**
Asking : $3,590,000, Revenue (2023 : $1,061,949, NOI :$376,722)
2 Stories 49 rooms limit service franchise hotel with 1.09acres land located at well known tourism place with mixed agriculture and oil industry . It is estimated that the number of visitors to the area has tripled to approximately 500,000 per annum.

**WELL, MATAINED HOTEL WITH LEASED RESTAURANT (NEW)**
Asking: $3,790,000, Revenue ( 2023 : $1,271,028, NOI 2023: $451,538)
-99 rooms , leased Stake House restaurant.(2 Executives, 14 Kitchenette, 6 Kitchenette suites, 26 Single, 50 Double) with 3.69 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**MOTEL WITH LEASED RESTAURANT IN SK**
-Asking: $2,430,000, Revenue(2022:$652,618,2021:$778,400),
NOI (2022:$357,999),50 Guest Rooms, leased 98 Seat Restaurant and 2.79Acres land located in north west Saskatchewan.

**MOTEL IN CENTRAL ALBERTA**
Asking : $2,090,000, Revenue :( 2022 :$597,066, 2023: $606,126) NOI : 2023: $335,368)
- Extremely well maintained 44Rooms, 2 bed room manger suite and closed restaurant & Lounge in April 2017 due to staff issue
-Restaurant & Lounge is ready to operate and the VLT license also can apply which used to be a 3 VLT machine.
-Owner will retire

**FULL SERVICE HOTEL**
Asking: $1,590,000, Revenue 2022 :$1,452,753, 2023 :$1,533,627
NOI : 2022 :$236,991 2023 :$289,817 , 62 ROOM, Restaurant , Lounge with 2.892 Acres located at Northern Albera.
Potential will be significant by owner operation since it has been operated by GM and the owner's cost is over $5m.

**FULLY RENOVATED MOTEL SITUATED AT HWY JUNCTION (NEW)**
Asking: $1,290,000, Revenue (2023 : $548,411, NOI :$271,082)
-Well maintained Cement block and stucco 35 room (10 Kitchen), 2 bedroom manager
suite with 3.355 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**CAR WASH IN BIG CITY AB**
Asking : $4,950,000,Revenue (2021 : $919,410,2022 : $858,461, 2023 : $892,021)
-10 Barn type bay, 2 Auto Bay that was replaced with brand new in 2021.
-All of equipment have been well maintained like brand new car wash.

**FRANCHISE CAMPGROUND IN 1000 ISLAND ON**
Asking: $5,750,000),( Revenue : 2022:$1,134,069, NOI :$552,900)
- 138 site including 10 Cabins plus 2,370sqft house with 87.68 Acres land which was built in 1999 and the extra land developments potential is significant.

**GAS STATION & CAR WASH**
Asking: $2,400,000, Revenue 2022:$3,769,237, NOI 2022:$337,652
-Gas station, C Store, Touchless & wand Car Wash with 2.69 Acres land that was built in 2004 and renovated in 2013 located at the intersection of 2 highways.

**LIQUOR STORE NEAR CALGARY**
Asking : $549,000, Revenue 2021 : $1,839,711, 2022 : $1,762,152, 2023 : $1,758,709
Gross margin : 2021 : $406,531, 2022 : $393,922, 2023 : $356,754
Size: 2,460 Sqft, Lease term : till April 30, 2029 and 5 years option.



# ਖ਼ਵਾਬਾਂ ਦਾ ਤਲਿਸਮੀ ਸੰਸਾਰ



ਡਾ. ਅਰਵਿੰਦਰ ਸਿੰਘ ਭੱਲਾ
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ
ਖਾਲਸਾ ਕਾਲਜ, ਲੁਧਿਆਣਾ
ਮੋ: 9463062603

ਨਾਮਵਰ ਉਰਦੂ ਸ਼ਾਇਰ ਅਹਿਮਦ ਫ਼ਰਾਜ਼ ਲਿਖਦੇ ਹਨ ਕਿ ÷ਖ਼ਵਾਬ ਮਰਤੇ ਨਹੀਂ, ਖ਼ਵਾਬ ਦਿਲ ਹੈਂ ਨ ਆਂਖੇਂ ਨ ਸ਼ਾਸੇਂ ਕਿ ਜੋ ਰੇਜ਼ਾ-ਰੇਜ਼ਾ ਹੁਏ ਤੋ ਬਿਖਰ ਜਾਏਂਗੇ, ਜਿਸਮ ਕੀ ਮੌਤ ਸੇ ਯੇ ਭੀ ਮਰ ਜਾਏਂਗੇ, ਖ਼ਵਾਬ ਮਰਤੇ ਨਹੀਂ, ਖ਼ਵਾਬ ਤੋ ਰੌਸ਼ਨੀ ਹੈਂ ਨਵਾ ਹੈਂ ਹਵਾ ਹੈਂ, ਜੋ ਕਾਲੇ ਪਹਾੜੋਂ ਸੇ ਰੁਕਤੇ ਨਹੀਂ, ਜ਼ੁਲਮ ਕੇ ਦੋਜ਼ਖ਼ੋਂ ਸੇ ਭੀ ਫੁੰਕਤੇ ਨਹੀਂ, ਰੌਸ਼ਨੀ ਔਰ ਨਵਾ ਔਰ ਹਵਾ ਕੇ ਅਲਮ ਮਕਤਲੋਂ ਮੇਂ ਪਹੁੰਚਕਰ ਭੀ ਝੁਕਤੇ ਨਹੀਂ, ਖ਼ਵਾਬ ਤੋ ਹਰਫ਼ ਹੈਂ, ਖ਼ਵਾਬ ਤੋ ਨੂਰ ਹੈਂ, ਖ਼ਵਾਬ ਸੁਕਰਾਤ ਹੈਂ, ਖ਼ਵਾਬ ਮੰਸੂਰ ਹੈਂ÷। ਜੇਕਰ ਇਸ ਪਹਿਲੂ ਤੋਂ ਖ਼ਵਾਬਾਂ ਦੇ ਤਲਿਸਮ ਦੀ ਗੱਲ ਨੂੰ ਅੱਗੇ ਵਧਾਇਆ ਜਾਵੇ ਤਾਂ ਇਹ ਯਕੀਨੀ ਤੌਰ ਉੱਪਰ ਕਿਹਾ ਜਾ ਸਕਦਾ ਹੈ ਕਿ ਇਸ ਕਾਇਨਾਤ ਅੰਦਰ ਕੋਈ ਵੀ ਅਜਿਹਾ ਸ਼ਖ਼ਸ ਨਹੀਂ, ਜਿਸ ਨੂੰ ਕਦੇ ਖ਼ਵਾਬਾਂ ਦੇ ਤਲਿਸਮ ਨੇ ਮੰਤਰਮੁਗਧ ਨਾ ਕੀਤਾ ਹੋਵੇ। ਉਮਰ ਦੇ ਵੱਖੋ-ਵੱਖਰੇ ਪੜਾਵਾਂ ਉੱਪਰ ਇਨਸਾਨ ਦੇ ਖ਼ਵਾਬ ਵੀ ਰੂਪ ਵਟਾਉਂਦੇ ਹਨ। ਖ਼ਵਾਬਾਂ ਦਾ ਜਾਦੂਈ ਸੰਸਾਰ ਹਰੇਕ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਸਲਾਹੀਅਤ ਰੱਖਦਾ ਹੈ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਖ਼ਵਾਬਾਂ ਦੇ ਤਿ?ਝਣ, ਉਮੀਦਾਂ ਦੀ ਮਾਲ੍ਹ, ਸੱਧਰਾਂ ਦੇ ਕੱਤਣ ਅਤੇ ਇੰਤਜ਼ਾਰ ਦੇ ਤਕਲੇ ਵਿਚੋਂ ਹੀ ਤਾਂ ਜ਼ਿੰਦਗੀ ਆਪਣੇ ਮਾਇਨਿਆਂ ਅਤੇ ਮੁਸਤਕਬਿਲ ਨੂੰ ਤਲਾਸ਼ਦੀ ਹੈ। ਇਸ ਨੂੰ ਕਿਸੇ ਸੁਪਨਸਾਜ਼ ਦੀ ਬੁਨਿਆਦੀ ਫ਼ਿਤਰਤ ਹੀ ਕਹਿ ਲਵੋ ਜਾਂ ਉਸ ਦੀ ਕੋਈ ਮਜਬੂਰੀ ਕਿ ਉਹ ਆਪਣੇ ਖ਼ਵਾਬਾਂ ਦੇ ਤਿ?ਝਣ ਵਿਚ ਬੈਠ ਕੇ ਆਪਣੀਆਂ ਸੱਧਰਾਂ ਅਤੇ ਹਸਰਤਾਂ ਨੂੰ ਤਉਮਰ ਹਰ ਪਲ ਕੱਤਦੇ ਰਹਿਣ ਵਿਚ ਹੀ ਰਾਹਤ, ਸਕੂਨ ਤੇ ਤਸਕੀਨ ਭਾਲਦਾ ਹੈ। ਖ਼ਵਾਬਾਂ ਦੇ ਸਫ਼ਰ ਦਾ ਪੈਂਡਾ ਤੈਅ ਕਰਨ ਵਾਲੇ ਹਰ ਸ਼ਖਸ ਦੀਆਂ ਅੱਖਾਂ ਵਿਚ ਕਦੇ ਆਪਣੀ ਮੰਜ਼ਿਲ ਨੂੰ ਪਾਉਣ ਦੀ ਹਸਰਤ ਛੁਪੀ ਹੁੰਦੀ ਹੈ ਅਤੇ ਕਦੇ ਉਸ ਦੀਆਂ ਨਜ਼ਰਾਂ ਨੂੰ ਆਪਣੀ ਮੰਜ਼ਿਲ ਵੱਲ ਜਾਂਦੀਆਂ ਪਗਡੰਡੀਆਂ ਦੀ ਤਲਾਸ਼ ਰਹਿੰਦੀ ਹੈ ਅਤੇ ਕਦੇ ਆਪਣੀ ਦਿਲ ਦੀ ਹਰ ਧੜਕਣ ਨਾਲ ਆਪਣੀ ਮੰਜ਼ਿਲ ਦੇ ਸਿਰਨਾਵੇਂ ਦੀਆਂ ਪੈੜਾਂ ਦੇ ਨਕਸ਼ਾਂ ਨੂੰ ਢੂੰਡਣ ਦਾ ਉਸ ਦਾ ਜਜ਼ਬਾ ਹੌਲੀ-ਹੌਲੀ ਜਨੂੰਨ ਵਿਚ ਬਦਲ ਜਾਂਦਾ ਹੈ।

ਸੁਪਨਸਾਜ਼ ਨੂੰ ਆਪਣੇ ਖ਼ਵਾਬਾਂ ਦੇ ਕੈਨਵਸ ਉੱਤੇ ਧਨਕ ਦੇ ਸਾਰੇ ਰੰਗ ਦਿਖਾਈ ਦਿੰਦੇ ਹਨ, ਪਰ ਸੱਚ ਜਾਣਿਓ ਖ਼ਵਾਬਾਂ ਦੀ ਉਧੇੜ-ਬੁਣ ਦਾ ਇਹ ਸਫ਼ਰ ਸੁਪਨਸਾਜ਼ ਲਈ ਕਦੇ ਵੀ ਸਹਿਜ, ਸਰਲ ਅਤੇ ਅਸਾਨ ਨਹੀਂ ਹੁੰਦਾ ਹੈ। ਖ਼ਵਾਬਾਂ ਦਾ ਸਫ਼ਰ ਨਾ ਤਾਂ ਪਹਿਲਾਂ ਤੋਂ ਕਦੇ ਤੈਅਸ਼ੁਦਾ ਹੁੰਦਾ ਹੈ, ਨਾ ਹੀ ਖ਼ਵਾਬ ਕਦੇ ਅਸੂਲਾਂ ਤੇ ਤਕਾਜਿਆਂ ਦੇ ਪਾਬੰਦ ਹੁੰਦੇ ਹਨ ਅਤੇ ਨਾ ਹੀ ਖ਼ਵਾਬ ਕਿਸੇ ਦੇ ਤਰਕ ਦੇ ਪੈਮਾਨਿਆਂ ਦੇ ਮੁਥਾਜ ਹੁੰਦੇ ਹਨ। ਖ਼ਵਾਬ ਤਾਂ ਸਮੁੰਦਰ ਦੀ ਮੌਜ਼ ਦੀ ਤਰ੍ਹਾਂ ਹੁੰਦੇ ਹਨ - ਵਸੀਹ ਅਤੇ ਬੇਪ੍ਰਵਾਹ। ਖ਼ਵਾਬ ਰੁਮਕਦੀਆਂ ਪੌਣਾਂ ਵਾਂਗ ਵੀ ਹੁੰਦੇ ਹਨ, ਜੋ ਇਨਸਾਨ ਦੀ ਰੂਹ ਦੇ ਧੁਰ ਅੰਦਰ ਸਰੂਰ ਅਤੇ ਵਜ਼ਦ ਦੀ ਕੈਫ਼ੀਅਤ ਪੈਦਾ ਕਰਦੇ ਹਨ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਕੁੱਝ ਖ਼ਵਾਬ ਇਨਸਾਨ ਨੂੰ ਖ਼ਾਕ ਕਰ ਦਿੰਦੇ ਹਨ ਅਤੇ ਕੁੱਝ ਖ਼ਵਾਬ ਇਨਸਾਨ ਦੇ ਕਦਮਾਂ ਵਿਚ ਆਫ਼ਤਾਬ ਲਿਆ ਰੱਖਦੇ ਹਨ। ਇਨਸਾਨ ਤਉਮਰ ਕੁਝ ਖ਼ਵਾਬਾਂ ਨੂੰ ਦੇਖਣਾ ਲੋਚਦਾ ਹੈ, ਕੁਝ ਖ਼ਵਾਬਾਂ ਦੀ ਤਾਬੀਰ ਲਈ ਇਨਸਾਨ ਤਰਸਦਾ ਹੈ, ਕੁਝ ਖ਼ਵਾਬਾਂ ਦੇ ਰੇਜ਼ਾ-ਰੇਜ਼ਾ ਹੋਣ ਉਪਰੰਤ ਕਿਣਕਿਆਂ ਵਾਂਗ ਖੁਦ ਨੂੰ ਬਿਖਰਿਆ ਤੇ ਤੜਫ਼ਦਾ ਹੋਇਆ ਮਹਿਸੂਸ ਕਰਦਾ ਹੈ, ਕੁਝ ਹਸੀਨ ਖ਼ਵਾਬਾਂ ਨੂੰ ਦੇਖਦਿਆਂ ਅਚਾਨਕ ਅਧਵਾਟੇ ਨੀਂਦ ਖੁਲਦਿਆਂ ਆਪਣੇ ਖ਼ਵਾਬਾਂ ਦੇ ਅਧੂਰੇ ਰਹਿ ਜਾਣ ਉੱਪਰ ਖੁਦ ਨੂੰ ਲੁਟਿਆ ਜਿਹਾ ਮਹਿਸੂਸ ਵੀ ਕਰਦਾ ਹੈ ਅਤੇ ਕੁਝ ਖ਼ਵਾਬਾਂ ਦੇ ਸੱਚ ਹੋਣ ਉੱਪਰ ਖੁਦ ਨੂੰ ਇਸ ਕਾਇਨਾਤ ਦਾ ਸਭ ਤੋਂ ਵੱਧ ਖੁਸ਼ਕਿਸਮਤ ਇਨਸਾਨ ਸਮਝਦਾ ਹੈ।

ਦਰਅਸਲ ਇਨਸਾਨ ਦੇ ਖ਼ਵਾਬਾਂ ਦਾ ਸੰਸਾਰ ਵੀ ਬੜਾ ਨਿਰਾਲਾ, ਦਿਲਫ਼ਰੇਬ ਅਤੇ ਹੈਰਤਅੰਗੇਜ਼ ਹੁੰਦਾ ਹੈ। ਖ਼ਵਾਬ ਤਾਂ ਇਨਸਾਨ ਦੀਆਂ ਉਹਨਾਂ ਅਧੂਰੀਆਂ ਖਾਹਿਸ਼ਾਂ ਦੇ ਅਕਸ ਹੁੰਦੇ ਹਨ, ਜੋ ਇਨਸਾਨ ਨੂੰ ਨਾ ਤਾਂ ਜਿਊਂਣ ਦਿੰਦੀਆਂ ਹਨ ਅਤੇ ਨਾ ਹੀ ਉਸ ਦੀ ਗਤੀ ਹੋਣ ਦਿੰਦੀਆਂ ਹਨ। ਰਫ਼ਤਾ-ਰਫ਼ਤਾ ਇਨਸਾਨ ਦੇ ਖ਼ਵਾਬ ਉਸ ਕੋਲੋਂ ਉਸ ਦੇ ਦਿਲ ਦਾ ਕਰਾਰ ਤੇ ਸਕੂਨ ਤੱਕ ਖੋਹ ਲੈਂਦੇ ਹਨ ਅਤੇ ਉਸ ਨੂੰ ਲੰਮੀਆਂ ਵਾਟਾਂ ਦਾ ਪਾਂਧੀ ਬਣਾ ਦਿੰਦੇ ਹਨ। ਖ਼ਵਾਬ ਆਪਣੇ-ਆਪ ਵਿਚ ਚਾਨਣ ਮੁਨਾਰਾ ਵੀ ਹੁੰਦੇ ਹਨ ਅਤੇ ਕੁੱਝ ਖ਼ਵਾਬ ਬੰਦ ਗਲੀਆਂ ਦੀ ਤਰ੍ਹਾਂ ਹੁੰਦੇ ਹਨ। ਕੁਝ ਖ਼ਵਾਬਾਂ ਦੀ ਬਿਆਨਗੋਈ ਤੋਂ ਵੀ ਮਨੁੱਖ ਝਿਜਕਦਾ ਹੈ ਅਤੇ ਕੁੱਝ ਖ਼ਵਾਬਾਂ ਦੇ ਸੱਚ ਤੋਂ ਹੋਣ ਤੋਂ ਬਾਅਦ ਵੀ ਇਨਸਾਨ ਚਾਹੁੰਦਾ ਹੈ ਕਿ ਸਾਰਾ ਬ੍ਰਹਿਮੰਡ ਉਸ ਕੋਲੋਂ ਉਸ ਦੇ ਖ਼ਵਾਬਾਂ ਦੀ ਤਫ਼ਸੀਲ ਪੁੱਛੇ। ਕੁਝ ਖ਼ਵਾਬਾਂ ਦਾ ਇਜ਼ਹਾਰ ਇਨਸਾਨ ਨੂੰ ਸਿਰਿਉਂ ਕੱਖੋਂ ਹੌਲੇ ਕਰ ਦਿੰਦਾ ਹੈ ਅਤੇ ਕੁਝ ਖ਼ਵਾਬਾਂ ਦਾ ਇਜ਼ਹਾਰ ਇਨਸਾਨ ਦੀ ਛੋਟੀ ਜਿਹੀ ਝੋਲੀ ਨੂੰ ਜ਼ਮਾਨੇ ਭਰ ਦੀਆਂ ਸਾਰੀਆਂ ਖੁਸ਼ੀਆਂ ਨਾਲ ਭਰ ਦਿੰਦਾ ਹੈ। ਕਦੇ-ਕਦੇ ਇਉਂ ਵੀ ਹੁੰਦਾ ਹੈ ਕਿ ਕੁੱਝ ਖ਼ਵਾਬ ਆਪਣੇ ਅਧੂਰੇਪਣ ਵਿਚ ਹੀ ਦਿਲਕਸ਼ ਮਹਿਸੂਸ ਹੁੰਦੇ ਹਨ ਅਤੇ ਕਈ ਵਾਰ ਕੁੱਝ ਖ਼ਵਾਬਾਂ ਦੀ ਤਾਬੀਰ ਤੁਹਾਨੂੰ ਕੋਈ ਹੋਰ ਨਵਾਂ ਖ਼ਵਾਬ ਦੇਖਣ ਦੇ ਤਵੀਲ ਸਫ਼ਰ ਉਤੇ ਤੋਰ ਦਿੰਦੀ ਹੈ। ਕੁਝ ਖ਼ਵਾਬਾਂ ਨੂੰ ਇਨਸਾਨ ਲਕੋ-ਲਕੋ ਕੇ ਪੁੱਤਾਂ ਵਾਂਗ ਪਾਲਦਾ ਹੈ, ਉਹਨਾਂ ਦੇ ਬਚਪਨ ਵਿਚ ਆਪਣੇ ਬਚਪਨ ਨੂੰ, ਉਹਨਾਂ ਦੀ ਜਵਾਨੀ ਵਿਚ ਆਪਣੀ ਜਵਾਨੀ ਨੂੰ ਅਤੇ ਉਹਨਾਂ ਦੇ ਪਰਵਾਨ ਚੜਣ @ਤੇ ਖੁਦ ਨੂੰ ਸੁਰਖ਼ਰੂ ਹੋਇਆ ਮਹਿਸੂਸ ਕਰਦਾ ਹੈ। ਹਮੇਸ਼ਾ ਦੁਆ ਕਰੋ ਕਿ ਕੋਈ ਇਨਸਾਨ ਬੇਖ਼ਵਾਬ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਨਾ ਹੋਵੇ, ਹਰੇਕ ਦੇ ਕੁੱਝ ਸੁਪਨੇ ਜ਼ਰੂਰ ਸਾਕਾਰ ਰੂਪ ਧਾਰਨ ਕਰਨ, ਕੁੱਝ ਸੁਪਨਿਆਂ ਨੂੰ ਹੰਢਾਉਣਾ ਤੁਹਾਨੂੰ ਨਸੀਬ ਹੋਵੇ ਅਤੇ ਕਾਸ਼! ਉਹ ਪਰਵਰਦਗਾਰ ਤੁਹਾਨੂੰ ਇੰਨੀਂ ਕੁ ਤੌਫ਼ੀਕ ਜ਼ਰੂਰ ਦੇਵੇ ਕਿ ਦੂਜਿਆਂ ਦੇ ਖ਼ਵਾਬਾਂ ਦੀ ਤਾਬੀਰ ਦੇ ਰਾਹ ਵਿਚ ਤੁਸੀਂ ਸਹਾਈ ਹੋ ਪਾਉ। ਆਮੀਨ ਸੁਮਾ ਆਮੀਨ!

ਉਹ ਲੋਕ ਕਦੇ ਵੀ ਸੁਪਨਸਾਜ਼, ਸ਼ਾਹਸਵਾਰ ਅਤੇ ਸਫ਼ਲ ਨਹੀਂ ਅਖਵਾ ਸਕਦੇ ਹਨ, ਜੋ ਲੋਕ ਜ਼ਿੰਦਗੀ ਦੇ ਇਮਿਤਹਾਨ ਦੇਣੇ ਤੋਂ ਡਰਦਿਆਂ ਗੁੰਮਨਾਮੀ ਦੀ ਜ਼ਿੰਦਗੀ ਗੁਜ਼ਾਰਨ ਨੂੰ ਤਰਜ਼ੀਹ ਦਿੰਦੇ ਹਨ। ਪਰਬਤਾਂ ਦੇ ਸ਼ਿਖ਼ਰ ਛੂਹਣਾ, ਸਮੁੰਦਰ ਦੀ ਗਹਿਰਾਈ ਮਾਪਣਾ ਅਤੇ ਅੰਬਰਾਂ ਵਿਚ ਪਰਵਾਜ਼ ਭਰਨ ਲਈ ਦਿ?ੜ ਨਿਸ਼ਚਾ, ਬੁਲੰਦ ਹੌਸਲਾ ਅਤੇ ਉਸਾਰੂ ਸੋਚ ਲੋੜੀਂਦੀ ਹੈ। ਵਕ?ਤ ਬੇਸ਼ੱਕ ਬਹੁਤ ਬਲਵਾਨ ਹੈ ਕਿ ਲੇਕਿਨ ਉਸ ਰੱਬ ਨੇ ਆਪਣੇ ਇਸ ਮਿੱਟੀ ਦੇ ਪੁਤਲੇ ਬਹੁਤ ਸਾਰੀਆਂ ਖੂਬੀਆਂ ਨਾਲ ਨਿਵਾਜਿਆ ਹੈ। ਜੇਕਰ ਲੋੜ ਹੈ ਤਾਂ ਇਨਸਾਨ ਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਆਪਣੇ ਅੰਦਰ ਦੀ ਸ਼ਕਤੀ ਨੂੰ ਪਛਾਣਨ ਦੀ। ਜੇ ਇਨਸਾਨ ਹਰ ਇਕ ਤਰ੍ਹਾਂ ਦੇ ਹਲਾਤਾਂ ਵਿੱਚ ਜਿਉਂਣ ਦਾ ਹੁਨਰ ਅਤੇ ਸਹਿਜ ਸੁਭਾਅ ਤੁਰਦਿਆਂ ਆਪਣੀ ਮੰਜ਼ਿਲ ਵੱਲ ਵੱਧਣ ਦਾ ਹੁਨਰ ਕਿਤੇ ਸਿਖ ਲਵੇ ਤਾਂ ਅਜਿਹੀ ਮੰਜ਼ਿਲ ਨਹੀਂ, ਜਿਸ ਨੂੰ ਪਾਉਣ ਦੇ ਆਪਣੇ ਖ਼ਵਾਬ ਨੂੰ ਹਕੀਕਤ ਵਿਚ ਨਾ ਬਦਲ ਸਕੇ। ਹਰੇਕ ਵਿਅਕਤੀ ਦੀ ਇਹ ਬੁਨਿਆਦੀ ਫ਼ਿਤਰਤ ਹੈ ਕਿ ਜੋ ਕੁੱਝ ਵਿਅਕਤੀ ਦੀ ਜ਼ਿੰਦਗੀ ਵਿਚ ਨਹੀਂ ਵਾਪਰਦਾ, ਉਸ ਦੀ ਤਲਾਸ਼ ਉਹ ਆਪਣੇ ਖ਼ਵਾਬਾਂ ਵਿੱਚ ਕਰਦਾ ਹੈ। ਉਹ ਆਪਣੇ ਖ਼ਵਾਬਾਂ ਦੀ ਤਾਬੀਰ ਲਈ ਸਾਰੀ ਉਮਰ ਤਰੱਦਦ ਕਰਦਾ ਹੈ। ਉਹ ਜਿਉਂਦਾ ਅਤੇ ਮਰਦਾ ਵੀ ਆਪਣੇ ਖ਼ਵਾਬਾਂ ਲਈ ਹੈ। ਖ਼ਵਾਬ ਉਸ ਅੰਦਰ ਜਿਉਂਣ ਦਾ ਚਾਅ ਪੈਦਾ ਕਰਦੇ ਹਨ ਅਤੇ ਉਸ ਵਿੱਚ ਨਿੱਤ ਨਵਾਂ ਜੋਸ਼ ਭਰਦੇ ਹਨ। ਬੇਸ਼ੱਕ ਇਨਸਾਨ ਆਪਣੇ ਤਮਾਮ ਖ਼ਵਾਬਾਂ ਨੂੰ ਹਰ ਹੀਲੇ ਹਕੀਕਤ ਦਾ ਰੂਪ ਦੇਣਾ ਚਾਹੁੰਦਾ ਹੈ, ਲੇਕਿਨ ਵਾਸਤਵ ਵਿੱਚ ਅਜਿਹਾ ਨਹੀਂ ਹੁੰਦਾ।

ਜ਼ਿੰਦਗੀ ਦੀਆਂ ਤਲਖ ਹਕੀਕਤਾਂ, ਨਾਗਵਾਰ ਤਜ਼ਰਬੇ, ਦੁਸ਼ਵਾਰੀਆਂ ਅਤੇ ਉਸ ਦੇ ਹਾਲਾਤ ਮਨੁੱਖ ਨੂੰ ਕਈ ਵਾਰ ਇੰਨੀ ਢਹਿੰਦੀ ਕਲਾ ਵੱਲ ਧਕੇਲ ਦਿੰਦੇ ਹਨ ਕਿ ਵਿਅਕਤੀ ਆਪਣੇ ਖ਼ਵਾਬਾਂ ਦੇ ਹੱਥੋਂ ਵੀ ਇਕ ਦਿਨ ਹਾਰ ਜਾਂਦਾ ਹੈ। ਜ਼ਿੰਦਗੀ ਕਈ ਵਾਰ ਕਈਆਂ ਲਈ ਇੰਨੀ ਜ਼ਿਆਦਾ ਤਕਲੀਫ਼ਦੇਹ ਅਤੇ ਅਜ਼ਮਾਇਸ਼ਾਂ ਭਰਪੂਰ ਹੋ ਜਾਂਦੀ ਹੈ ਕਿ ਇਨਸਾਨ ਆਪਣੀ ਜ਼ਿੰਦਗੀ ਤੋਂ ਵੀ ਤੰਗ ਆ ਜਾਂਦਾ ਹੈ। ਦਰਅਸਲ ਜ਼ਿੰਦਗੀ ਆਪਣੇ ਆਪ ਵਿੱਚ ਇੱਕ ਉਹ ਕੌੜਾ ਸੱਚ ਹੈ, ਜਿਸ ਦੇ ਕੌੜੇਪਣ ਨੂੰ ਇਨਸਾਨ ਲਈ ਚੱਖਣਾ ਇੰਨਾ ਆਸਾਨ ਨਹੀਂ ਹੁੰਦਾ ਹੈ। ਜ਼ਿੰਦਗੀ ਕਈ ਵਾਰ ਖਾਰੇ ਪਾਣੀ ਦੀ ਅਜਿਹੀ ਝੀਲ ਬਣ ਜਾਂਦੀ ਹੈ ਕਿ ਜਿਵੇਂ ਤੁਹਾਡੇ ਸਾਹਮਣੇ ਦੂਰ-ਦੂਰ ਤੱਕ ਸਿਵਾਏ ਪਾਣੀ ਦੇ ਇਲਾਵਾ ਹੋਰ ਕੁਝ ਵੀ ਨਾ ਹੋਵੇ ਅਤੇ ਤੁਸੀਂ ਪਿਆਸ ਨਾਲ ਹੀ ਅਧਮੋਏ ਹੋ ਜਾਉ। ਜ਼ਿੰਦਗੀ ਕਈ ਵਾਰ ਕਿਸੇ ਚੌਰਾਹੇ ਉੱਪਰ ਆਕੇ ਇਉਂ ਖੜ੍ਹ ਜਾਂਦੀ ਹੈ ਕਿ ਜਿਥੋਂ ਤੁਹਾਨੂੰ ਅੱਗੇ ਵੱਧਣ ਲਈ ਕੋਈ ਢੁਕਵਾਂ ਰਾਹ ਨਹੀਂ ਮਿਲਦਾ ਹੈ। ਜ਼ਿੰਦਗੀ ਕਦੇ-ਕਦੇ ਇਉਂ ਸਿੱਧੀ, ਤਿਲਕਣੀ ਅਤੇ ਪਥਰੀਲੀ ਚਟਾਨ ਵਾਂਗ ਵੀ ਦਿਖਦੀ ਹੈ ਕਿ ਜਿਸ ਉੱਪਰ ਚੜਣਾ ਇਨਸਾਨ ਲਈ ਬੇਹੱਦ ਦੁਸ਼ਵਾਰ ਹੁੰਦਾ ਹੈ। ਕਦੇ-ਕਦੇ ਜ਼ਿੰਦਗੀ ਦਸ਼ਤ ਦੇ ਉਸ ਸਫ਼ਰ ਵਾਂਗ ਹੁੰਦੀ ਹੈ ਕਿ ਚਲਦੇ-ਚਲਦੇ ਇਨਸਾਨ ਦੀ ਜਾਨ ਹੀ ਬੁੱਲਾਂ @ਤੇ ਆ ਜਾਂਦੀ। ਯਾਦ ਰੱਖੋ! ਖ਼ਵਾਬਾਂ ਦੀ ਦੁਨੀਆਂ ਅਤੇ ਵਾਸਤਵਿਕ ਦੁਨੀਆਂ ਵਿੱਚ ਵੀ ਜ਼ਮੀਨ-ਅਸਮਾਨ ਦਾ ਫ਼ਰਕ ਹੁੰਦਾ ਹੈ। ਕਦੇ ਇਨਸਾਨ ਤਲਖ਼ ਹਕੀਕਤਾਂ ਦਾ ਬੜੀ ਹਿੰਮਤ ਨਾਲ ਸਾਹਮਣਾ ਕਰਦੇ ਹੋਏ ਹਰ ਮੁਹਾਜ਼ ਉਤੇ ਵੀ ਸਹਿਜੇ ਹੀ ਜਿੱਤ ਪ੍ਰਾਪਤ ਕਰ ਲੈਂਦਾ ਹੈ ਅਤੇ ਕਦੇ ਕਈ ਵਾਰ ਕਦਮ-ਕਦਮ ਉੱਪਰ ਅਜ਼ਮਾਇਸ਼ਾਂ ਦਾ ਸਾਹਮਣਾ ਕਰਦੇ ਹੋਏ ਉਸ ਦੇ ਖ਼ਵਾਬ ਵੀ ਕਈ ਵਾਰ ਚਕਨਾਚੂਰ ਹੋ ਜਾਂਦੇ ਹਨ।

ਇਹ ਵੀ ਗੌਰਤਲਬ ਹੈ ਕਿ ਜ਼ਿੰਦਗੀ ਵਿਚ ਇਹ ਫੈਸਲਾ ਕਰਨਾ ਵੀ ਬੇਹੱਦ ਕਠਿਨ ਹੁੰਦਾ ਹੈ ਕਿ ਇਨਸਾਨ ਨੇ ਆਪਣੇ ਖ਼ਵਾਬਾਂ ਦੀ ਤਾਬੀਰ ਦੇ ਰੂਪ ਵਿੱਚ ਜੋ ਹਾਸਲ ਕੀਤਾ ਹੁੰਦਾ ਹੈ, ਉਸ ਲਈ ਉਹ ਜਿਆਦਾ ਮਹੱਤਵਪੂਰਨ ਹੁੰਦਾ ਹੈ ਜਾਂ ਫਿਰ ਆਪਣੇ ਖ਼ਵਾਬਾਂ ਦੀ ਤਾਬੀਰ ਪਿੱਛੇ ਦੌੜਦੇ ਹੋਏ, ਜੋ ਕੁਝ ਉਸ ਦੇ ਜਨੂੰਨ ਅਤੇ ਤੜਪ ਨੇ ਉਸ ਤੋਂ ਖੋਹ ਲਿਆ ਹੁੰਦਾ ਹੈ, ਉਸ ਲਈ ਉਹ ਵੱਧ ਮਹੱਤਵਪੂਰਨ ਸੀ। ਅਸੀਂ ਅਕਸਰ ਆਪਣੀ ਤਮਾਮ ਉਮਰ ਉਸ ਪਲ ਦੀ ਉਡੀਕ ਵਿੱਚ ਗੁਜ਼ਾਰ ਦਿੰਦੇ ਹਾਂ, ਜਿਸ ਪਲ ਸਾਡੇ ਖ਼ਵਾਬਾਂ ਦੀ ਤਾਬੀਰ ਹੋਵੇਗੀ ਅਤੇ ਜਦੋਂ ਉਹ ਅਖੌਤੀ ਖ਼ੁਸ਼ਗਵਾਰ ਪਲ ਆਉਂਦਾ ਹੈ ਤਾਂ ਇਨਸਾਨ ਨੂੰ ਇਹ ਤਕਲੀਫ਼ਦੇਹ ਅਹਿਸਾਸ ਵੀ ਅੰਦਰੋਂ ਅੰਦਰ ਝੰਜੋੜਦਾ ਹੈ ਕਿ ਜ਼ਿੰਦਗੀ ਵਿਚ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਮਾਣਨ ਬਗੈਰ ਉਸ ਦੀ ਹਰ ਖੁਸ਼ੀ ਤੇ ਫ਼ਤਿਹ ਦਾ ਅਹਿਸਾਸ ਅਤੇ ਹਰ ਖ਼ਵਾਬ ਦੀ ਤਾਬੀਰ ਵੀ ਅਧੂਰੀ ਹੈ ਅਤੇ ਖ਼ਵਾਬਾਂ ਦੀ ਤਾਬੀਰ ਹੋਣ ਤੋਂ ਬਾਅਦ ਵੀ ਖੁਦ ਨੂੰ ਉਹ ਖੁਸ਼ੀਆਂ ਦੇ ਪੱਖ ਤੋਂ ਕੰਗਾਲ ਅਤੇ ਜ਼ਿਹਨੀ ਤੌਰ ਤੇ ਬੇਚੈਨ ਪਾਉਂਦਾ ਹੈ। ਇਨਸਾਨ ਨੂੰ ਕਿਸੇ ਖ਼ਵਾਬ ਦੀ ਤਾਬੀਰ ਤੱਕ ਹੀ ਆਪਣੀ ਜ਼ਿੰਦਗੀ ਨੂੰ ਮਹਿਦੂਦ ਨਹੀਂ ਕਰਨਾ ਚਾਹੀਦਾ ਹੈ, ਸਗੋਂ ਉਸ ਨੂੰ ਜ਼ਿੰਦਗੀ ਵਿਚ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਮਾਣਨ ਦਾ ਫ਼ਨ ਸਿੱਖਣ ਵਲ਼ ਵੀ ਤਵੱਜੋ ਦੇਣੀ ਚਾਹੀਦੀ ਹੈ। ਇਸ ਤਰਾਂ ਕਰਨ ਨਾਲ ਹੀ ਇਨਸਾਨ ਆਪਣੇ ਹਰ ਖ਼ਵਾਬ ਦੀ ਤਾਬੀਰ ਹੋਣ ਵੇਲੇ ਮੁਕੰਮਲ ਖੁਸ਼ੀ, ਸੰਤੁਸ਼ਟੀ ਤੇ ਸਕੂਨ ਹਾਸਲ ਕਰਨ ਵਿਚ ਕਾਮਯਾਬੀ ਹਾਸਲ ਕਰ ਪਾਵੇਗੇ।
















# ਬੀ ਸੀ ਦੇ ਇੱਕ ਸਕੂਲ ਨੂੰ ਅੱਗ ਮਨੁੱਖੀ ਗਲਤੀ ਕਾਰਨ ਲੱਗੀ ਸੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਅਕਤੂਬਰ ਮਹੀਨੇ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਪੋਰਟ ਕੋਕਿਟਲਮ ਦਾ ਹੇਜ਼ਲ ਟ੍ਰੇਮਬਥ ਐਲੀਮੈਂਟਰੀ ਸਕੂਲ ਅੱਗ ਲੱਗਣ ਕਾਰਨ ਪੁਰੀ ਤਰ੍ਹਾਂ ਸੜ ਕੇ ਸਵਾਹ ਹੋ ਗਿਆ ਸੀ ਅਤੇ ਉਦੋਂ ਤੋਂ ਹੀ ਇਸ ਸਕੂਲ ਵਿੱਚ ਅੱਗ ਲੱਗਣ ਦੀ ਜਾਂਚ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਸੀ। ਲਗਭਗ ਸਾਢੇ ਚਾਰ ਮਹੀਨੇ ਦੀ ਜਾਂਚ ਉਪਰੰਤ ਆਰਸੀਐਮਪੀ ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਇਹ ਅੱਗ ਮਨੁੱਖੀ ਗਲਤੀ ਕਾਰਨ ਲੱਗੀ ਸੀ। ਇੰਸਪੈਕਟਰ ਡੈਰਨ ਕਾਰ ਨੇ ਇਸ ਜਾਂਚ ਦੇ ਨਤੀਜਿਆਂ ਨੂੰ ਸਾਂਝਿਆਂ ਕਰਦਿਆਂ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਸਕੂਲ ਕਮਿਊਨਿਟੀ ਦੇ ਮੈਂਬਰ ਜਾਂਚ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਸਨ। ਇਸ ਸਕੂਲ ਦੇ ਸੜਕੇ ਤਬਾਹ ਹੋਣ ਨਾਲ ਸਟਾਫ ਦੇ ਨਾਲ ਨਾਲ ਬੱਚਿਆਂ ਅਤੇ ਕਮਿਊਨਿਟੀ ਨੂੰ ਵੀ ਵੱਡਾ ਨੁਕਸਾਨ ਝੱਲਣਾ ਪਿਆ ਸੀ। ਵਰਨਣ ਯੋਗ ਹੈ ਕਿ 14 ਅਕਤੂਬਰ 2023 ਨੂੰ ਸਵੇਰੇ 3 ਵਜੇ ਸਕੂਲ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ ਸੀ ਤੇ ਸੋਸ਼ਲ ਮੀਡੀਆ ਤੇ ਉਸ ਵਕਤ ਪਈਆਂ ਵੱਖ-ਵੱਖ ਪੋਸਟਾਂ ਵਿੱਚ ਸਕੂਲ ਦੀ ਇਮਾਰਤ ਪੂਰੀ ਤਰ੍ਹਾਂ ਅੱਗ ਵਿੱਚ ਘਿਰੀ ਹੋਈ ਨਜ਼ਰ ਆ ਰਹੀ ਸੀ ਤੇ ਉਥੋਂ ਉੱਠਦੇ ਧੂਏ ਨੂੰ ਬਰਨਬੀ ਨਿਊ ਵੈਸਟ ਮਿਸਟਰ ਤੇ ਵੈਨਕੂਵਰ ਦੇ ਹੋਰ ਹਿੱਸਿਆਂ ਤੋਂ ਵੀ ਵੇਖਿਆ ਜਾ ਸਕਦਾ ਸੀ। ਹੁਣ ਆਰਸੀਐਮਪੀ ਨੇ ਇਸ ਮਾਮਲੇ ਵਿੱਚ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ ਕਿ ਕਿਸੇ ਨੂੰ ਵੀ ਇਸ ਅੱਗ ਨੂੰ ਲਗਾਉਣ ਵਾਲੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਾਂਚ ਦੇ ਦੌਰਾਨ ਪੁਲਿਸ ਵੱਲੋਂ 245 ਥਾਵਾਂ ਦੀ ਜਾਂਚ ਕੀਤੀ ਗਈ ਤੇ ਲਗਭਗ 130 ਬਿਆਨ ਰਿਕਾਰਡ ਕੀਤੇ ਗਏ ਹਨ।

# ਐਡਮਿੰਟਨ ਸਿਟੀ ਹਾਲ ਵਿੱਚ ਹਮਲਾ ਕਰਨ ਵਾਲੇ ਖ਼ਿਲਾਫ਼ ਅੱਤਵਾਦੀ ਹਮਲੇ ਦੇ ਚਾਰਜ ਲਗਾਏ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਇਸ ਸਾਲ 23 ਜਨਵਰੀ ਨੂੰ ਐਡਮਿੰਟਨ ਦੇ ਸਿਟੀ ਹਾਲ ਵਿੱਚ ਹਮਲਾ ਕਰਨ ਵਾਲੇ ਸਾਬਕਾ ਸਕਿਉਰਟੀ ਗਾਰਡ ਖਿਲਾਫ ਅੱਤਵਾਦ ਨਾਲ ਸੰਬੰਧਿਤ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਅਲਬਰਟਾ ਆਰਸੀਐਮਪੀ ਨੇ ਦੱਸਿਆ ਕਿ ਬੇਜ਼ਹਾਨੀ ਸਰਵਰ ਜਿਸ ਨੇ 23 ਜਨਵਰੀ ਨੂੰ ਐਡਮਿਟਨ ਦੇ ਸਿਟੀ ਹਾਲ ਵਿੱਚ ਦਾਖਲ ਹੋ ਕੇ ਗੋਲੀਬਾਰੀ ਕੀਤੀ ਸੀ ਅਤੇ ਪੈਟਰੋਲ ਬੰਬਾਂ ਨਾਲ ਅੱਗ ਲਗਾਉਣੀ ਸ਼ੁਰੂ ਕੀਤੀ ਸੀ ਨੂੰ ਐਡਮਿੰਟਨ ਪੁਲਿਸ ਸਰਵਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਸਿਟੀ ਹਾਲ 'ਚ ਗੋਲੀਬਾਰੀ ਤੋਂ ਪਹਿਲਾਂ ਸਰਵਰ ਛੋਮਮਿਸਸਿੰਨਅਿਰਇਸ ਪਰਿੰਰ ਨਾਲ ਬਤੌਰ ਸੁਰੱਖਿਆ ਗਾਰਡ ਸੇਵਾਵਾਂ ਨਿਭਾਅ ਰਿਹਾ ਸੀ।

























### ਕੈਲਗਰੀ ਵਾਸੀ ਉੱਘੇ ਬਿਜਨਿਸਮੈਨ ਦਰਸਨ ਸਿੱਧੂ ਲਹਿਰਾ ਮੁੱਹਬਤ ਵਾਲਿਆਂ ਨੂੰ ਸਦਮਾ

# ਮਾਤਾ ਸੁਰਜੀਤ ਕੌਰ ਸਿੱਧੂ ਬੇ-ਵਕਤ ਵਿਛੋੜਾ ਦੇ ਗਏ



ਸਰਦਾਰਨੀ ਸੁਰਜੀਤ ਕੌਰ













ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਅਤੇ ਘਰਾਂ ਦੀ ਉਸਾਰੀ ਦੇ ਕਿੱਤੇ ਵਿੱਚ ਜਾਣੇ ਪਹਿਚਾਣੇ ਸ: ਦਰਸਨ ਸਿੰਘ ਸਿੱਧੂ ਲਹਿਰਾ ਮੁਹੱਬਤ ਵਾਲਿਆਂ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਸੁਰਜੀਤ ਕੌਰ ਸਿੱਧੂ 22 ਫਰਵਰੀ 2024 ਵਾਲੇ ਦਿਨ ਅਕਾਲ ਚਲਾਣਾ ਕਰ ਗਏ। ਬੀਤੀ 3 ਮਾਰਚ 2024 ਵਾਲੇ ਦਿਨ ਪਿੰਡ ਲਹਿਰਾ ਮੁਹੱਬਤ ਵਿਖੇ ਸ਼ਰਧਾਜਲੀ ਸਮਾਗਮ ਦੌਰਾਨ,ਐਲ ਐਲ ਏ ਮਾਸਟਰ ਜਗਸੀਰ ਸਿੰਘ ਭੁੱਚੋ, ਸੂਗਰ ਫੈਡ ਚੇਅਰਮੈਨ ਐਡਵੋਕੇਟ ਨਵਦੀਪ ਜੀਦਾ, ਬਲਜਿੰਦਰ ਕੌਰ ਤੁੰਗਵਾਲੀ ਆਮ ਆਦਮੀ ਪਾਰਟੀ,ਰੂਬੀ ਸਮਰਾ ਪੱਖੋ ਕਲਾਂ, ਦਲਵੀਰ ਜੱਲੋਵਾਲੀਆ, ਲਵਦੀਪ ਪੂਨੀਆ, ਕੈਲਗਰੀ ਦੇ ਬਿਜਨਿਸਮੈਨ ਰਾਜਦੀਪ ਗਰੇਵਾਲ ਦੇ ਭਰਾ ਸੁਰਪ੍ਰੀਤ ਗਰੇਵਾਲ, ਤਿਰਲੋਚਨ ਸਿੰਘ ਬਠਿੰਡਾ,ਟਰੱਕ ਯੂਨੀਅਨ ਭੁੱਚੋ ਮੰਡੀ ਦੇ ਪ੍ਰਧਾਨ ਗੁਰਦੀਪ ਸਿੰਘ ਉਪਲੀ, ਹਰਬੰਸ ਸਿੰਘ ਸਬ ਇੰਸਪੈਕਟਰ ਪੰਜਾਬ ਪੁਲਿਸ, ਲਖਵੀਰ ਸਿੰਘ ਲੱਖਾ ਬਲਾਕ ਪ੍ਰਧਾਨ ਆਪ, ਕੰਵਲਜੀਤ ਕੌਰ ਬਲਾਕ ਪ੍ਰਧਾਨ ਆਪ, ਹਰਪ੍ਰੀਤ ਸਿੰਘ ਫੂਲ, ਨੇ ਵੀ ਸਿੱਧੂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਦਰਸਨ ਸਿੰਘ ਸਿੱਧੂ ਅਤੇ ਉਹਨਾਂ ਦੇ ਛੋਟੇ ਭਰਾ ਗੁਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਆਮ ਆਦਮੀ ਪਾਰਟੀ ਇਕਾਈ ਲਹਿਰਾ ਮੁਹੱਬਤ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਕੈਲਗਰੀ ਤੋਂ ਕੈਲਗਰੀ ਵਸਦੇ ਉਹਨਾਂ ਦੇ ਰਿਸ਼ਤੇਦਾਰ ਸ: ਸਾਬਕਾ ਸਰਪੰਚ ਮੋਹਰ ਸਿੰਘ ਮਾਣੂੰਕੇ, ਗੁਰਲਾਲ ਮਾਣੂੰਕੇ ਅਤੇ ਹੋਰ ਸਹਿਰ ਦੀਆਂ ਨਾਮਵਰ ਸ਼ਖਸੀਅਤਾਂ ਦੇ ਨਾਂ ਸਾਮਿਲ ਹਨ। ਦਰਸਨ ਸਿੰਘ ਸਿੱਧੂ 25 ਮਾਰਚ ਦੇ ਕਰੀਬ ਵਾਪਿਸ ਕੈਲਗਰੀ ਆ ਜਾਣਗੇ। ਦੁੱਖ ਸਾਂਝਾ ਕਰਨ ਲਈ 403 520 0000 ਉੱਪਰ ਫੋਨ ਕੀਤਾ ਜਾ ਸਕਦਾ ਹੈ।












8 ਮਾਰਚ ਬਰਸੀ ਤੇ ਵਿਸ਼ੇਸ਼

# ਪੰਜਾਬੀ ਗਾਇਕੀ ਦਾ ਇੱਕ ਮੀਲ ਪੱਥਰ, ਅਮਰ ਸਿੰਘ ਚਮਕੀਲਾ



ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

ਕੋਈ ਚਮਕੀਲੇ ਨੂੰ ਚੰਗਾ ਕਹੇ ਜਾਂ ਮਾੜਾ, ਪਰ ਇਹ ਗੱਲ ਮੰਨਣੀ ਪਵੇਗੀ ਕਿ ਉਸ ਵਰਗਾ ਸਟੇਜ ਦਾ ਧਨੀ ਪੰਜਾਬ ਵਿੱਚ ਅੱਜ ਤੱਕ ਪੈਦਾ ਨਹੀਂ ਹੋਇਆ। 27 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਐਨੀ ਪ੍ਰਸਿੱਧੀ ਹਾਸਲ ਕਰਨਾ ਸਿਰਫ ਉਸੇ ਦੇ ਹਿੱਸੇ ਆਇਆ ਹੈ। ਉਸ ਨੂੰ ਦੋਗਾਣਿਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਉਸ ਦੇ ਕਈ ਕਾਰਨਾਮੇ ਪੰਜਾਬੀ ਗਾਇਕੀ ਦੇ ਮੀਲ ਪੱਥਰ ਬਣ ਗਏ ਹਨ। ਸਾਰੇਗਾਮਾ ਕੰਪਨੀ ਅਨੁਸਾਰ ਦੋ ਕਲਾਕਾਰਾਂ ਦੀਆਂ ਟੇਪਾਂ ਸਭ ਤੋਂ ਵੱਧ ਵਿਕੀਆਂ ਹਨ, ਮੁਹੰਮਦ ਰਫੀ ਅਤੇ ਅਮਰ ਸਿੰਘ ਚਮਕੀਲਾ। ਪੰਜਾਬੀ ਗਾਇਕੀ ਵਿੱਚ ਸਭ ਤੋਂ ਵੱਧ ਗਾਣੇ ਚਮਕੀਲੇ ਦੇ ਰੀਮਿਕਸ ਹੋਏ ਹਨ। ਕਈ ਗਾਣੇ ਤਾਂ 5-6 ਵਾਰ ਰੀਮਿਕਸ ਹੋਏ ਹਨ। ਗਾਣਿਆਂ ਵਿੱਚ ਸਭ ਤੋਂ ਵੱਧ ਪੰਜਾਬੀ ਮੁਹਾਵਰੇ ਉਸ ਨੇ ਵਰਤੇ ਹਨ। ਇੱਕ ਦਿਨ ਵਿੱਚ ਤਿੰਨ ਤਿੰਨ ਅਖਾੜੇ ਵੀ ਉਸ ਨੇ ਲਾਏ ਸਨ। 1986 ਵਿੱਚ ਉਸ ਨੇ 365 ਦਿਨਾਂ ਵਿੱਚ 366 ਅਖਾੜੇ ਲਗਾਏ ਸਨ। ਅੱਜ ਦੇ ਗਾਇਕ ਤਾਂ ਤੀਸਰੀ ਐਲਬਮ ਤੋਂ ਬਾਅਦ ਲੱਭਦੇ ਨਹੀਂ, ਪਰ ਉਸ ਨੇ ਲਗਾਤਾਰ ਸੈਂਕੜੇ ਹਿੱਟ ਗੀਤ ਸਰੋਤਿਆਂ ਦੀ ਝੋਲੀ ਪਾਏ।

ਚਮਕੀਲੇ ਦਾ ਜਨਮ 21 ਜੁਲਾਈ 1960 ਨੂੰ ਦੁਗਰੀ (ਲੁਧਿਆਣਾ) ਦੇ ਇੱਕ ਗਰੀਬ ਪਰਿਵਾਰ ਵਿੱਚ ਹੋਇਆ। ਉਸ ਦੇ ਬਾਪ ਦਾ ਨਾਮ ਹਰੀ ਸਿੰਘ ਅਤੇ ਮਾਤਾ ਦਾ ਨਾਮ ਕਰਤਾਰ ਕੌਰ ਸੀ। ਉਸ ਦੇ ਬਚਪਨ ਦਾ ਨਾਮ ਧਨੀ ਰਾਮ ਸੀ। ਦੋ ਭਰਾਵਾਂ ਅਤੇ ਦੋ ਭੈਣਾਂ ਦਾ ਭਰਾ ਚਮਕੀਲਾ ਸਭ ਤੋਂ ਛੋਟਾ ਸੀ। ਭਰਾਵਾਂ ਦੇ ਨਾਮ ਲਸ਼ਕਰ ਸਿੰਘ ਅਤੇ ਅਵਤਾਰ ਸਿੰਘ ਅਤੇ ਭੈਣਾਂ ਦੇ ਨਾਮ ਸਵਰਨ ਕੌਰ ਅਤੇ ਚਰਨ ਕੌਰ ਸੀ। ਉਸ ਨੇ ਦੁਗਰੀ ਦੇ ਪ੍ਰਾਇਮਰੀ ਸਕੂਲ ਤੋਂ 6 ਜ਼ਮਾਤਾਂ ਪਾਸ ਕੀਤੀਆਂ ਤੇ ਫਿਰ ਘਰ ਦੀ ਗਰੀਬੀ ਕਾਰਨ ਪੜ੍ਹਨੋ ਹਟ ਗਿਆ। ਕੁਝ ਦੇਰ ਮਿਹਨਤ ਮਜ਼ਦੂਰੀ ਕਰਨ ਤੋਂ ਬਾਅਦ ਉਹ ਲੁਧਿਆਣੇ ਦੀ ਇੱਕ ਫੈਕਟਰੀ ਵਿੱਚ ਮਜ਼ਦੂਰੀ ਕਰਨ ਲੱਗ ਪਿਆ। ਜਵਾਨੀ ਵਿੱਚ ਪੈਰ ਧਰਦੇ ਸਾਰ ਉਸ ਦਾ ਪਹਿਲਾ ਵਿਆਹ ਪਿੰਡ ਨੰਗਲ ਦੀ ਗੁਰਮੇਲ ਕੌਰ ਨਾਲ ਕਰ ਦਿੱਤਾ ਗਿਆ। ਇਸ ਵਿਆਹ ਤੋਂ ਉਸ ਦੀਆਂ ਦੋ ਬੇਟੀਆਂ, ਕਮਲਜੋਤ ਅਤੇ ਅਮਨਜੋਤ ਪੈਦਾ ਹੋਈਆਂ। ਕਮਲਜੋਤ ਹੁਣ ਕੈਨੇਡਾ ਹੈ ਅਤੇ ਅਮਨਜੋਤ ਦੁਗਰੀ ਵਿਆਹੀ ਹੋਈ ਹੈ। ਉਸ ਦਾ ਦੂਸਰਾ ਵਿਆਹ ਪ੍ਰਸਿੱਧ ਗਾਇਕਾ ਅਮਰਜੋਤ ਨਾਲ ਹੋਇਆ ਸੀ ਜਿਸ ਤੋਂ ਇੱਕ ਲੜਕਾ ਜੈਮਨਦੀਪ ਹੈ ਜੋ ਥੋੜ੍ਹਾ ਬਹੁਤਾ ਗਾਉਂਦਾ ਹੈ।

ਸੰਗੀਤ ਦਾ ਉਸ ਨੂੰ ਬਚਪਨ ਤੋਂ ਹੀ ਅਤਿ ਦਾ ਸ਼ੌਕ ਸੀ। ਉਸ ਨੇ ਬਿਨਾਂ ਕਿਸੇ ਉਸਤਾਦ ਦੇ ਹਰਮੋਨੀਅਮ ਅਤੇ ਢੋਲਕੀ ਵਿੱਚ ਮਾਸਟਰੀ ਹਾਸਲ ਕੀਤੀ। 1979 ਵਿੱਚ ਉਹ ਆਪਣੇ ਮਿੱਤਰ ਕੁਲਦੀਪ ਪਾਰਸ ਨੂੰ ਨਾਲ ਲੈ ਕੇ ਸਾਇਕਲ 'ਤੇ ਪ੍ਰਸਿੱਧ ਗਾਇਕ ਸੁਰਿਦਰ ਛਿੰਦੇ ਕੋਲ ਪਹੁੰਚ ਗਿਆ। ਜਦੋਂ ਛਿੰਦੇ ਨੇ ਉਸ 18 ਸਾਲਾ ਨੌਜਵਾਨ ਦਾ ਗਾਣਾ ਸੁਣਿਆ ਤਾਂ ਬਹੁਤ ਪ੍ਰਭਾਵਿਤ ਹੋਇਆ, ਉਸ ਨੇ ਚਮਕੀਲੇ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਉਸ ਨੇ ਛਿੰਦੇ ਲਈ ਕਈ ਗਾਣੇ ਲਿਖੇ ਤੇ ਉਸ ਦੇ ਗਰੱਪ ਵਿੱਚ ਹਰਮੋਨੀਅਮ ਵਜਾਉਣ ਲਈ ਭਰਤੀ ਹੋ ਗਿਆ। ਛਿੰਦੇ ਨੇ ਹੀ ਉਸ ਦਾ ਲਿਖਿਆ ਪਹਿਲਾ ਗਾਣਾ ਉਮੈਂ ਡਿੱਗੀ ਤਿਲਕ ਕੇ, ਛੜੇ ਜੇਠ ਨੇ ਚੁੱਕੀ" ਆਪਣੀ ਅਵਾਜ਼ ਵਿੱਚ ਰਿਕਾਰਡ ਕਰਵਾਇਆ। ਹੌਲੀ ਹੌਲੀ ਚਮਕੀਲਾ ਅਜ਼ਾਦਾਨਾ ਤੌਰ 'ਤੇ ਗਾਉਣ ਲੱਗ ਪਿਆ।

ਅਮਰ ਸਿੰਘ ਚਮਕੀਲੇ ਦੇ ਗੀਤ ਠੇਠ ਪੇਂਡੂ ਸੱਭਿਆਚਾਰ ਅਤੇ ਆਸ ਪਾਸ ਦੇ ਮਾਹੌਲ ਤੋਂ ਪ੍ਰਭਾਵਿਤ ਸਨ। ਉਸ ਨੇ ਜਿਆਦਾਤਰ ਚੜ੍ਹਦੀ ਜਵਾਨੀ ਦੇ ਇਸ਼ਕ, ਸ਼ਰਾਬ, ਨਸ਼ਿਆਂ, ਨਜਾਇਜ਼ ਸਬੰਧਾਂ ਅਤੇ ਪੰਜਾਬੀਆਂ ਦੀ ਗੁੱਸੇਖੋਰੀ-ਬਦਲੇਖੋਰੀ ਬਾਰੇ ਗਾਇਆ ਹੈ। ਉਸ ਦੀ ਗਾਇਕੀ ਬਾਰੇ ਅੰਤਹੀਣ ਬਹਿਸ ਚੱਲਦੀ ਰਹਿੰਦੀ ਹੈ। ਵਿਰੋਧੀ ਉਸ ਦੀ ਗਾਇਕੀ ਨੂੰ ਅਸ਼ਲੀਲ ਮੰਨਦੇ ਹਨ ਤੇ ਪ੍ਰਸੰਸਕ ਸੱਚਾਈ ਦੇ ਨਜ਼ਦੀਕ ਦੱਸਦੇ ਹਨ। ਉਸ ਦਾ ਦੋਗਾਣਿਆ ਦਾ ਪਹਿਲਾ ਰਿਕਾਰਡ 1979 ਵਿੱਚ ਗਾਇਕਾ ਸੁਰਿੰਦਰ ਸੋਨੀਆਂ ਨਾਲ ਮਾਰਕੀਟ ਵਿੱਚ ਆਇਆ। ਉਸ ਦੇ ਪਹਿਲੇ ਹੀ ਗਾਣੇ ਉਟਕੂਏ 'ਤੇ ਟਕੂਆ ਖੜਕੇ" ਨੇ ਪੰਜਾਬ ਵਿੱਚ ਤਰਥੱਲੀ ਮਚਾ ਦਿੱਤੀ। ਇਸ ਤੋਂ ਬਾਅਦ ਚਮਕੀਲੇ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਤੋਂ ਬਾਅਦ ਕੁਝ ਦੇਰ ਲਈ ਉਸ ਦੀ ਜੋੜੀ ਮਿਸ ਊਸ਼ਾ ਨਾਲ ਬਣੀ। ਪਰ ਜਿਸ ਗਾਇਕਾ ਨੇ ਚਮੀਕਲੇ ਨੂੰ ਅਮਰ ਕਰ ਦਿੱਤਾ, ਉਸ ਸੀ ਅਮਰਜੋਤ। ਉਹ ਦੋਵੇਂ ਮਰਦੇ ਦਮ ਤੱਕ ਇਕੱਠੇ ਰਹੇ। ਅਮਰਜੋਤ ਪਹਿਲਾਂ ਕੁਲਦੀਪ ਮਾਣਕ ਅਤੇ ਹੋਰ ਕਈ ਗਾਇਕਾਂ ਨਾਲ ਗਾ ਚੁੱਕੀ ਸੀ। ਦਿਨਾਂ ਵਿੱਚ ਹੀ ਚਮਕੀਲਾ ਆਪਣੀ ਮਰਦਾਨਾ ਖਰਜ਼ਦਾਰ ਅਤੇ ਅਮਰਜੋਤ ਟੱਲੀ ਵਾਂਗ ਟੁਣਕਦੀ ਹੋਈ ਅਵਾਜ਼ ਕਾਰਨ ਪੰਜਾਬ ਦੀ ਹੱਦਾਂ ਟੱਪ ਕੇ ਸਾਰੇ ਸੰਸਾਰ ਦੇ ਪੰਜਾਬੀਆਂ ਵਿੱਚ ਪ੍ਰਸਿੱਧ ਹੋ ਗਏ। ਕੁਲਦੀਪ ਮਾਣਕ, ਗੁਰਦਾਸ ਮਾਨ ਅਤੇ ਸੁਰਿੰਦਰ ਛਿੰਦੇ ਆਦਿ ਵਰਗੇ ਗਾਇਕ ਇੱਕ ਵਾਰ ਤਾਂ ਜਿਵੇਂ ਬੇਕਾਰ ਹੋ ਕੇ ਘਰ ਹੀ ਬੈਠ ਗਏ। ਜਿਸ ਸ਼ਹਿਰ ਵਿੱਚ ਚਮਕੀਲੇ ਦਾ ਅਖਾੜਾ ਲੱਗਣਾ ਹੁੰਦਾ ਸੀ, ਉਥੇ ਸਕੂਲ ਕਾਲਜ ਖਾਲੀ ਹੋ ਜਾਂਦੇ ਸਨ। ਸਾਰੀ ਮੁੰਡ੍ਹੀਰ ਚਮਕੀਲਾ ਸੁਣਨ ਭੱਜ ਜਾਂਦੀ ਸੀ। ਜਿਸ ਵਿਆਹ ਵਿੱਚ ਚਮਕੀਲਾ ਲੱਗਦਾ ਸੀ, ਉਸ ਵਿਆਹ ਦੀਆਂ ਗੱਲਾਂ ਇਲਾਕੇ ਵਿੱਚ ਹੁੰਦੀਆਂ ਸਨ। ਬਾਰਡਰ ਦੇ ਨਜ਼ਦੀਕੀ ਪਿੰਡਾਂ ਵਿੱਚ ਲੱਗਣ ਵਾਲੇ ਅਖਾੜਿਆਂ ਵਿੱਚ ਸੈਂਕੜੇ ਪਾਕਿਸਤਾਨੀ ਸਮੱਗਲਰ ਉਸ ਨੂੰ ਸੁਣਨ ਲਈ ਆਉਂਦੇ ਸਨ। ਉਹ ਐਨਾ ਪੈਸਾ ਵਰ੍ਹਾਉਂਦੇ ਕਿ ਚਮਕੀਲੇ ਨੂੰ ਸਟੇਜ ਤੋਂ ਐਲਾਨ ਕਰਨੇ ਪੈਂਦੇ ਸਨ ਕਿ ਸਿਰਫ ਡਾਲਰ ਜਾਂ ਭਾਰਤੀ ਕਰੰਸੀ ਦਿੱਤੀ ਜਾਵੇ, ਪਾਕਿਸਤਾਨੀ ਪੈਸਾ ਉਸ ਦੇ ਕੰਮ ਨਹੀਂ ਆਉਣਾ।

1980 ਖਤਮ ਹੁੰਦੇ ਹੁੰਦੇ ਚਮਕੀਲਾ ਅਮਰਜੋਤ ਦੀ ਗੁੱਡੀ ਧੁਰ ਅਸਮਾਨ ਚੜ੍ਹ ਗਈ। ਉਹਨਾਂ ਨੇ ਇੱਕ ਤੋਂ ਬਾਅਦ ਇੱਕ ਹਿੱਟ ਐਲ.ਪੀ. ਰਿਕਾਰਡ ਸਰੋਤਿਆਂ ਦੀ ਝੋਲੀ ਪਾਏ। ਸਾਰੇਗਾਮਾ ਅਤੇ ਐਚ.ਐਮ.ਵੀ. ਵਰਗੀਆਂ ਕੰਪਨੀਆਂ ਉਸ ਦੇ ਤਰਲੇ ਕੱਢਦੀਆਂ ਫਿਰਦੀਆਂ ਸਨ। ਉਹ ਇੱਕ ਦਿਨ ਵਿੱਚ ਕਈ ਕਈ ਅਖਾੜੇ ਲਗਾ ਰਿਹਾ ਸੀ। ਇੱਕ ਗਰੀਬ ਘਰ ਦਾ ਜੰਮਿਆਂ ਅਨਪੜ੍ਹ ਵਿਅਕਤੀ, ਜਿਸ ਨੇ ਕਦੇ ਦਿੱਲੀ ਜਾਣ ਬਾਰੇ ਨਹੀਂ ਸੋਚਿਆ ਹੋਣਾ, ਆਪਣੀ ਕਲਾ ਦੇ ਸਿਰ 'ਤੇ ਅਮਰੀਕਾ, ਕੈਨੇਡਾ, ਦੁਬਈ ਅਤੇ ਬਹਿਰੀਨ ਦੇ ਟੂਰ ਲਗਾ ਆਇਆ। ਉਹ ਇੱਕ ਪ੍ਰੋਗਰਾਮ ਦਾ 5000 ਤੋਂ 6000 ਰੁ. ਤੱਕ ਵਸੂਲ ਕਰਦਾ ਸੀ ਜੋ ਉਸ ਸਮੇਂ ਇੱਕ ਬਹੁਤ ਵੱਡੀ ਰਕਮ ਮੰਨੀ ਜਾਂਦੀ ਸੀ। ਲੋਕ ਆਪਣੇ ਬੱਚਿਆਂ ਦੇ ਵਿਆਹਾਂ ਦੇ ਮਹੂਰਤ ਪੰਡਤਾਂ ਕੋਲੋਂ ਕਢਵਾਉਣ ਦੀ ਬਜਾਏ, ਚਮਕੀਲੇ ਤੋਂ ਟਾਈਮ ਮਿਲਣ ਦੇ ਹਿਸਾਬ ਨਾਲ ਰੱਖਦੇ ਸਨ। ਅੱਜ ਕਲ੍ਹ ਦੇ ਸਾਜ਼ਾਂ ਦੇ ਜੋਰ ਨਾਲ ਗਾਉਣ ਵਾਲੇ ਗਾਇਕਾਂ ਦੇ ਉਲਟ ਉਹ ਹਿੱਕ ਦੇ ਜ਼ੋਰ ਨਾਲ ਗਾਉਂਦਾ ਸੀ। ਉਸ ਦੀ ਪਾਰਟੀ ਕੋਲ ਸਿਰਫ ਇੱਕ ਢੋਲਕੀ ਤੇ ਹਾਰਮੋਨੀਅਮ ਹੁੰਦਾ ਸੀ ਤੇ ਚਮਕੀਲਾ ਤੂੰਬੀ ਵਜਾਉਂਦਾ ਸੀ। ਤੂੰਬੀ ਯੁੱਗ ਵੀ ਉਸ ਦੇ ਨਾਲ ਹੀ ਖਤਮ ਹੋ ਗਿਆ ਹੈ। ਉਹ ਪੰਜਾਬ ਦੇ ਉਹਨਾਂ ਚੰਦ ਗਾਇਕਾਂ ਵਿੱਚ ਆਉਂਦਾ ਹੈ ਜੋ ਆਪਣੇ ਗੀਤ ਆਪ ਲਿਖਦੇ ਹਨ। ਦੂਸਰੇ ਗਾਇਕਾਂ ਤੋਂ ਉਲਟ ਉਹ ਰਿਕਾਰਡ ਕਰਾਉਣ ਤੋਂ ਪਹਿਲਾਂ ਗਾਣੇ ਅਖਾੜਿਆਂ ਵਿੱਚ ਬੋਲਦਾ ਸੀ। ਜੇ ਲੋਕ ਪਸੰਦ ਕਰਨ ਤਾਂ ਹੀ ਗੀਤ ਰਿਕਾਰਡ ਕਰਵਾਏ ਜਾਂਦੇ ਸਨ। ਉਸ ਨੇ ਜਿਆਦਾਤਰ ਕੰਮ ਸੰਗੀਤਕਾਰ ਚਰਨਜੀਤ ਅਹੂਜਾ ਨਾਲ ਕੀਤਾ ਪਰ ਕਈ ਗੀਤ ਐਸ.ਐਨ. ਗੁਲਾਟੀ (ਦਿਉਰਾ ਵੇ ਤਵੀਤਾਂ ਵਾਲਿਆ) ਅਤੇ ਕੇ.ਐਸ. ਨਰੂਲਾ (ਮੇਰਾ ਜੀਅ ਕਰਦਾ) ਨਾਲ ਵੀ ਕੀਤੇ। ਉਹਨਾਂ ਦਿਨਾਂ ਵਿੱਚ ਹੀ ਪੰਜਾਬ ਵਿੱਚ ਮਾਰ ਧਾੜ ਸ਼ੁਰੂ ਹੋ ਗਈ। ਕੁਝ ਗਰੁਪਾਂ ਵੱਲੋਂ ਚਮਕੀਲੇ ਨੂੰ ਮਾਰ ਦੇਣ ਦੀਆਂ ਸ਼ਰੇਆਮ ਧਮਕੀਆਂ ਮਿਲਣ ਲੱਗ ਪਈਆਂ। ਇਸ 'ਤੇ ਕਾਫੀ ਦੇਰ ਚਮਕੀਲੇ ਦੇ ਅਖਾੜੇ ਬੰਦ ਰਹੇ। 1985 ਵਿੱਚ ਉਸ ਨੇ ਧਾਰਮਿਕ ਗਾਣਿਆਂ ਦੇ ਤਿੰਨ ਐਲ.ਪੀ. ਰਿਕਾਰਡ, ਬਾਬਾ ਤੇਰਾ ਨਨਕਾਣਾ, ਤਲਵਾਰ ਮੈਂ ਕਲਗੀਧਰ ਦੀ ਹਾਂ ਅਤੇ ਨਾਮ ਜਪ ਲੈ, ਸਰੋਤਿਆਂ ਦੀ ਝੋਲੀ ਪਾਏ। ਹਮੇਸ਼ਾਂ ਵਾਂਗ ਇਹਨਾਂ ਦੇ ਕੈਸਟਾਂ-ਤਵਿਆਂ ਦੀ ਵੀ ਰਿਕਾਰਡ ਤੋੜ ਵਿਕਰੀ ਹੋਈ। ਉਹ ਪਹਿਲਾ ਰੋਮਾਂਟਿਕ ਗਾਇਕ ਸੀ ਜਿਸ ਦੇ ਗਾਣੇ ਸਵੇਰੇ ਸ਼ਾਮ ਧਾਰਮਿਕ ਸਥਾਨਾਂ ਵਿੱਚ ਵਜਾਏ ਜਾਂਦੇ ਸਨ। ਉਸ ਦੇ ਗੀਤ, ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ, ਤਲਵਾਰ ਮੈਂ ਕਲਗੀਧਰ ਦੀ ਹਾਂ ਅਤੇ ਕੰਧੇ ਸਰਹੰਦ ਦੀਏ ਨੀ ਹਤਿਆਰੀਏ, ਬੱਚੇ ਬੱਚੇ ਦੀ ਜ਼ਬਾਨ 'ਤੇ ਚੜ੍ਹ ਗਏ। ਕੁਝ ਦੇਰ ਬਾਅਦ ਧਮਕੀਆਂ ਦੀ ਪ੍ਰਵਾਹ ਕੀਤੇ ਬਗੈਰ ਚਮਕੀਲੇ ਨੇ ਦੁਬਾਰਾ ਅਖਾੜੇ ਲਗਾਉਣੇ ਸ਼ੁਰੂ ਕਰ ਦਿੱਤੇ। ਪੰਜਾਬ ਦੇ ਹਾਲਾਤ ਵੇਖ ਕੇ ਉਸ ਦੇ ਕਈ ਸ਼ੁਭਚਿੰਤਕਾਂ ਨੇ ਉਸ ਨੂੰ ਵਰਜਿਆ ਵੀ, ਪਰ ਐਨੇ ਮਹਾਨ ਕਲਾਕਾਰ ਲਈ ਵਿਹਲੇ ਬੈਠਣਾ ਬਹੁਤ ਮੁਸ਼ਕਲ ਹੁੰਦਾ ਹੈ। ਅਖੀਰ ਰੱਬ ਵੱਲੋਂ ਉਸ ਦਾ ਨਿਸ਼ਚਿਤ ਕੀਤਾ ਹੋਇਆ ਸਮਾਂ ਆ ਗਿਆ। ਹੋਣੀ ਉਸ ਨੂੰ ਘੇਰ ਕੇ ਜਿਲ੍ਹਾ ਜਲੰਧਰ ਦੇ ਥਾਣੇ ਨੂਰਮਹਿਲ ਦੇ ਪਿੰਡ ਮਹਿਸਮਪੁਰ ਲੈ ਆਈ। ਉਥੇ ਉਸ ਦਾ ਅਖਾੜਾ ਲੱਗਿਆ ਹੋਇਆ ਸੀ ਕਿ 8 ਮਾਰਚ 1988 ਨੂੰ 2 ਵਜੇ ਦੁਪਹਿਰ, ਕੁਝ ਮੋਟਰ ਸਾਇਕਲ ਸਵਾਰ ਕਥਿੱਤ ਖਾੜਕੂਆਂ ਨੇ ਉਸ ਨੂੰ ਅਮਰਜੋਤ ਸਮੇਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਕਤਲ ਦਾ ਸ਼ੱਕ ਗੁਰਦੀਪ ਸਿੰਘ ਹੇਰਾਂ ਗੈਂਗ 'ਤੇ ਕੀਤਾ ਜਾਂਦਾ ਹੈ। ਉਸ ਦੇ ਕਤਲ ਬਾਰੇ ਕਈ ਅਫਵਾਹਾਂ ਚੱਲਦੀਆਂ ਰਹਿੰਦੀਆਂ ਹਨ। ਕੋਈ ਕਹਿੰਦਾ ਹੈ ਕਿ ਉਸ ਨੂੰ ਖਾੜਕੂਆਂ ਨੇ ਮਾਰਿਆ ਤੇ ਕੋਈ ਕਹਿੰਦਾ ਹੈ ਕਿ ਉਸ ਕਾਰਨ ਬੇਕਾਰ ਬੈਠੇ ਕਲਾਕਾਰਾਂ ਨੇ ਹੀ ਮਰਵਾ ਦਿੱਤਾ।

ਉਸ ਦੇ ਕਈ ਗਾਣੇ ਪੰਜਾਬੀ ਫਿਲਮਾਂ ਲਈ ਫਿਲਮਾਏ ਗਏ। ਉਸ ਨੇ ਦੂਰਦਰਸ਼ਨ ਲਈ ਵੀ ਇੱਕ ਮਿਊਜ਼ਿਕ ਵੀਡੀਓ ਤਿਆਰ ਕੀਤੀ ਸੀ। 1988 ਵਿੱਚ ਅਮਰਜੋਤ ਚਮਕੀਲੇ ਨੇ ਰਿਕਾਰਡ ਤੋੜ 90 ਗਾਣੇ ਰਿਕਾਰਡ ਕਰਵਾਏ ਸਨ। ਉਸ ਦੀ ਮੌਤ ਵੇਲੇ ਉਸ ਦੇ 200 ਗਾਣੇ ਬਗੈਰ ਗਾਏ ਜਾਂ ਰਿਕਾਰਡ ਕੀਤੇ ਰਹਿ ਗਏ। ਉਸ ਦੇ ਮਰਨ ਤੋਂ ਬਾਅਦ ਉਸ ਦੇ ਕਈ ਗਾਣੇ ਚਮਕ ਚਮਕੀਲਾ, ਨਿਰਮਲ ਸਿੱਧੂ, ਅਮਰ ਅਰਸ਼ੀ, ਗਿੱਪੀ ਗਰੇਵਾਲ (ਮੇਰੇ ਯਾਰ ਨੇ ਗਲੀ ਦੇ ਵਿੱਚੋਂ ਲੰਘਣਾ) ਅਤੇ ਜੈਜੀ ਬੈਂਸ (ਛੱਡ ਦੇ ਵੈਰਨੇ ਯਾਰੀ) ਸਮੇਤ ਕਈ ਕਲਾਕਾਰਾਂ ਨੇ ਗਾਏ ਹਨ। ਅਨੇਕਾਂ ਗਾਇਕ ਅਤੇ ਸੰਗੀਤਕਾਰ ਉਸ ਦੇ ਗਾਣਿਆ ਦੇ ਬੋਲ ਅਤੇ ਧੁੰਨਾਂ ਚੋਰੀ ਕਰ ਕੇ ਅਤੇ ਰੀਮਿਕਸ ਕਰ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ। ਚਮਕੀਲਾ ਭਾਵੇਂ ਅੱਜ ਸਾਡੇ ਵਿੱਚ ਨਹੀਂ ਹੈ, ਪਰ ਉਹ ਮਰ ਕੇ ਵੀ ਆਪਣੇ ਨਾਮ ਨੂੰ ਸਾਰਥਕ ਕਰ ਗਿਆ ਹੈ। ਉਹ ਅੱਜ ਵੀ ਅਮਰ ਹੈ ਤੇ ਧਰੂ ਤਾਰੇ ਵਾਂਗ ਚਮਕੀਲਾ ਹੈ।

ਅੱਜ ਵੀ ਨਵੇਂ ਪੁਰਾਣੇ ਗਾਇਕਾਂ ਵਿੱਚ ਉਸ ਦੀਆਂ ਸੀਡੀਆਂ ਸਭ ਤੋਂ ਵੱਧ ਵਿਕ ਰਹੀਆਂ ਹਨ ਤੇ ਉਸ ਦਾ ਸੰਗੀਤ ਸਭ ਤੋਂ ਵੱਧ ਡਾਊਨਲੋਡ ਹੋ ਰਿਹਾ ਹੈ।







**ਸੰਗੀਤ ਦਾ ਉਸ ਨੂੰ ਬਚਪਨ ਤੋਂ ਹੀ ਅਤਿ ਦਾ ਸ਼ੌਕ ਸੀ। ਉਸ ਨੇ ਬਿਨਾਂ ਕਿਸੇ ਉਸਤਾਦ ਦੇ ਹਰਮੋਨੀਅਮ ਅਤੇ ਢੋਲਕੀ ਵਿੱਚ ਮਾਸਟਰੀ ਹਾਸਲ ਕੀਤੀ। 1979 ਵਿੱਚ ਉਹ ਆਪਣੇ ਮਿੱਤਰ ਕੁਲਦੀਪ ਪਾਰਸ ਨੂੰ ਨਾਲ ਲੈ ਕੇ ਸਾਇਕਲ 'ਤੇ ਪ੍ਰਸਿੱਧ ਗਾਇਕ ਸੁਰਿਦਰ ਛਿੰਦੇ ਕੋਲ ਪਹੁੰਚ ਗਿਆ। ਜਦੋਂ ਛਿੰਦੇ ਨੇ ਉਸ 18 ਸਾਲਾ ਨੌਜਵਾਨ ਦਾ ਗਾਣਾ ਸੁਣਿਆ ਤਾਂ ਬਹੁਤ ਪ੍ਰਭਾਵਿਤ ਹੋਇਆ, ਉਸ ਨੇ ਚਮਕੀਲੇ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਉਸ ਨੇ ਛਿੰਦੇ ਲਈ ਕਈ ਗਾਣੇ ਲਿਖੇ ਤੇ ਉਸ ਦੇ ਗਰੱਪ ਵਿੱਚ ਹਰਮੋਨੀਅਮ ਵਜਾਉਣ ਲਈ ਭਰਤੀ ਹੋ ਗਿਆ। ਛਿੰਦੇ ਨੇ ਹੀ ਉਸ ਦਾ ਲਿਖਿਆ ਪਹਿਲਾ ਗਾਣਾ ਉਮੈਂ ਡਿੱਗੀ ਤਿਲਕ ਕੇ, ਛੜੇ ਜੇਠ ਨੇ ਚੁੱਕੀ" ਆਪਣੀ ਅਵਾਜ਼ ਵਿੱਚ ਰਿਕਾਰਡ ਕਰਵਾਇਆ। ਹੌਲੀ ਹੌਲੀ ਚਮਕੀਲਾ ਅਜ਼ਾਦਾਨਾ ਤੌਰ 'ਤੇ ਗਾਉਣ ਲੱਗ ਪਿਆ।**

## ਗੋਦ ਲਏ ਬੱਚੇ ਦੀ ਮੌਤ ਸਬੰਧੀ ਮਤਰੇਏ ਮਾਪੇ ਪੁਲਿਸ ਨੇ ਗ੍ਰਿਫਿਤਾਰ ਕੀਤੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) -ਨਟਾਰੀ- ਦੇ ਬਰਲਿੰਗਟਨ ਵਿੱਚ ਇੱਕ 12 ਸਾਲਾਂ ਲੜਕੇ ਨੂੰ ਗੋਦ ਲੈਣ ਵਾਲੇ ਮਾਪਿਆਂ ਨੂੰ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ 12 ਸਾਲਾਂ ਲੜਕਾ ਸਾਲ 2022 ਵਿੱਚ ਕ੍ਰਿਸਮਸ ਤੋਂ ਪਹਿਲਾਂ ਬਰਲਿੰਗਟਨ ਸਥਿੱਤ ਘਰ ਵਿੱਚ ਮ੍ਰਿਤਕ ਪਾਇਆ ਗਿਆ ਸੀ। 21 ਦਸੰਬਰ 2022 ਦੀ ਇਸ ਘਟਨਾ ਸਬੰਧੀ ਉਸ ਵਕਤ ਰਾਤ ਸਾਢੇ 7 ਵਜੇ ਦੇ ਕਰੀਬ ਪੁਲਿਸ ਨੂੰ ਇਸ ਲੜਕੇ ਦੇ ਮਾਰੇ ਜਾਣ ਦੀ ਸੂਚਨਾ ਮਿਲੀ ਸੀ। ਲੰਬੀ ਜਾਂਚ ਉਪਰੰਤ 44 ਸਾਲਾ ਬੈਕੀ ਹੈਂਬਰ ਅਤੇ 42 ਸਾਲਾ ਬਰਾਂਡੀ ਕੂਨੀ ਨੂੰ ਫਸਟ ਡਿਗਰੀ ਮਰਡਰ ਦੇ ਦੋਸ਼ਾਂ ਅਧੀਨ ਚਾਰਜ ਕੀਤਾ ਗਿਆ ਹੈ। ਇਸੇ ਦੌਰਾਨ ਹਾਲਟਨ ਚਿਲਡਰਨ ਏਡ ਸੁਸਾਇਟੀ ਦੇ ਡਾਇਰੈਕਟਰ ਜੈਨਿਸ ਰੋਬਿਨਸਨ ਨੇ ਜਾਣਕਾਰੀ ਦਿੱਤੀ ਹੈ ਕਿ ਮਾਰਿਆ ਗਿਆ ਲੜਕਾ ਮੂਲ ਵਾਸੀ ਭਾਈਚਾਰੇ ਨਾਲ ਸੰਬੰਧਿਤ ਸੀ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਸਾਲ ਜਨਵਰੀ ਵਿੱਚ ਪਹਿਲਾਂ ਮਾਰੇ ਗਏ ਲੜਕੇ ਨੂੰ ਗੋਦ ਲੈਣ ਵਾਲੇ ਮਾਪਿਆਂ ਖ਼ਿਲਾਫ਼ ਲੜਕੇ ਉੱਪਰ ਹਮਲਾ ਕਰਨ , ਕੁੱਟਮਾਰ ਕਰਨ ਅਤੇ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਾ ਕਰਨ ਦੇ ਮਾਮਲੇ ਦਰਜ ਕੀਤੇ ਗਏ ਸਨ

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com




# ਮਸਾਲਾ ਭੁੰਨਣ ਵਾਲੀ ਰਸੋਈ ਵਾਲਾ ਆਧੁਨਿਕ ਸਿੰਗਲ-ਫੈਮਿਲੀ ਹੋਮ ਅਤੇ ਕਾਨੂੰਨੀ ਬੇਸਮੈਂਟ ਵੀ ਬਣਾ ਸਕਦੇ ਹੋ

Starting from Mid $600's Excl. GST.

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰਾਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਗੇਜ ਸਹਾਇਕ ਜਾਂ ਪੂਰਕ ਵੱਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ. ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫ਼ਤਰ, ਬੋਨਸ ਰੂਮ, ਮਸਾਲੇ ਦੀ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ।

ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਕਾਨੂੰਨੀ ਆਮਦਨ ਸੂਇਟ ਸ਼ਾਮਿਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Den


Great room


Kitchen


Walk-in spice kitchen

**ਸ਼ੋਅ ਹੋਮ ਹੁਣ ਖੁੱਲ੍ਹੇ ਹਨ**

1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES



ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8




2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ਰੇਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com